## ਅਧਿਆਇ 15

# ਜੀ ਉੱਠਣ ਦਾ ਅਰਥ

ਆਧੁਨਿਕ ਧਾਰਮਿਕ ਸੰਦੇਹਵਾਦ ਪੁੱਛਦਾ ਹੈ, "ਕੀ ਮਨੁੱਖ ਮੌਤ ਤੋਂ ਬਾਹਰ ਆਪਣੇ ਅੰਤਹਕਰਣ ਦੇ ਨਾਲ ਆ ਸਕਦੇ ਹਨ?" ਇਹ ਪ੍ਰਸ਼ਨ ਨਾ ਤਾਂ ਪੌਲੁਸ ਨੇ ਚੁੱਕਿਆ ਸੀ ਅਤੇ ਨਾ ਹੀ ਕੁਰਿੰਥੁਸ ਦੇ ਮਸੀਹੀਆਂ ਨੇ ਚੁੱਕਿਆ ਸੀ। ਯਹੂਦੀਆਂ ਅਤੇ ਯੂਨਾਨੀਆਂ ਦੇ ਪ੍ਰਚਲਿਤ ਧਰਮ ਵਿੱਚ ਇਹ ਮਾਨਤਾ ਸੀ ਕਿ ਮਨੁੱਖ ਦਾ ਅੰਤਹਕਰਣ ਉਸ ਦੀ ਸਰੀਰਕ ਮੌਤ ਤੋਂ ਬਾਅਦ ਵੀ ਕਿਰਿਆਸ਼ੀਲ ਰਹਿੰਦਾ ਹੈ। ਪੌਲੁਸ ਇਸ ਤੋਂ ਵੀ ਵਧੇਰੇ ਮਹੱਤਵਪੂਰਣ ਗੱਲ ਉੱਤੇ ਕੇਂਦਰਿਤ ਹੋ ਰਿਹਾ ਸੀ। ਉਸ ਨੇ ਆਖਿਆ ਕਿ ਮਸੀਹ ਵਿੱਚ ਛੁਡਾਏ ਗਏ ਲੋਕਾਂ ਦੀ ਮੌਤ ਤੋਂ ਬਾਅਦ ਪਰਮੇਸ਼ੁਰ ਦਾ ਸੁਰਗੀ ਰਾਜ ਆਉਣ 'ਤੇ ਇਹ ਲੋਕ ਆਪਣੇ ਸਰੀਰਾਂ ਵਿੱਚ ਜੀ ਉੱਠ ਕੇ ਪ੍ਰਭੂ ਦੇ ਨਾਲ ਜੀਉਂਦੇ ਰਹਿਣਗੇ। ਮੁੱਖ ਵਿਚਾਰ ਸਰੀਰ ਵਿੱਚ ਜੀਉਂਦਾ ਹੋਣਾ ਹੈ। "ਜੀ ਉੱਠਣਾ" ਸ਼ਬਦ ਹੀ ਇਹ ਸੰਕੇਤ ਦਿੰਦੇ ਹਨ ਕਿ ਕਬਰ ਵਿੱਚ ਰੱਖਿਆ ਗਿਆ ਸਰੀਰ ਬਾਹਰ ਆ ਜਾਵੇਗਾ, ਉਵੇਂ ਹੀ ਜਿਵੇਂ ਯਿਸੂ ਕਬਰ ਵਿੱਚੋਂ ਬਾਹਰ ਆਇਆ ਸੀ।

ਪੌਲੁਸ ਨੇ ਯੂਨਾਨੀ ਧਰਮ ਤੋਂ ਵੱਖਰਾ ਦ੍ਰਿਸ਼ਟੀਕੋਣ ਪੇਸ਼ ਕੀਤਾ ਜਦ ਉਸ ਨੇ ਜ਼ੋਰ ਦਿੱਤਾ ਕਿ ਪ੍ਰਭੂ ਦੀ ਵਾਪਸੀ ਵੇਲੇ ਅਤੇ ਮਸੀਹੀ ਯੁੱਗ ਦੇ ਅੰਤ ਵੇਲੇ ਮ੍ਰਿਤਕ ਸਰੀਰਕ ਤੌਰ 'ਤੇ ਜੀ ਉੱਠਣਗੇ। ਨਾਲ ਹੀ ਉਸ ਨੇ ਇਹ ਵੀ ਆਖਿਆ ਕਿ ਇਹ ਸਰੀਰ ਮਾਸ ਅਤੇ ਲਹੂ ਦੇ ਸਰੀਰ ਨਾਲੋਂ ਵੱਖਰਾ ਹੋਵੇਗਾ (15:42, 43)। ਰਸੂਲ ਨੇ ਇਹ ਦਾਅਵਾ ਨਹੀਂ ਕੀਤਾ ਕਿ ਉਹ ਜੀ ਉੱਠਣ ਨਾਲ ਸੰਬੰਧਤ ਸਾਰੇ ਪ੍ਰਸ਼ਨਾਂ ਦੇ ਉੱਤਰ ਦੇ ਸਕਦਾ ਸੀ; ਪਰ ਉਸ ਨੇ ਇਹ ਜ਼ੋਰ ਜ਼ਰੂਰ ਦਿੱਤਾ ਕਿ ਭੂਤੀਆ, ਅਭੌਤਿਕ "ਸਰੀਰ" ਦੀ ਗੱਲ ਕਰਨਾ ਪ੍ਰਭੂ ਦੇ ਵਿਪਰੀਤ ਹੋਵੇਗਾ।

ਹਾਲਾਂਕਿ ਯੂਨਾਨੀ ਧਰਮ ਇਸ ਦ੍ਰਿਸ਼ਟੀਕੋਣ ਦੇ ਖਿਲਾਫ਼ ਨਹੀਂ ਸੀ ਕਿ ਮਨੁੱਖ ਮੌਤ ਤੋਂ ਬਚ ਸਕਦੇ ਹਨ, ਪਰ ਫਿਰ ਵੀ ਪਾਰੰਪਰਿਕ ਯੂਨਾਨੀ ਦ੍ਰਿਸ਼ਟੀਕੋਣ ਪੌਲੁਸ ਦੇ ਸਮੇਂ ਦੇ ਯਹੂਦੀ ਲੋਕਾਂ ਦੇ ਦ੍ਰਿਸ਼ਟੀਕੋਣ ਤੋਂ ਬਿਲਕੁਲ ਵੱਖਰਾ ਸੀ। *ਦਿ ਓਡਿਸੀ* ਵਿਚਲਾ ਨਾਇਕ ਮ੍ਰਿਤਕਾਂ ਨੂੰ ਮਿਲਦਾ ਹੈ, ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ "ਇੱਕ ਲੰਮੀ ਨਿਰਾਸ਼ਾ ਭਰੀ ਰਾਤ ਵਿੱਚ ਜੀ ਰਹੇ ਹਨ।"[1] ਓਡਿਸਿਏਸ ਦਾ ਸਾਹਮਣਾ ਅਜਿਹੇ ਦੁਖ ਭਰੇ ਦ੍ਰਿਸ਼ ਨਾਲ ਹੁੰਦਾ ਹੈ ਜਿੱਥੇ ਭੂਤ ਅਤੇ ਪਰਛਾਵੇਂ ਮਨੁੱਖਾਂ ਦੀਆਂ ਬਲੀਆਂ ਦੀ ਉਡੀਕ ਕਰ ਰਹੇ ਹਨ। ਧੁੱਪ ਅਤੇ ਮੀਂਹ ਦੇ ਸੰਸਾਰ ਵਿੱਚ ਕਿਸੇ ਵੀ ਤਰ੍ਹਾਂ ਦਾ ਜੀਵਨ ਨਰਕ (ᾅδης, *ਹੇਡੀਜ਼*), ਮ੍ਰਿਤਕਾਂ ਦੇ ਥਾਂ, ਦੇ ਹਨੇਰੇ ਜੀਵਨ ਨਾਲੋਂ ਬਿਹਤਰ ਸੀ। ਹਾਲਾਂਕਿ ਪੁਰਾਣੇ ਨੇਮ ਵਿੱਚ ਇਬਰਾਨੀ ਸ਼ਬਦ שְׁאוֹל (*ਸ਼ਿਓਲ*) ਦੇ ਅਰਥ ਵਿੱਚ ਅਨੇਕ ਬਰੀਕ ਅੰਤਰ ਸਨ, ਤਾਂ ਵੀ ਹਿਜ਼ਕੀਏਲ ਨੇ ਮ੍ਰਿਤਕਾਂ ਦੇ ਅਸਥਾਨ ਬਾਰੇ ਉਸ ਤੋਂ ਹੱਟ ਕੇ ਗੱਲ ਨਹੀਂ ਕੀਤੀ ਜਿਹੜੀ ਯੂਨਾਨੀ ਵਿਚਾਰਧਾਰਾ ਦੇ ਅਨੁਸਾਰ *ਹੇਡੀਜ਼* ਬਾਰੇ ਹੁੰਦੀ ਹੈ। ਇਸ ਨੂੰ ਹਨੇਰੇ ਦਾ ਥਾਂ ਮੰਨਿਆ ਜਾਂਦਾ ਸੀ ਜਿਸ ਵਿੱਚ ਮੂਰਤੀਪੂਜਕ ਰਾਜੇ ਆਪਣੀਆਂ ਫੌਜਾਂ ਦੇ ਨਾਲ ਜਾਂਦੇ ਸਨ ਜਦ ਧਰਮੀ ਰਾਜੇ

ਉਨ੍ਹਾਂ ਨੂੰ ਹਲਾਕ ਕਰਦੇ ਸਨ (ਹਿਜ਼ਕੀਏਲ 32:18-21)। ਪੌਲੁਸ ਨੇ ਆਖਿਆ ਕਿ ਜੀ ਉੱਠਣ ਤੋਂ ਬਾਅਦ ਦਾ ਜੀਵਨ ਤੰਦਰੁਸਤ ਹੋਵੇਗਾ ਅਤੇ ਉਸ ਵਿੱਚ ਇਸ ਯੁੱਗ ਦੀ ਅਨਿਸ਼ਚਿਤਤਾ ਅਤੇ ਕਸ਼ਟ ਨਹੀਂ ਹੋਣਗੇ।

ਸਦੀਆਂ ਤੋਂ ਹੀ ਯੂਨਾਨੀ ਲੋਕ ਆਪਣੇ ਦੇਵੀ-ਦੇਵਤਿਆਂ ਦੇ ਸਮੂਹ ਵਿੱਚ ਪਰਦੇਸਾਂ ਤੋਂ ਲਿਆਏ ਗਏ ਨਵੇਂ ਦੇਵਤੇ ਜੋੜਦੇ ਆਏ ਸਨ। ਉਨ੍ਹਾਂ ਨੂੰ ਯਹੂਦੀਆਂ ਦੇ ਪਰਮੇਸ਼ੁਰ ਨਾਲ ਇਸੇ ਤਰ੍ਹਾਂ ਦਾ ਵਿਹਾਰ ਕਰਨਾ ਅਸੰਭਵ ਲੱਗ ਰਿਹਾ ਸੀ। ਯਿਸੂ ਦਾ ਪਿਤਾ ਯੂਨਾਨੀ ਦੇਵਤਿਆਂ ਵਰਗਾ ਨਹੀਂ ਸੀ ਕਿਉਂਕਿ ਉਸ ਨੇ ਇੱਕਮਾਤਰ ਪਰਮੇਸ਼ੁਰ ਹੋਣ ਦਾ ਦਾਅਵਾ ਕੀਤਾ ਸੀ। ਅਨੇਕ ਯੂਨਾਨੀਆਂ ਲਈ ਇਹ ਗੱਲ ਅਪਮਾਨਜਨਕ ਸੀ। ਉਹ ਯਹੂਦੀਆਂ ਵੱਲੋਂ ਉਨ੍ਹਾਂ ਦੇ ਪਰਮੇਸ਼ੁਰ ਬਾਰੇ ਕੀਤੇ ਜਾਣ ਵਾਲੇ ਦਾਅਵਿਆਂ ਦੇ ਕਾਰਨ ਉਨ੍ਹਾਂ ਨੂੰ ਹੰਕਾਰੀ ਮੰਨਦੇ ਸਨ।

ਯੂਨਾਨੀ ਸਭਿਆਚਾਰ ਦੇ ਪਿਛੋਕੜ ਤੋਂ ਆਏ ਕੁਰਿੰਥੁਸ ਦੇ ਕੁਝ ਮਸੀਹੀ ਆਪਣੇ ਪੁਰਾਣੇ ਦੇਵਤਿਆਂ ਨੂੰ ਹੌਲੀ-ਹੌਲੀ ਤਿਆਗ ਰਹੇ ਸਨ। ਉਹ ਆਪਣੇ ਪੁਰਾਣੇ ਸਮਾਜਕ ਜੀਵਨ ਨਾਲ ਸੰਬੰਧ ਤੋੜਨ ਤੋਂ ਹਿਚਕਿਚਾ ਰਹੇ ਸਨ, ਜਿਸ ਵਿੱਚ ਮੰਦਿਰਾਂ ਵਿੱਚ ਬਲੀਆਂ ਚੜ੍ਹਾਉਣੀਆਂ ਅਤੇ ਭੋਜਨ ਖਾਣੇ ਮਹੱਤਵਪੂਰਣ ਸਨ (8:9, 10; 10:14)। ਜਦ ਯੂਨਾਨੀ ਦੇਵਤਿਆਂ ਦੇ ਭਗਤਾਂ ਨੇ ਮਸੀਹ ਨੂੰ ਆਪਣਾ ਪ੍ਰਭੂ ਧਾਰਿਆ, ਤਾਂ ਉਨ੍ਹਾਂ ਨੇ ਸਿਆਣ ਲਿਆ ਕਿ ਇੱਕਈਸ਼ਵਰਵਾਦ ਨਵੇਂ ਸਮਰਪਣ ਦੀ ਮੰਗ ਕਰਦਾ ਹੈ; ਪਰ ਯੂਨਾਨੀ ਫਿਲਾਸਫੀ ਵਾਲੀ ਸੋਚ ਨੂੰ ਤਿਆਗਣਾ ਉਨ੍ਹਾਂ ਦੇ ਲਈ ਔਖਾ ਹੋ ਰਿਹਾ ਸੀ। ਆਖਿਰਕਾਰ ਇਹ ਸੰਸਾਰ ਅਤੇ ਮਨੁੱਖੀ ਜੀਵਨ ਬਾਰੇ ਅਜਿਹੀ ਧਾਰਣਾ ਵਿੱਚ ਬੈਠ ਗਿਆ ਜਿਸ ਤੋਂ ਬਚਣਾ ਉਨ੍ਹਾਂ ਦੇ ਲਈ ਔਖਾ ਹੋ ਗਿਆ। ਮੌਤ ਤੋਂ ਬਾਅਦ ਦੇ ਜੀਵਨ ਬਾਰੇ ਉਨ੍ਹਾਂ ਦਾ ਵਿਚਾਰ ਉਸ ਧਾਰਣਾ ਦੇ ਪ੍ਰਤੀ ਮਹੱਤਵਪੂਰਣ ਸੀ। ਮੌਤ ਤੋਂ ਬਾਅਦ ਦੇ ਜੀਵਨ ਦੀ ਯੂਨਾਨੀ ਅਤੇ ਮਸੀਹੀ ਵਿਚਾਰਧਾਰਾ ਵਿਚਕਾਰ ਟਾਕਰੇ ਹੋਣੇ ਲਾਜ਼ਮੀ ਹੋ ਗਏ।

7:1 ਤੋਂ ਅਰੰਭ ਕਰਕੇ ਪੌਲੁਸ ਨੇ ਉਨ੍ਹਾਂ ਪ੍ਰਸ਼ਨਾਂ ਦੇ ਉੱਤਰ ਦਿੱਤੇ ਸਨ ਜਿਹੜੇ ਕੁਰਿੰਥੁਸ ਦੀ ਕਲੀਸਿਆ ਨੇ ਇੱਕ ਪੱਤਰ ਵਿੱਚ ਲਿਖ ਕੇ ਆਪਣੇ ਤਿੰਨ ਮੈਂਬਰਾਂ ਦੇ ਹੱਥ ਘੱਲੇ ਸਨ (16:17)। ਇਨ੍ਹਾਂ ਪ੍ਰਸ਼ਨਾਂ ਨੂੰ ਉਸ ਨੇ "ਹੁਣ . . . ਦੇ ਵਿਖੇ" ਸ਼ਬਦਾਂ ਦੁਆਰਾ ਇੱਕ-ਇੱਕ ਕਰਕੇ ਸੰਬੋਧਿਤ ਕੀਤਾ ਸੀ (7:1; 8:1; 12:1)। ਅਜਿਹਾ ਜਾਪਦਾ ਹੈ ਕਿ ਹੁਣ ਰਸੂਲ ਉਸ ਆਖਰੀ ਪ੍ਰਸ਼ਨ ਉੱਤੇ ਆ ਚੁੱਕਾ ਸੀ ਜਿਹੜਾ ਕੁਰਿੰਥੁਸ ਦੇ ਮਸੀਹੀਆਂ ਨੇ ਪੁੱਛਿਆ ਸੀ; ਇਹ ਪ੍ਰਸ਼ਨ ਮ੍ਰਿਤਕਾਂ ਦੇ ਜੀ ਉੱਠਣ ਬਾਰੇ ਸੀ। ਪੌਲੁਸ ਦੁਆਰਾ ਇਸ ਪ੍ਰਸ਼ਨ ਨੂੰ ਦਿੱਤੇ ਗਏ ਮਹੱਤਵ ਤੋਂ ਜਾਪਦਾ ਹੈ ਕਿ ਉਹ ਇਸ ਦਾ ਉੱਤਰ ਦੇਣ ਲਈ ਐਨਾ ਕਾਹਲਾ ਸੀ ਕਿ ਉਸ ਨੇ ਆਪਣੇ ਆਮ ਸ਼ਬਦਾਂ ਦੀ ਵਰਤੋਂ ਕੀਤੇ ਬਿਨਾਂ ਹੀ ਇਸ ਦੇ ਉੱਤਰ ਦਾ ਅਰੰਭ ਕਰ ਦਿੱਤਾ।

ਇੱਕ ਹੋਰ ਸੰਭਾਵਨਾ ਇਹ ਹੋ ਸਕਦੀ ਹੈ ਕਿ ਜਿਹੜਾ ਪੱਤਰ ਉਸ ਨੇ ਕੁਰਿੰਥੁਸ ਤੋਂ ਪ੍ਰਾਪਤ ਕੀਤਾ ਸੀ ਉਸ ਵਿੱਚ ਜੀ ਉੱਠਣ ਬਾਰੇ ਕੋਈ ਪ੍ਰਸ਼ਨ ਨਹੀਂ ਸੀ। ਜੇਕਰ ਅਜਿਹਾ ਸੀ ਤਾਂ ਸ਼ਾਇਦ ਉਸ ਨੇ ਕੁਰਿੰਥੁਸ ਵਿੱਚ ਪ੍ਰਚਲਿਤ ਵੱਖਰੇ-ਵੱਖਰੇ ਦ੍ਰਿਸ਼ਟੀਕੋਣਾਂ ਬਾਰੇ ਕਲੋਏ ਦੇ ਘਰ ਦਿਆਂ ਤੋਂ (1:11), ਪੱਤਰ ਲਿਆਉਣ ਵਾਲੇ ਤਿੰਨ ਵਿਅਕਤੀਆਂ ਤੋਂ, ਜਾਂ ਫਿਰ ਹੋਰ ਕਿਸੇ ਸਰੋਤ ਤੋਂ ਜਾਣਿਆ ਹੋਵੇਗਾ। ਪਰ ਫਿਰ ਵੀ ਅਧਿਆਇ 7 ਤੋਂ ਅਰੰਭ ਕਰਕੇ ਭਿੰਨ-ਭਿੰਨ ਮਸਲਿਆਂ ਨੂੰ ਸੰਬੋਧਿਤ ਕਰਨ ਲਈ ਉਸ ਦੁਆਰਾ ਤਰਤੀਬ ਸਿਰ ਕੀਤੇ ਗਏ ਜਤਨ ਸੁਝਾਉ ਦਿੰਦੇ ਹਨ ਕਿ ਜੀ ਉੱਠਣ ਦਾ ਵਿਸ਼ਾ ਵੀ ਉਨ੍ਹਾਂ ਪ੍ਰਸ਼ਨਾਂ ਦਾ ਹਿੱਸਾ ਰਿਹਾ ਹੋਵੇਗਾ ਜਿਹੜੇ ਉਨ੍ਹਾਂ ਨੇ ਪੁੱਛੇ ਸਨ।

# ਮਸੀਹ ਜੀ ਉੱਠਿਆ ਹੈ (15:1-11)

**1ਹੁਣ ਹੇ ਭਰਾਵੋ, ਮੈਂ ਤੁਹਾਨੂੰ ਉਹ ਖੁਸ਼ ਖਬਰੀ ਚਿਤਾਰਦਾ ਹਾਂ ਜਿਹੜੀ ਮੈਂ ਤੁਹਾਨੂੰ ਸੁਣਾਈ ਸੀ ਜਿਹ ਨੂੰ ਤੁਸਾਂ ਕਬੂਲ ਵੀ ਕੀਤਾ ਅਰ ਜਿਹ ਦੇ ਉੱਤੇ ਤੁਸੀਂ ਖਲੋਤੇ ਵੀ ਹੋ। 2ਅਤੇ ਜਿਹ ਦੇ ਰਾਹੀਂ ਤੁਸੀਂ ਬਚ ਵੀ ਜਾਂਦੇ ਹੋ, ਜੇ ਤੁਸੀਂ ਉਸ ਇੰਜੀਲੀ ਬਚਨ ਨੂੰ ਜਿਹੜਾ ਮੈਂ ਤੁਹਾਨੂੰ ਸੁਣਾਇਆ ਸੀ ਫੜੀ ਰੱਖੋ, ਨਹੀਂ ਤਾਂ ਤੁਹਾਡਾ ਪਤੀਜਣਾ ਐਵੇਂ ਗਿਆ। 3ਕਿਉਂ ਜੋ ਮੈਂ ਮੁੱਖ ਗੱਲਾਂ ਵਿੱਚੋਂ ਉਹ ਗੱਲ ਤੁਹਾਨੂੰ ਸੌਂਪ ਦਿੱਤੀ ਜਿਹੜੀ ਮੈਨੂੰ ਪਰਾਪਤ ਵੀ ਹੋਈ ਜੋ ਮਸੀਹ ਪੁਸਤਕਾਂ ਦੇ ਅਨੁਸਾਰ ਸਾਡਿਆਂ ਪਾਪਾਂ ਦੇ ਕਾਰਨ ਮੋਇਆ। 4ਅਤੇ ਇਹ ਕਿ ਦੱਬਿਆ ਗਿਆ ਅਤੇ ਇਹ ਕਿ ਪੁਸਤਕਾਂ ਦੇ ਅਨੁਸਾਰ ਤੀਜੇ ਦਿਹਾੜੇ ਜੀ ਉੱਠਿਆ। 5ਅਤੇ ਇਹ ਜੋ ਕੇਫ਼ਾਸ ਨੂੰ ਅਤੇ ਫੇਰ ਉਨ੍ਹਾਂ ਬਾਰਾਂ ਨੂੰ ਦਰਸ਼ਣ ਦਿੱਤਾ। 6ਅਤੇ ਮਗਰੋਂ ਕੁਝ ਉੱਪਰ ਪੰਜ ਸੌ ਭਾਈਆਂ ਨੂੰ ਇੱਕੋ ਵਾਰੀ ਦਰਸ਼ਣ ਦਿੱਤਾ ਅਤੇ ਓਹਨਾਂ ਵਿੱਚੋਂ ਬਹੁਤੇ ਅਜੇ ਜੀਉਂਦੇ ਹਨ ਪਰ ਕਈ ਸੌਂ ਗਏ। 7ਪਿੱਛੋਂ ਯਾਕੂਬ ਨੂੰ ਦਰਸ਼ਣ ਦਿੱਤਾ ਅਤੇ ਫੇਰ ਸਭਨਾਂ ਰਸੂਲਾਂ ਨੂੰ। 8ਅਤੇ ਸਭ ਦੇ ਪਿੱਛੋਂ ਮੈਨੂੰ ਵੀ ਦਰਸ਼ਣ ਦਿੱਤਾ ਜਿਵੇਂ ਇੱਕ ਅਧੂਰੇ ਜੰਮ ਨੂੰ। 9ਮੈਂ ਤਾਂ ਸਭਨਾਂ ਰਸੂਲਾਂ ਨਾਲੋਂ ਛੋਟਾ ਹਾਂ ਅਤੇ ਰਸੂਲ ਸਦਾਉਣ ਦੇ ਜੋਗ ਨਹੀਂ ਇਸ ਲਈ ਜੋ ਮੈਂ ਪਰਮੇਸ਼ੁਰ ਦੀ ਕਲੀਸਿਯਾ ਨੂੰ ਸਤਾਇਆ ਸੀ। 10ਪਰ ਮੈਂ ਜੋ ਕੁਝ ਹਾਂ ਪਰਮੇਸ਼ੁਰ ਦੀ ਕਿਰਪਾ ਹੀ ਨਾਲ ਹਾਂ ਅਤੇ ਉਹ ਦੀ ਕਿਰਪਾ ਜੋ ਮੇਰੇ ਉੱਤੇ ਹੋਈ ਸੋ ਅਕਾਰਥ ਨਾ ਹੋਈ ਪਰ ਮੈਂ ਉਨ੍ਹਾਂ ਸਭਨਾਂ ਨਾਲੋਂ ਵਧੀਕ ਮਿਹਨਤ ਕੀਤੀ ਪਰੰਤੂ ਮੈਂ ਤਾਂ ਨਹੀਂ ਸਗੋਂ ਪਰਮੇਸ਼ੁਰ ਦੀ ਕਿਰਪਾ ਨੇ ਜੋ ਮੇਰੇ ਨਾਲ ਸੀ। 11ਉਪਰੰਤ ਭਾਵੇਂ ਓਹ ਭਾਵੇਂ ਅਸੀਂ ਇਉਂ ਪਰਚਾਰ ਕਰਦੇ ਹਾਂ ਅਤੇ ਇਉਂ ਤੁਸਾਂ ਨਿਹਚਾ ਕੀਤੀ।**

ਪੌਲੁਸ ਨੇ ਜ਼ੋਰ ਦਿੱਤਾ ਕਿ ਮਸੀਹ ਵਿੱਚ ਨਿਹਚਾ ਦਾ ਇੱਕ ਹਿੱਸਾ ਇਹ ਵਿਸ਼ਵਾਸ ਕਰਨਾ ਵੀ ਹੈ ਕਿ ਮਸੀਹ ਮ੍ਰਿਤਕਾਂ ਵਿੱਚੋਂ ਜੀ ਉੱਠਿਆ ਅਤੇ ਵਾਪਿਸ ਆ ਰਿਹਾ ਹੈ। ਮਸੀਹ ਦਾ ਆਪਣਾ ਜੀ ਉੱਠਣਾ ਇਸ ਗੱਲ ਦੀ ਗਰੰਟੀ ਹੈ ਕਿ ਜਿਨ੍ਹਾਂ ਨੂੰ ਉਸ ਨੇ ਬਚਾਇਆ ਹੈ ਉਹ ਵੀ ਕਬਰਾਂ ਵਿੱਚੋਂ ਬਾਹਰ ਆ ਜਾਣਗੇ (15:20)। ਜਦ ਉਹ ਦੂਜੀ ਵਾਰੀ ਆਵੇਗਾ, ਮਸੀਹ ਵਿੱਚ ਮ੍ਰਿਤਕ ਜੀ ਉੱਠਣਗੇ ਅਤੇ ਸਰੀਰਕ ਰੂਪ ਵਿੱਚ ਸਦੀਪਕ ਜੀਵਨ ਦੀ ਪ੍ਰਾਪਤੀ ਹੋ ਜਾਵੇਗੀ। ਪਰਕਾਸ਼ ਇਹ ਹੈ ਕਿ ਯਿਸੂ ਦੇ ਸਰੀਰਕ ਰੂਪ ਵਿੱਚ ਜੀ ਉੱਠਣ ਤੋਂ ਬਿਨਾ ਮੁਕਤੀ ਸੰਭਵ ਹੀ ਨਹੀਂ ਸੀ। ਇਹ ਇੱਕ ਅਜਿਹੀ ਸੱਚਾਈ ਹੈ ਜਿਹੜੀ ਮਸੀਹਤ ਦਾ ਪ੍ਰਮੁੱਖ ਨੀਂਹ ਪੱਥਰ ਹੈ। ਇਸ ਦੇ ਵਸੀਲੇ ਉਸ ਦੀ ਪ੍ਰਭੁਤਾ ਅਤੇ ਸਾਡੇ ਲਈ ਉਸ ਦੀ ਮੌਤ ਦੀ ਪੁਸ਼ਟੀ ਹੋਈ। ਇਹ ਸੱਚਾਈ ਅਟੱਲ ਹੈ। ਇਹ ਉਹ ਆਧਾਰ ਹੈ ਜਿਸ ਉੱਤੇ ਹਰੇਕ ਮਸੀਹੀ ਖੜਾ ਹੈ।[2]

**ਆਇਤ 1.** ਜਿਹੜੀ **ਖੁਸ਼ ਖਬਰੀ** ਪੌਲੁਸ ਅਤੇ ਉਸ ਦੇ ਸਾਥੀਆਂ ਨੇ ਕੁਰਿੰਥੁਸ ਵਿੱਚ **ਸੁਣਾਈ ਸੀ** ਉਸ ਦੀ ਬੁਨਿਆਦੀ ਗੱਲ ਇਹ ਸਿੱਖਿਆ ਸੀ ਕਿ ਪਰਮੇਸ਼ੁਰ ਨੇ ਯਿਸੂ ਨੂੰ ਮ੍ਰਿਤਕਾਂ ਵਿੱਚੋਂ ਜੀਉਂਦਾ ਕੀਤਾ ਤਾਂ ਜੋ ਉਹ ਪਰਮੇਸ਼ੁਰ ਦੇ ਸੱਜੇ ਹੱਥ ਬੈਠ ਕੇ ਰਾਜ ਕਰੇ ਅਤੇ ਇਹ ਕਿ ਯਿਸੂ ਇੱਕ ਦਿਨ ਵਾਪਿਸ ਆਵੇਗਾ। ਪੌਲੁਸ ਹੌਲੀ-ਹੌਲੀ ਆਪਣੇ ਇਸ ਉਪਦੇਸ਼ ਵਿੱਚ ਅਗਾਂਹ ਵਧਦਾ ਹੈ। ਮ੍ਰਿਤਕਾਂ ਵਿੱਚੋਂ ਜੀ ਉੱਠਣ ਦੀ ਆਪਣੀ ਚਰਚਾ ਦਾ ਅਰੰਭ ਪੌਲੁਸ ਨੇ ਕੁਰਿੰਥੁਸ ਦੇ ਮਸੀਹੀਆਂ ਨੂੰ ਇਹ ਚੇਤੇ ਕਰਾਉਂਦਿਆਂ ਕੀਤਾ ਕਿ ਉਨ੍ਹਾਂ ਨੇ ਇੱਕਮਾਤਰ ਪਰਮੇਸ਼ੁਰ ਉੱਤੇ ਨਿਹਚਾ ਕੀਤੀ ਹੈ ਜਿਸ ਨੇ ਆਪਣੇ ਆਪ ਨੂੰ ਆਪਣੇ ਪੁੱਤਰ ਯਿਸੂ ਮਸੀਹ ਦੇ ਰਾਹੀਂ ਪਰਗਟ ਕੀਤਾ ਹੈ। ਉਹ ਬਚਾਏ ਗਏ ਸਨ ਅਤੇ ਪੌਲੁਸ ਦੇ ਨਾਲ **ਖਲੋਤੇ** ਹੋਏ

ਸਨ; ਉਸ ਦੁਆਰਾ ਪ੍ਰਚਾਰ ਕੀਤੀ ਗਈ ਖੁਸ਼ ਖ਼ਬਰੀ ਨੂੰ ਉਨ੍ਹਾਂ ਨੇ ਸਵੀਕਾਰ ਕੀਤਾ ਸੀ (τὸ εὐαγγέλιον ὅ εὐηγγελισάμην ὑμῖν, *ਟੋ ਇਵੈਂਜੇਲਿਓਨ ਹੋ ਇਵੈਂਜੇਲਿਸਾਮੇਨ ਹੁਮੀਨ*, "ਉਹ ਖੁਸ਼ ਖਬਰੀ . . . ਜਿਹੜੀ ਮੈਂ ਤੁਹਾਨੂੰ ਸੁਣਾਈ ਸੀ")। ਪੌਲੁਸ ਦਾ ਸੰਦੇਸ਼ ਅਟੱਲ ਸੀ; ਇਹ ਯੂਨਾਨੀ ਧਾਰਮਿਕ ਵਿਚਾਰਧਾਰਾ ਦੇ ਨਾਲ ਸਹਿਮਤ ਨਹੀਂ ਹੋ ਸਕਦਾ ਸੀ। ਜਦ ਯਿਸੂ ਵਾਪਿਸ ਆਵੇਗਾ, ਤਦ ਸਾਰੀ ਮਨੁੱਖਜਾਤੀ ਮ੍ਰਿਤਕਾਂ ਵਿੱਚੋਂ ਜੀ ਉੱਠੇਗੀ ਅਤੇ ਜੀਉਂਦਿਆਂ ਅਤੇ ਮ੍ਰਿਤਕਾਂ ਦਾ ਨਿਆਉਂ ਹੋਵੇਗਾ (ਵੇਖੋ 2 ਕੁਰਿੰਥੀਆਂ 5:10)। ਪੌਲੁਸ ਕੁਰਿੰਥੁਸ ਵਿਚਲੇ ਆਪਣੇ ਸੰਗੀ ਵਿਸ਼ਵਾਸੀਆਂ ਨੂੰ ਉਸ ਬੰਧਨ ਵਿੱਚ ਵਾਪਿਸ ਲੈ ਜਾਂਦਾ ਹੈ ਜਿਹੜਾ ਉਨ੍ਹਾਂ ਸਭਨਾਂ ਨੂੰ ਇੱਕੋ ਆਸ ਅਤੇ ਉਦੇਸ਼ ਵਿੱਚ ਇੱਕ ਕਰਕੇ ਰੱਖਦਾ ਹੈ।

ਮ੍ਰਿਤਕਾਂ ਦੇ ਜੀ ਉੱਠਣ 'ਤੇ ਸੰਦੇਹ ਕਰਨਾ ਪੌਲੁਸ ਦੇ ਅਨੁਸਾਰ ਮਸੀਹੀ ਨਿਹਚਾ ਦੇ ਇਕਰਾਰ ਦਾ ਅਪਮਾਨ ਸੀ। ਜਿਹੜੇ ਲੋਕ ਮ੍ਰਿਤਕਾਂ ਦੇ ਜੀ ਉੱਠਣ 'ਤੇ ਸੰਦੇਹ ਕਰ ਰਹੇ ਸਨ ਉਹ ਛੋਟੀਆਂ-ਛੋਟੀਆਂ ਗੱਲਾਂ ਬਾਰੇ ਜਾਂ ਵਿਚਾਰਾਂ ਦੀ ਭਿੰਨਤਾ ਬਾਰੇ ਬਹਿਸ ਨਹੀਂ ਕਰ ਰਹੇ ਸਨ; ਉਨ੍ਹਾਂ ਦਾ ਸੰਦੇਹ ਉਨ੍ਹਾਂ ਦੇ ਹੇਠੋਂ ਪਰਮੇਸ਼ੁਰ ਦੇ ਰਾਜ ਦੀ ਨੀਂਹ ਨੂੰ ਬਰਬਾਦ ਕਰ ਰਿਹਾ ਸੀ। ਅੱਜ ਦੇ ਮਸੀਹੀਆਂ ਦੀ ਤਰ੍ਹਾਂ ਹੀ ਉਸ ਵੇਲੇ ਦੇ ਮਸੀਹੀ ਇਸ ਵਿਸ਼ਵਾਸ ਉੱਤੇ ਖੜੇ ਸਨ ਕਿ ਯਿਸੂ ਨਾਸਰੀ ਪ੍ਰਤਿੱਗਿਆ ਕੀਤਾ ਹੋਇਆ ਮਸੀਹ ਸੀ। ਪਰਮੇਸ਼ੁਰ ਨੇ ਸੁੱਤੇ ਹੋਇਆਂ ਵਿੱਚੋਂ ਪਹਿਲੇ ਫਲ ਸਰੂਪ ਯਿਸੂ ਨੂੰ ਮ੍ਰਿਤਕਾਂ ਵਿੱਚੋਂ ਜੀਉਂਦਾ ਕਰਕੇ ਉਸ ਨੂੰ ਆਪਣਾ ਪੁੱਤਰ ਐਲਾਨਿਆ ਸੀ (ਰੋਮੀਆਂ 1:4; 1 ਕੁਰਿੰਥੀਆਂ 15:20)। ਸਾਰੀ ਮਨੁੱਖਜਾਤੀ ਲਈ ਪਰਮੇਸ਼ੁਰ ਦੇ ਨਾਲ ਪੁਨਰਮੇਲ ਕਰਨ ਦਾ ਰਾਹ ਯਿਸੂ ਹੀ ਹੈ। ਕਿਉਂਕਿ ਮਸੀਹ ਦੀ ਕਬਰ ਖਾਲੀ ਸੀ, ਇਸ ਕਰਕੇ ਸਰੀਰਕ ਤੌਰ 'ਤੇ ਜੀ ਉੱਠਣ ਦਾ ਕੰਮ ਅਰੰਭ ਹੋ ਚੁੱਕਾ ਸੀ। ਇੱਕ ਭਾਵ ਨਾਲ ਮਸੀਹੀ ਲੋਕਾਂ ਨੇ ਮ੍ਰਿਤਕਾਂ ਵਿੱਚੋਂ ਜੀ ਉੱਠਣ ਦੇ ਭਾਗੀਦਾਰ ਬਣਨਾ ਅਰੰਭ ਕਰ ਦਿੱਤਾ ਸੀ। ਮ੍ਰਿਤਕਾਂ ਵਿੱਚੋਂ ਜੀ ਉੱਠਣ ਉੱਤੇ ਸੰਦੇਹ ਕਰਨਾ ਮਸੀਹ ਦਾ ਇਨਕਾਰ ਕਰਨ ਦੇ ਬਰਾਬਰ ਸੀ।

**ਆਇਤ 2.** ਇੱਕ ਅਜੀਬ ਯੂਨਾਨੀ ਵਾਕ ਦੇ ਨਾਲ (τίνι λόγῳ εὐηγγελισάμην ὑμῖν εἰ κατέχετε, *ਟਿਨੀ ਲੋਗੋ ਇਵੈਂਜੇਲਿਸਾਮੇਨ ਹੁਮੀਨ ਏਈ ਕਾਟੇਖ਼ੇਟੇ*, "ਜੇ ਤੁਸੀਂ ਉਸ ਇੰਜੀਲੀ ਬਚਨ ਨੂੰ ਜਿਹੜਾ ਮੈਂ ਤੁਹਾਨੂੰ ਸੁਣਾਇਆ ਸੀ ਫੜੀ ਰੱਖੋ"; 15:2), ਪੌਲੁਸ ਨੇ ਕੁਰਿੰਥੁਸ ਦੇ ਮਸੀਹੀਆਂ ਨੂੰ ਚੇਤੇ ਕਰਾਇਆ ਕਿ ਜਿਹੜਾ ਸੰਦੇਸ਼ ਉਸ ਨੇ ਉਨ੍ਹਾਂ ਨੂੰ ਸੁਣਾਇਆ ਸੀ ਉਸੇ ਸੰਦੇਸ਼ ਦੁਆਰਾ ਹੀ ਉਹ ਬਚਾਏ ਗਏ ਸਨ। ਉਨ੍ਹਾਂ ਦੀ ਗਿਣਤੀ ਛੁਡਾਏ ਗਏ ਲੋਕਾਂ ਵਿੱਚ ਸਿਰਫ ਤਦ ਹੀ ਹੁੰਦੀ ਰਹਿ ਸਕਦੀ ਸੀ ਜੇਕਰ ਉਹ ਉਸ ਨਿਹਚਾ ਦੇ ਇਕਰਾਰ ਨੂੰ ਫੜੀ ਰੱਖਦੇ ਜਿਸ ਨੂੰ ਉਨ੍ਹਾਂ ਨੇ ਸਵੀਕਾਰ ਕੀਤਾ ਸੀ। ਪੌਲੁਸ ਨੇ ਸੱਚਾਈ ਦਾ ਪ੍ਰਚਾਰ ਕਰਕੇ ਆਪਣੀ ਜ਼ਿੰਮੇਵਾਰੀ ਨਿਭਾਈ ਸੀ। ਮਸੀਹ ਵਿੱਚ ਵਿਸ਼ਵਾਸ ਕਰਕੇ ਉਨ੍ਹਾਂ ਨੇ ਆਪਣੀ ਜ਼ਿੰਮੇਵਾਰੀ ਨਿਭਾਈ ਸੀ। ਪੌਲੁਸ ਨੇ ਅਤੇ ਉਨ੍ਹਾਂ ਨੇ ਮਿਲ ਕੇ ਜਿਹੜੀ ਨੀਂਹ ਰੱਖੀ ਸੀ ਉਹ ਨੀਂਹ ਬਰਬਾਦ ਹੋ ਜਾਂਦੀ ਜੇਕਰ ਉਹ ਆਪਣੇ ਉਸ ਇਕਰਾਰ ਨੂੰ ਫੜੀ ਨਾ ਰੱਖਦੇ ਜਿਹੜਾ ਉਨ੍ਹਾਂ ਨੇ ਕੀਤਾ ਸੀ। ਕੁਝ ਲੋਕ ਕੁਰਿੰਥੁਸ ਦੇ ਮਸੀਹੀਆਂ ਨੂੰ ਭਰਮਾ ਰਹੇ ਸਨ, ਅਤੇ ਮੌਤ ਤੋਂ ਬਾਅਦ ਸਰੀਰਕ ਜੀਵਨ ਦੀ ਸੰਭਾਵਨਾ ਬਾਰੇ ਸੰਦੇਹ ਉਨ੍ਹਾਂ ਦੇ ਮਨਾਂ ਵਿੱਚ ਪਾ ਰਹੇ ਸਨ। ਜਿਹੜਾ ਇਕਰਾਰ ਉਨ੍ਹਾਂ ਨੇ ਅਰੰਭ ਵਿੱਚ ਕੀਤਾ ਸੀ, ਜੇਕਰ ਉਹ ਉਸ ਨੂੰ ਫੜੀ ਨਾ ਰੱਖਦੇ, ਤਾਂ ਮਸੀਹ ਵਿੱਚ ਉਨ੍ਹਾਂ ਦੀ ਆਸ ਪੂਰੀ ਨਹੀਂ ਹੋਣੀ ਸੀ; ਤਾਂ ਫਿਰ ਉਨ੍ਹਾਂ ਦਾ **ਪਤੀਜਣਾ ਐਵੇਂ ਗਿਆ**। ਜਿਸ ਸੰਦੇਸ਼ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਮੁਕਤੀ ਮਿਲੀ ਸੀ ਉਹ ਸੰਦੇਸ਼ ਮ੍ਰਿਤਕਾਂ ਵਿੱਚੋਂ

ਜੀ ਉੱਠਣ ਦੀ ਪੁਸ਼ਟੀ ਕਰਦਾ ਸੀ। ਉਨ੍ਹਾਂ ਨੂੰ ਮੁਕਤੀ ਉਸ ਰਾਹ ਦੁਆਰਾ ਮਿਲੀ ਸੀ ਜਿਸ ਦਾ ਪ੍ਰਚਾਰ ਪੌਲੁਸ ਨੇ ਕੀਤਾ ਸੀ; ਉਨ੍ਹਾਂ ਨੇ ਉਸ ਦੇ ਸੰਦੇਸ਼ ਉੱਤੇ ਵਿਸ਼ਵਾਸ ਕੀਤਾ ਸੀ। ਸਰੀਰਕ ਤੌਰ ’ਤੇ ਮ੍ਰਿਤਕਾਂ ਵਿੱਚੋਂ ਜੀ ਉੱਠਣਾ ਖੁਸ਼ ਖ਼ਬਰੀ ਵਿੱਚ ਅਚਾਣਕ ਆਈ ਕੋਈ ਗੱਲ ਨਹੀਂ ਸੀ; ਇਹ ਤਾਂ ਉਸ ਦੇ ਕੇਂਦਰ ਵਿੱਚ ਸੀ।

ਅਗਲੇ ਕੁਝ ਦਹਾਕਿਆਂ ਦੇ ਦੌਰਾਨ ਸਰੀਰਕ ਤੌਰ ’ਤੇ ਜੀ ਉੱਠਣ ਦੇ ਵਿਚਾਰ ਬਾਰੇ ਯੂਨਾਨੀ ਵਿਸ਼ਵਾਸੀਆਂ ਵਿੱਚ ਹੋਣ ਵਾਲਾ ਸੰਘਰਸ਼ ਭਿੰਨ-ਭਿੰਨ ਰੂਪਾਂ ਵਿੱਚ ਪਰਗਟ ਹੋਇਆ। ਕੁਝ ਲੋਕ ਇਹ ਮੰਨਣ ਲੱਗ ਪਏ ਸਨ ਕਿ ਮਸੀਹੀ ਬਣਨ ਕਰਕੇ ਉਨ੍ਹਾਂ ਨੇ ਮ੍ਰਿਤਕਾਂ ਵਿੱਚੋਂ ਗੈਰਭੌਤਿਕ ਅਰਥਾਤ ਆਤਮਕ ਤੌਰ ’ਤੇ ਜੀ ਉੱਠਣਾ ਪ੍ਰਾਪਤ ਕਰ ਲਿਆ ਹੈ। ਅਜਿਹਾ ਸ਼ਾਇਦ ਇਸ ਕਰਕੇ ਹੋਇਆ ਸੀ ਕਿਉਂਕਿ ਉਨ੍ਹਾਂ ਨੇ ਪੌਲੁਸ ਦੀਆਂ ਸਿੱਖਿਆਵਾਂ ਨੂੰ ਗਲਤ ਸਮਝ ਲਿਆ ਸੀ (ਉਦਾਹਰਣ ਵਜੋਂ, ਰੋਮੀਆਂ 6:4)। ਸ਼ਾਇਦ ਉਨ੍ਹਾਂ ਵਿੱਚੋਂ ਕੁਝ ਲੋਕਾਂ ਨੇ ਹੁਮਿਨਾਯੁਸ ਅਤੇ ਫ਼ਿਲੇਤੁਸ ਵਰਗੇ ਉਪਦੇਸ਼ਕਾਂ ਦਾ ਯਕੀਨ ਕਰ ਲਿਆ ਹੋਵੇਗਾ, ਜੋ ਆਖਦੇ ਸਨ ਕਿ ਮੁਰਦੇ ਜੀ ਉੱਠੇ ਹਨ (2 ਤਿਮੋਥਿਉਸ 2:17, 18)। ਉਹ ਆਖਦੇ ਸਨ ਕਿ ਬਪਤਿਸਮਾ ਵੇਲੇ ਪਾਪ ਦੀ ਮੌਤ ਤੋਂ ਜੀ ਉੱਠ ਕੇ ਉਨ੍ਹਾਂ ਦੇ ਆਤਮੇ ਸੁਰਗ ਵਿੱਚ ਜੀਉਣਗੇ; ਪਰ ਸਰੀਰਕ ਜੀਵਨ ਇਸ ਸੰਸਾਰ ਤੱਕ ਹੀ ਸੀਮਿਤ ਰਹੇਗਾ। ਨਿਰਸੰਦੇਹ ਕੁਰਿੰਥੁਸ ਵਿੱਚ ਕੋਈ ਵੀ ਵਿਸ਼ਵਾਸੀ ਪੌਲੁਸ ਦੀ ਸਿੱਖਿਆ ਤੋਂ ਐਨਾ ਦੂਰ ਤਾਂ ਨਹੀਂ ਗਿਆ ਸੀ; ਪਰ ਉਨ੍ਹਾਂ ਵਿੱਚੋਂ ਕੁਝ ਲੋਕਾਂ ਨੂੰ ਇਹ ਸਮਝਣ ਵਿੱਚ ਔਖਿਆਈ ਹੋ ਰਹੀ ਸੀ ਕਿ ਮ੍ਰਿਤਕਾਂ ਵਿੱਚੋਂ ਜੀ ਉੱਠਿਆ ਸਰੀਰ ਆਤਮਕ ਸੰਸਾਰ ਵਿੱਚ ਕਿਵੇਂ ਰਹੇਗਾ। ਹੁਮਿਨਾਯੁਸ ਅਤੇ ਫ਼ਿਲੇਤੁਸ ਵਰਗੇ ਉਪਦੇਸ਼ਕਾਂ ਦੀ ਗਲਤ ਸਿੱਖਿਆ ਤੱਕ ਲਿਜਾਣ ਵਾਲੇ ਬੀਜ ਬੀਜੇ ਜਾ ਚੁੱਕੇ ਸਨ।

**ਆਇਤ 3.** ਕੁਰਿੰਥੁਸ ਵਿਚਲੇ ਆਪਣੇ ਭੈਣਾਂ ਅਤੇ ਭਰਾਵਾਂ ਦੇ ਲਈ ਪੌਲੁਸ ਨੇ ਮਸੀਹੀ ਨਿਹਚਾ ਦੇ ਬੁਨਿਆਦੀ ਇਕਰਾਰ ਅਰਥਾਤ ਅਰੰਭਕ ਬਿੰਦੂ ਨੂੰ ਪੇਸ਼ ਕੀਤਾ ਸੀ। ਉਸ ਦੇ ਸ਼ਬਦਾਂ ਨੇ ਨਵੇਂ ਨੇਮ ਵਿੱਚ ਮਿਲਣ ਵਾਲੇ ਇੱਕਮਾਤਰ ਸਿਧਾਂਤ (creed), ਮਸੀਹ ਦੀ ਖੁਸ਼ ਖ਼ਬਰੀ, ਦਾ ਸਾਰ ਪੇਸ਼ ਕੀਤਾ ਸੀ। ਜਿਵੇਂ ਇਸਰਾਏਲ ਦੇ ਲੋਕਾਂ ਲਈ ਬੁਨਿਆਦੀ ਇਕਰਾਰ ਬਿਵਸਥਾ ਸਾਰ 26:5-9 ਸੀ,[3] ਉਸੇ ਤਰ੍ਹਾਂ ਮਸੀਹੀਆਂ ਦੇ ਲਈ ਬੁਨਿਆਦੀ ਵਿਸ਼ਵਾਸ ਇਹ ਸੀ ਕਿ ਮਸੀਹ ਸਾਡੇ ਪਾਪਾਂ ਦੀ ਖਾਤਿਰ ਮਰਿਆ, ਦਫ਼ਨਾਇਆ ਗਿਆ, ਅਤੇ ਪਰਮੇਸ਼ੁਰ ਦੀ ਸਮਰੱਥਾ ਨਾਲ ਮ੍ਰਿਤਕਾਂ ਵਿੱਚੋਂ ਜਿਵਾਲਿਆ ਗਿਆ। ἐν πρώτοις (*ਐੱਨ ਪ੍ਰੋਟੋਇਸ*) ਸ਼ਬਦਾਂ ਨੂੰ “ਸਭ ਤੋਂ ਪਹਿਲਾਂ” (KJV; NKJV; ASV) ਵੀ ਆਖਿਆ ਜਾ ਸਕਦਾ ਹੈ, ਪਰ ਪੌਲੁਸ ਦੁਆਰਾ ਵਿਸ਼ਵਾਸ ਦੀਆਂ ਬੁਨਿਆਦੀ ਗੱਲਾਂ ਉੱਤੇ ਦਿੱਤਾ ਜਾਣ ਵਾਲਾ ਜ਼ੋਰ ਸੁਝਾਉ ਦਿੰਦਾ ਹੈ ਕਿ ਇਨ੍ਹਾਂ ਦਾ ਬਿਹਤਰ ਅਨੁਵਾਦ **ਮੁੱਖ ਗੱਲਾਂ ਵਿੱਚੋਂ** (NASB; NIV; NRSV; ESV) ਹੋਣਾ ਚਾਹੀਦਾ ਹੈ। ਰਸੂਲ ਨੇ ਕੁਰਿੰਥੁਸ ਦੇ ਵਿਸ਼ਵਾਸੀਆਂ ਨੂੰ ਦੱਸਿਆ ਕਿ ਉਸ ਨੇ ਉਨ੍ਹਾਂ ਨੂੰ ਉਹ ਗੱਲ ਸੌਂਪੀ ਸੀ **ਜਿਹੜੀ ਮੈਨੂੰ ਪਰਾਪਤ ਵੀ ਹੋਈ**। ਇਸ ਸੰਦੇਸ਼ ਨੂੰ ਪੌਲੁਸ ਨੇ ਕਿਸ ਕੋਲੋਂ “ਪਰਾਪਤ” ਕੀਤਾ ਸੀ? ਗਲਾਤੀਆਂ 1:11, 12 ਵਿੱਚ ਉਸ ਨੇ ਜ਼ੋਰ ਦਿੱਤਾ ਕਿ ਜਿਸ ਖੁਸ਼ ਖ਼ਬਰੀ ਦਾ ਪ੍ਰਚਾਰ ਉਹ ਕਰ ਰਿਹਾ ਸੀ ਉਸ ਨੂੰ ਉਸ ਨੇ ਮਨੁੱਖਾਂ ਕੋਲੋਂ ਪ੍ਰਾਪਤ ਨਹੀਂ ਕੀਤਾ ਸੀ। ਫਿਰ ਵੀ, ਪੌਲੁਸ ਨੇ ਰਸੂਲਾਂ ਕੋਲੋਂ ਅਤੇ ਉਸ ਤੋਂ ਪਹਿਲਾਂ ਦੇ ਵਿਸ਼ਵਾਸੀਆਂ ਕੋਲੋਂ ਮ੍ਰਿਤਕਾਂ ਵਿੱਚੋਂ ਜੀ ਉੱਠੇ ਮਸੀਹ ਦੀ ਗਵਾਹੀ ਸੁਣੀ ਅਤੇ ਸਵੀਕਾਰ ਕੀਤੀ ਸੀ। ਉਹ ਜਾਣਦਾ ਸੀ ਕਿ ਜਿਹੜੀ ਖੁਸ ਖ਼ਬਰੀ ਉਸ ਦੇ ਪ੍ਰਭੂ ਵਿੱਚ ਆਉਣ ਤੋਂ ਪਹਿਲਾਂ ਤੋਂ ਪ੍ਰਚਾਰ ਕੀਤੀ ਜਾ ਰਹੀ ਸੀ, ਉਸ ਤੋਂ ਭਟਕ ਜਾਣ ਨਾਲ ਉਸ ਦੀ ਸਾਖ਼ ਖ਼ਤਰੇ ਵਿੱਚ ਆ ਸਕਦੀ ਸੀ। ਪੌਲੁਸ ਕੁਰਿੰਥੁਸ ਦੇ

ਵਿਸ਼ਵਾਸੀਆਂ ਨੂੰ ਦੱਸਣਾ ਚਾਹੁੰਦਾ ਸੀ ਕਿ ਜਿਹੜਾ ਸੰਦੇਸ਼ ਉਸ ਨੇ ਉਨ੍ਹਾਂ ਨੂੰ ਸੁਣਾਇਆ ਸੀ ਉਹ ਉਨ੍ਹਾਂ ਰਸੂਲਾਂ ਦੀ ਗਵਾਹੀ ਸੀ ਜਿਨ੍ਹਾਂ ਨੇ ਜੀ ਉੱਠੇ ਮਸੀਹ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ ਸੀ। ਉਹ ਉਸ ਸੰਦੇਸ਼ 'ਤੇ ਵਿਸ਼ਵਾਸ ਕਰਦਾ ਸੀ ਜਿਸ ਉੱਤੇ ਬਾਕੀ ਦੇ ਰਸੂਲ ਵਿਸ਼ਵਾਸ ਕਰਦੇ ਸਨ: ਮਸੀਹ ਦੀ ਮੌਤ ਮਨੁੱਖੀ ਪਾਪ ਦੇ ਪ੍ਰਾਸਚਿੱਤ ਲਈ ਹੋਈ ਸੀ (1 ਕੁਰਿੰਥੀਆਂ 15:3)। ਇਹ ਮਸੀਹ ਬਾਰੇ ਹੋਈਆਂ ਉਨ੍ਹਾਂ ਨਬੂਵਤਾਂ ਦੀ ਪੂਰਤੀ ਸੀ ਜਿਹੜੀਆਂ ਪੁਰਾਣੇ ਨੇਮ ਵਿੱਚ ਮਿਲਦੀਆਂ ਹਨ।

ਜਦ ਪੌਲੁਸ ਨੇ ਲਿਖਿਆ ਕਿ ਉਸ ਦਾ ਸੰਦੇਸ਼ **ਪੁਸਤਕਾਂ ਦੇ ਅਨੁਸਾਰ** ਸੀ ਤਾਂ ਉਸ ਦੇ ਮੂਲ ਪਾਠਕਾਂ ਦੀ ਸਮਝ ਦੇ ਅਨੁਸਾਰ ਇਹ ਪੁਸਤਕਾਂ ਪੁਰਾਣੇ ਨੇਮ ਦੀਆਂ ਲਿਖਤਾਂ ਸਨ। ਇਹ ਲਿਖਤਾਂ ਇਹ ਪ੍ਰਮਾਣ ਪੇਸ਼ ਕਰਦੀਆਂ ਸਨ ਕਿ ਯਿਸੂ ਦੀ ਮੌਤ ਅਤੇ ਜੀ ਉੱਠਣਾ "ਪਰਮੇਸ਼ੁਰ ਦੀ ਠਹਿਰਾਈ ਹੋਈ ਮੱਤ ਅਤੇ ਅਗੰਮ ਗਿਆਨ ਦੇ ਅਨੁਸਾਰ" (ਰਸੂਲਾਂ ਦੇ ਕਰਤੱਬ 2:23) ਸੀ। ਜਦ ਪਿਲਾਤੁਸ ਨੇ ਯਿਸੂ ਨੂੰ ਸਲੀਬ ਚਾੜ੍ਹੇ ਜਾਣ ਲਈ ਘੱਲਿਆ, ਤਾਂ ਉਹ ਨਾ ਤਾਂ ਉਸ ਨੂੰ ਉਸ ਦੇ ਅਪਰਾਧ ਲਈ ਅਤੇ ਨਾ ਹੀ ਮਨੁੱਖਾਂ ਦੀ ਯੋਜਨਾ ਦੇ ਅਨੁਸਾਰ ਘੱਲ ਰਿਹਾ ਸੀ। ਸ਼ਾਇਦ ਪੌਲੁਸ ਦੇ ਮਨ ਵਿੱਚ ਪਵਿੱਤਰ ਸ਼ਾਸਤਰ ਦਾ ਕੋਈ ਇੱਕ ਖਾਸ ਅੰਸ਼ ਨਹੀਂ ਸੀ ਜਿਹੜਾ ਇਹ ਗਵਾਹੀ ਦਿੰਦਾ ਹੋਵੇ ਕਿ ਮਸੀਹ ਕਸ਼ਟ ਭੋਗੇਗਾ; ਸਗੋਂ ਬਹੁਤ ਸਾਰੇ ਸਨ (ਵੇਖੋ, ਉਦਾਹਰਣ ਵਜੋਂ, ਯਸਾਯਾਹ 53)।

ਪੌਲੁਸ ਦੇ ਉਪਦੇਸ਼ ਵਿੱਚ ਉਹੀ ਸੰਦੇਸ਼ ਸੀ ਜਿਹੜਾ ਉਸ ਤੋਂ ਪਹਿਲਾਂ ਦੇ ਲੋਕਾਂ ਨੇ ਪ੍ਰਚਾਰ ਕੀਤਾ ਸੀ। ਉਸ ਨੇ ਗਲਾਤੀਆਂ ਵਿੱਚ ਇਹ ਦਾਅਵਾ ਨਹੀਂ ਕੀਤਾ ਕਿ ਉਸ ਦੀ ਸਿੱਖਿਆ ਕਿਸੇ ਵੀ ਤਰ੍ਹਾਂ ਨਾਲ ਅਨੋਖੀ ਸੀ ਜਾਂ ਉਸ ਤੋਂ ਪਹਿਲਾਂ ਦੇ ਰਸੂਲਾਂ ਦੀ ਸਿੱਖਿਆ ਨਾਲੋਂ ਵੱਖਰੀ ਸੀ। ਉਸ ਨੇ ਮਸੀਹ ਕੋਲੋਂ ਇਹ ਪਰਕਾਸ਼ ਪ੍ਰਾਪਤ ਕੀਤਾ ਸੀ ਕਿ ਖੁਸ਼ ਖ਼ਬਰੀ ਗੈਰਯਹੂਦੀਆਂ ਦੇ ਲਈ ਵੀ ਸੀ, ਅਤੇ ਉਸ ਦੀ ਸੇਵਾ ਦਾ ਇਹੋ ਹਿੱਸਾ ਸੀ ਜਿਸ ਨੂੰ ਲੈ ਕੇ ਗਲਾਤਿਯਾ ਵਿੱਚ ਉਸ ਦੇ ਮਗਰ ਆਏ ਲੋਕ ਝਗੜਾ ਕਰ ਰਹੇ ਸਨ। ਉਸ ਦਾ ਮੁੱਢਲਾ ਸੰਦੇਸ਼ ਉਹੀ ਖੁਸ਼ ਖ਼ਬਰੀ ਦਾ ਇਕਰਾਰ ਸੀ ਜਿਹੜਾ ਉਸ ਨੇ ਆਪਣੇ ਤੋਂ ਪਹਿਲਾਂ ਦੇ ਥੰਮ੍ਹਾਂ ਤੋਂ ਸਿੱਖਿਆ ਸੀ, ਪਰ ਯਿਸੂ ਨੇ ਉਸ ਨੂੰ ਹੁਕਮ ਦਿੱਤਾ ਸੀ ਕਿ ਉਹ ਇਸ ਸੰਦੇਸ਼ ਨੂੰ ਯਹੂਦੀਆਂ ਦੇ ਨਾਲ-ਨਾਲ ਗੈਰਯਹੂਦੀਆਂ ਵਿੱਚ ਵੀ ਪ੍ਰਚਾਰ ਕਰੇ। (ਵੇਖੋ ਗਲਾਤੀਆਂ 1:16)।

**ਆਇਤ 4.** ਪੌਲੁਸ ਦੀ ਸਿੱਖਿਆ ਦਾ ਕੋਈ ਵੀ ਹਿੱਸਾ ਇਸ ਸੱਚਾਈ ਤੋਂ ਵੱਡਾ ਨਹੀਂ ਹੋ ਸਕਦਾ ਸੀ ਕਿ ਯਿਸੂ ਮਾਰਿਆ ਗਿਆ, **ਦੱਬਿਆ ਗਿਆ ਅਤੇ . . . ਤੀਜੇ ਦਿਹਾੜੇ ਜੀ ਉੱਠਿਆ।** ਬਾਕੀ ਸਭ ਕੁਝ ਇਸੇ ਵਿੱਚੋਂ ਹੀ ਨਿਕਲਦਾ ਹੈ। ਇਹ ਉਨ੍ਹਾਂ ਘਟਨਾਵਾਂ ਵਿੱਚ ਵਿਸ਼ਵਾਸ ਦਾ ਇਕਰਾਰ ਸੀ ਜਿਹੜੀਆਂ ਅਸਲ ਸਮੇਂ ਦੇ ਵਿੱਚ ਘਟੀਆਂ ਸਨ, ਇਹ ਕੋਈ ਰਹੱਸਮਈ ਤਜਰਬਾ ਜਾਂ ਮਿਥਿਹਾਸ ਦੀ ਕੋਈ ਕਹਾਣੀ ਨਹੀਂ ਸੀ। ਯਿਸੂ ਦੇ ਦਫ਼ਨਾਏ ਜਾਣ ਦਾ ਜ਼ਿਕਰ ਇਸ ਗੱਲ ਦਾ ਪ੍ਰਮਾਣ ਹੈ ਕਿ ਮੈਡੀਕਲ ਪੱਖੋਂ ਉਹ ਸੱਚਮੁੱਚ ਮਰ ਚੁੱਕਾ ਸੀ। ਯਿਸੂ ਦੇ ਦਫ਼ਨਾਏ ਜਾਣ ਨੇ ਲੂਕਾ ਦੇ ਇਸ ਵਾਕ ਨੂੰ ਹੋਰ ਵੀ ਵਧੇਰੇ ਜ਼ਿਕਰਯੋਗ ਬਣਾ ਦਿੱਤਾ: ਚੁਣੇ ਹੋਏ ਗਵਾਹਾਂ ਦੇ ਸਾਹਮਣੇ ਪ੍ਰਭੂ ਨੇ "ਆਪਣੇ ਦੁੱਖ ਭੋਗਣ ਦੇ ਮਗਰੋਂ ਆਪ ਨੂੰ ਉਨ੍ਹਾਂ ਉੱਤੇ ਬਹੁਤਿਆਂ ਪਰਮਾਣਾਂ ਨਾਲ ਜੀਉਂਦਾ ਪਰਗਟ ਕੀਤਾ" (ਰਸੂਲਾਂ ਦੇ ਕਰਤੱਬ 1:3)।

ਇਹ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੈ ਕਿ ਪੌਲੁਸ ਦੇ ਇਹ ਆਖਣ ਦਾ ਭਾਵ ਕੀ ਸੀ ਕਿ ਜੋ ਹੋਇਆ ਸੀ ਉਸ ਦੀ ਨਬੂਵਤ ਪੁਰਾਣੇ ਨੇਮ ਵਿੱਚ ਕੀਤੀ ਗਈ ਸੀ। **ਪੁਸਤਕਾਂ ਦੇ ਅਨੁਸਾਰ** ਸ਼ਾਇਦ ਇਹ ਪੁਸ਼ਟੀ ਸੀ ਕਿ "ਉਹ ਤੀਜੇ ਦਿਹਾੜੇ ਜੀ ਉੱਠਿਆ," ਜਾਂ ਫਿਰ ਇਹ ਪੂਰੇ ਕਥਨ

ਲਈ ਵੀ ਹੋ ਸਕਦਾ ਹੈ ਕਿ ਉਹ ਦਫ਼ਨਾਇਆ ਗਿਆ ਅਤੇ "ਤੀਜੇ ਦਿਹਾੜੇ" ਜੀ ਉੱਠਿਆ। ਉਸ ਦੇ ਦਫ਼ਨਾਏ ਜਾਣ ਦਾ ਜ਼ਿਕਰ ਕਰਨ ਪਿੱਛੇ ਕੋਈ ਖਾਸ ਮਕਸਦ ਪ੍ਰਤੀਤ ਨਹੀਂ ਹੁੰਦਾ ਹੈ; ਮ੍ਰਿਤਕਾਂ ਨੂੰ ਦਫ਼ਨਾਇਆ ਜਾਂਦਾ ਹੈ। ਸ਼ਾਇਦ ਪੌਲੁਸ ਨੇ ਯਿਸੂ ਦੇ ਦਫ਼ਨਾਏ ਜਾਣ ਨੂੰ ਇਸ ਕਰਕੇ ਸ਼ਾਮਿਲ ਕੀਤਾ ਤਾਂ ਜੋ ਉਹ ਜਿਸ ਗੱਲ ਦੀ ਪੁਸ਼ਟੀ ਕਰ ਰਿਹਾ ਸੀ ਉਸ ਨੂੰ ਤਕੜਾ ਕਰ ਸਕੇ। ਇਸ ਤੋਂ ਇਲਾਵਾ ਪੁਰਾਣੇ ਨੇਮ ਵਿੱਚ ਅਜਿਹੀਆਂ ਬਹੁਤ ਘੱਟ ਥਾਂਵਾਂ ਹਨ ਜਿਨ੍ਹਾਂ ਦੀ ਵਿਆਖਿਆ "ਤੀਜੇ ਦਿਹਾੜੇ" ਯਿਸੂ ਦੇ ਜੀ ਉੱਠਣ ਵਜੋਂ ਕੀਤੀ ਜਾ ਸਕਦੀ ਹੈ। ਹਾਲਾਂਕਿ ਯਿਸੂ ਨੇ ਯੂਨਾਹ ਨਬੀ ਨਾਲ ਜੋ ਵਾਪਰਿਆ ਸੀ ਉਸ ਦੀ ਤੁਲਨਾ ਉਸ ਤਜਰਬੇ ਦੇ ਨਾਲ ਕੀਤੀ ਜੋ ਉਸ ਦੇ ਆਪਣੇ ਨਾਲ ਹੋਇਆ ਸੀ (ਮੱਤੀ 12:40), ਪਰ ਫਿਰ ਵੀ ਅਜਿਹਾ ਜਾਪਦਾ ਹੈ ਕਿ ਜੋ ਯੂਨਾਹ ਦੇ ਨਾਲ ਅਤੇ ਉਸ ਦੇ ਆਪਣੇ ਨਾਲ ਹੋਇਆ ਸੀ ਉਸ ਨੂੰ ਸਿਰਫ ਇੱਕ ਪ੍ਰਤੀਕਵਾਦ ਵਜੋਂ ਲੈ ਰਿਹਾ ਸੀ। ਯੂਨਾਹ ਦੁਆਰਾ ਆਖੀ ਗਈ ਇੱਕ ਵੀ ਗੱਲ ਤੀਜੇ ਦਿਹਾੜੇ ਯਿਸੂ ਦੇ ਜੀ ਉੱਠਣ ਵੱਲ ਇਸ਼ਾਰਾ ਨਹੀਂ ਕਰਦੀ। ਪੌਲੁਸ ਮਸੀਹ ਨਾਲ ਸੰਬੰਧਤ ਜਿਸ ਗੱਲ ਨੂੰ ਪੁਰਾਣੇ ਨੇਮ ਦੇ ਨਾਲ ਜੋੜਣਾ ਚਾਹੁੰਦਾ ਸੀ ਉਹ ਉਸ ਦਾ ਦਫ਼ਨਾਇਆ ਜਾਣਾ ਨਹੀਂ ਪਰ ਉਸ ਦਾ ਜੀ ਉੱਠਣਾ ਸੀ। ਇਹ ਰਸੂਲਾਂ ਦੇ ਕਰਤੱਬ 2:25-28 ਅਤੇ ਪੌਲੁਸ ਦੇ ਪੱਤਰਾਂ ਵਿੱਚੋਂ ਸਪੱਸ਼ਟ ਹੋ ਜਾਂਦਾ ਹੈ। ਰਸੂਲ ਨੇ ਹੋਰ ਕਿਸੇ ਵੀ ਥਾਂ 'ਤੇ ਤੀਜੇ ਦਿਹਾੜੇ ਨੂੰ ਕਿਸੇ ਨਬੂਵਤ ਦੀ ਪੂਰਤੀ ਨਹੀਂ ਆਖਿਆ ਹੈ।

**ਆਇਤ 5.** ਪੌਲੁਸ ਨੂੰ ਪਤਰਸ ਦਾ **ਕੇਫ਼ਾਸ** ਨਾਮ ਬਹੁਤ ਪਸੰਦ ਸੀ। ਉਸ ਨੇ ਆਪਣੇ ਦੋ ਪੱਤਰਾਂ, ਗਲਾਤੀਆਂ ਅਤੇ 1 ਕੁਰਿੰਥੀਆਂ ਵਿੱਚ ਪਤਰਸ ਦਾ ਜ਼ਿਕਰ ਕੀਤਾ ਹੈ। ਉਸ ਨੇ ਉਸ ਨੂੰ ਦੋ ਵਾਰੀ "ਪਤਰਸ" (ਗਲਾਤੀਆਂ 2:7, 8) ਅਤੇ ਅੱਠ ਵਾਰੀ "ਕੇਫ਼ਾਸ" (1 ਕੁਰਿੰਥੀਆਂ 1:12; 3:22; 9:5; 15:5; ਗਲਾਤੀਆਂ 1:18; 2:9, 11, 14) ਸਦਾਇਆ। ਸ਼ਾਇਦ ਪੌਲੁਸ ਦੁਆਰਾ ਇਸ ਨਾਮ ਦੀ ਚੋਣ ਉਸ ਵੱਲੋਂ ਯੂਨਾਨੀ ਨਾਲੋਂ ਅਰਾਮੀ ਭਾਸ਼ਾ ਨੂੰ ਪਸੰਦ ਕੀਤੇ ਜਾਣ ਬਾਰੇ ਕੁਝ ਦੱਸਦੀ ਹੈ। ਪੌਲੁਸ ਦੇ ਪੱਤਰਾਂ ਤੋਂ ਇਲਾਵਾ ਇਸ ਜਲਦਬਾਜ਼ ਰਸੂਲ ਨੂੰ ਸਿਰਫ ਯੂਹੰਨਾ 1:42 ਵਿੱਚ ਹੀ "ਕੇਫ਼ਾਸ" ਆਖਿਆ ਗਿਆ ਹੈ। ਸੰਭਵ ਹੈ ਕਿ ਪੌਲੁਸ ਯਿਸੂ ਦੇ ਜੀ ਉੱਠਣ ਤੋਂ ਬਾਅਦ ਉਸ ਦੇ ਪਤਰਸ ਨੂੰ ਦਿਖਾਈ ਦੇਣ ਬਾਰੇ ਗੱਲ ਕਰ ਰਿਹਾ ਸੀ ਜਿਸ ਬਾਰੇ ਲੂਕਾ 24:34 ਵਿੱਚ ਲਿਖਿਆ ਹੋਇਆ ਹੈ, ਹਾਲਾਂਕਿ ਲੂਕਾ ਨੇ ਪਤਰਸ ਨੂੰ "ਸ਼ਮਊਨ" ਆਖਿਆ ਸੀ।

ਨਿਰਸੰਦੇਹ ਯਿਸੂ ਦਾ **ਬਾਰਾਂ ਨੂੰ** ਦਿਖਾਈ ਦੇਣਾ, ਜਿਸ ਬਾਰੇ ਪੌਲੁਸ ਨੇ ਇਸ ਆਇਤ ਵਿੱਚ ਗੱਲ ਕੀਤੀ ਹੈ, ਲੂਕਾ 24:36-43 ਅਤੇ ਯੂਹੰਨਾ 20:19-23 ਵਿੱਚ ਦਰਜ ਹੈ, ਹਾਲਾਂਕਿ ਸਾਰੇ ਬਾਰਾਂ ਰਸੂਲ ਉੱਥੇ ਮੌਜੂਦ ਨਹੀਂ ਸਨ। ਉੱਥੇ ਯਹੂਦਾ ਅਤੇ ਥੋਮਾ ਨਹੀਂ ਸਨ। ਕੁਝ ਚਿਰ ਮਗਰੋਂ ਰਸੂਲਾਂ ਨੇ ਜੀ ਉੱਠੇ ਪ੍ਰਭੂ ਬਾਰੇ ਹੋਰਨਾਂ ਨੂੰ ਵੀ ਦੱਸ ਦਿੱਤਾ ਸੀ, ਅਤੇ ਉਨ੍ਹਾਂ ਦੀ ਗਵਾਹੀ ਯਿਸੂ ਦੀ ਵਿਰਾਸਤ ਦਾ ਹਿੱਸਾ ਬਣ ਗਈ ਸੀ।

ਇੰਜੀਲ ਦੇ ਵਿਰਤਾਂਤਾਂ ਵਿੱਚ ਯਿਸੂ ਦੀ ਗਾਥਾ ਦੱਸੇ ਜਾਣ ਤੋਂ ਬਾਅਦ ਯਿਸੂ ਦੇ ਸਭ ਤੋਂ ਨੇੜੇ ਰਹੇ ਮਨੁੱਖਾਂ ਦੇ ਸਮੂਹ ਨੂੰ ਸਿਰਫ਼ ਦੋ ਵਾਰੀ ਹੀ "ਬਾਰਾਂ" ਆਖਿਆ ਗਿਆ ਹੈ (ਰਸੂਲਾਂ ਦੇ ਕਰਤੱਬ 6:2 ਵਿੱਚ ਅਤੇ 1 ਕੁਰਿੰਥੀਆਂ 15:5 ਵਿੱਚ)। ਇਨ੍ਹਾਂ ਦੋਵਾਂ ਥਾਂਵਾਂ 'ਤੇ "ਬਾਰਾਂ" ਤੋਂ ਬਾਅਦ "ਰਸੂਲ" ਸ਼ਬਦ ਨਹੀਂ ਆਇਆ ਹੈ, ਹਾਲਾਂਕਿ ਇਹ ਆਖਿਆ ਜਾ ਸਕਦਾ ਹੈ ਕਿ ਇਸ ਦਾ ਅਰਥ ਇਹੋ ਹੈ। ਪਰਕਾਸ਼ ਦੀ ਪੋਥੀ 21:14 ਵਿੱਚ "ਬਾਰਾਂ ਰਸੂਲਾਂ" ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਯਹੂਦਾ ਦਾ ਥਾਂ ਲੈਣ ਲਈ ਮੱਥਿਆਸ ਨੂੰ ਚੁਣ ਲਏ ਜਾਣ ਤੋਂ ਬਾਅਦ ਉਸ

ਬਾਰੇ ਲਿਖਿਆ ਹੈ ਕਿ ਉਹ “ਗਿਆਰਾਂ ਰਸੂਲਾਂ ਨਾਲ ਗਿਣਿਆ ਗਿਆ” (ਰਸੂਲਾਂ ਦੇ ਕਰਤੱਬ 1:26)। ਨਿਰਸੰਦੇਹ ਸਾਨੂੰ ਇਹ ਸਮਝਣਾ ਹੈ ਕਿ ਜਦ ਪੰਤੇਕੁਸਤ ਦੇ ਦਿਨ ਪਤਰਸ ਨੇ ਪ੍ਰਚਾਰ ਕੀਤਾ ਤਾਂ ਬਾਕੀ ਦੇ “ਗਿਆਰਾਂ” ਰਸੂਲ ਉਸ ਦੇ ਨਾਲ ਸਨ (ਰਸੂਲਾਂ ਦੇ ਕਰਤੱਬ 2:14)।

ਪਹਿਲੀ ਸਦੀ ਦੀ ਕਲੀਸਿਆ ਦਾ “ਰਸੂਲਾਂ” ਤੋਂ ਕੀ ਭਾਵ ਹੁੰਦਾ ਸੀ? ਕੀ ਇਹ ਅਜਿਹਾ ਸ਼ਬਦ ਸੀ ਜਿਹੜਾ ਉਨ੍ਹਾਂ ਬਾਰਾਂ ਵਿਅਕਤੀਆਂ ਦੇ ਲਈ ਰਾਖਵਾਂ ਸੀ ਜੋ ਨਿੱਜੀ ਤੌਰ ’ਤੇ ਯਿਸੂ ਦੇ ਨਾਲ ਰਹੇ ਸਨ (ਮੱਤੀ 10:2; ਲੂਕਾ 6:13)? ਨਵੇਂ ਨੇਮ ਦੁਆਰਾ ਤਕਨੀਕੀ ਅਤੇ ਆਮ ਭਾਵ ਵਿੱਚ ਇਸਤੇਮਾਲ ਕੀਤੇ ਜਾਣ ਵਾਲੇ “ਰਸੂਲ” ਸ਼ਬਦ ਤੋਂ ਕੁਝ ਹੱਦ ਤੱਕ ਉਲਝਣ ਪੈਦਾ ਹੁੰਦੀ ਹੈ। ਆਮ ਭਾਵ ਵਿੱਚ ਰਸੂਲ ਉਹ ਹੁੰਦਾ ਸੀ ਜਿਸ ਨੂੰ ਕੋਈ ਮਿਸ਼ਨ ਪੂਰਾ ਕਰਨ ਲਈ ਦਿੱਤਾ ਜਾਂਦਾ ਸੀ। ਅਜਿਹਾ ਜਾਪਦਾ ਹੈ ਕਿ ਪੌਲੁਸ ਨੇ ਗਲਾਤੀਆਂ 1:19 ਵਿੱਚ ਪ੍ਰਭੂ ਦੇ ਭਰਾ ਯਾਕੂਬ ਨੂੰ ਕਲੀਸਿਆ ਦੇ ਹੋਰਨਾਂ ਆਗੂਆਂ ਦੇ ਨਾਲ “ਰਸੂਲ” ਆਖਿਆ। ਇਸ ਸ਼ਬਦ ਦੀ ਵਰਤੋਂ ਸਹੀ ਸੀ ਕਿਉਂਕਿ ਯਰੂਸ਼ਲਮ ਦੀ ਕਲੀਸਿਆ ਵਿੱਚ ਯਾਕੂਬ ਦਾ ਮਿਸ਼ਨ ਅਤੇ ਪਦਵੀ ਪਤਰਸ ਅਤੇ ਯੂਹੰਨਾ ਦੇ ਬਰਾਬਰ ਸੀ (ਵੇਖੋ ਗਲਾਤੀਆਂ 2:9)। ਪੌਲੁਸ ਅਤੇ ਬਰਨਾਬਾਸ ਅੰਤਾਕਿਯਾ ਦੀ ਕਲੀਸਿਆ ਦੇ ਰਸੂਲ ਸਨ, ਜਿਸ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਮਿਸ਼ਨ ’ਤੇ ਘੱਲਿਆ ਸੀ (ਰਸੂਲਾਂ ਦੇ ਕਰਤੱਬ 13:1-3)। ਯਿਸੂ ਆਪ ਵੀ ਇੱਕ ਰਸੂਲ ਸੀ (ਇਬਰਾਨੀਆਂ 3:1) ਕਿਉਂਕਿ ਪਰਮੇਸ਼ੁਰ ਨੇ ਉਸ ਨੂੰ ਵੀ ਇੱਕ ਮਿਸ਼ਨ ਦਿੱਤਾ ਸੀ। ਪੌਲੁਸ ਨੇ ਇਸ ਸ਼ਬਦ ਦੀ ਵਰਤੋਂ ਉਨ੍ਹਾਂ ਭਾਈਆਂ ਦੇ ਲਈ ਵੀ ਆਮ ਭਾਵ ਵਿੱਚ ਕੀਤੀ ਸੀ ਜਿਨ੍ਹਾਂ ਨੂੰ ਉਸ ਨੇ ਯਹੂਦਿਯਾ ਦੇ ਗਰੀਬਾਂ ਲਈ ਦਾਨ ਇਕੱਠਾ ਕਰਨ ਲਈ ਘੱਲਿਆ ਸੀ। NASB ਉਨ੍ਹਾਂ ਨੂੰ “ਸੰਦੇਸ਼ਵਾਹਕ” ਆਖਦੀ ਹੈ (2 ਕੁਰਿੰਥੀਆਂ 8:23)।

ਯਿਸੂ ਦੇ ਜੀ ਉੱਠਣ ਤੋਂ ਬਾਅਦ ਪੰਤੇਕੁਸਤ ਦੇ ਦਿਨ ਪਵਿੱਤਰ ਆਤਮਾ ਦੇ ਵਹਾਏ ਜਾਣ ਤੋਂ ਪਹਿਲਾਂ ਪਵਿੱਤਰ ਆਤਮਾ ਦੀ ਅਗਵਾਈ ਵਿੱਚ ਰਸੂਲਾਂ ਨੇ ਆਪਣੀ ਗਿਣਤੀ ਵਾਪਿਸ ਬਾਰਾਂ ਕਰ ਲਈ (ਰਸੂਲਾਂ ਦੇ ਕਰਤੱਬ 1:21-26)। ਇਹ ਬਾਰਾਂ ਰਸੂਲ ਉਹ ਹੋਣੇ ਚਾਹੀਦੇ ਸਨ ਜੋ ਯਿਸੂ ਦੀ ਸੇਵਾ ਦੇ ਅਰੰਭ ਤੋਂ ਹੀ ਉਸ ਦੇ ਨਾਲ ਰਹੇ ਸਨ ਅਤੇ ਜਿਨ੍ਹਾਂ ਨੇ ਜੀ ਉੱਠੇ ਪ੍ਰਭੂ ਨੂੰ ਵੀ ਵੇਖਿਆ ਸੀ। ਹਾਲਾਂਕਿ “ਬਾਰਾਂ” ਦਾ ਯਾਕੂਬ ਦੇ ਬਾਰਾਂ ਪੁੱਤਰਾਂ ਅਤੇ ਇਸਰਾਏਲ ਦੇ ਬਾਰਾਂ ਗੋਤਾਂ ਦੇ ਨਾਲ ਪ੍ਰਤੀਕਾਤਮਕ ਮਹੱਤਵ ਵੀ ਸੀ, ਪਰ ਫਿਰ ਵੀ, ਜਦ ਰਸੂਲਾਂ ਦੇ ਕਰਤੱਬ ਦੀ ਕਹਾਣੀ ਅਗਾਂਹ ਵਧਦੀ ਹੈ ਤਾਂ ਇਹ ਸਪੱਸ਼ਟ ਹੁੰਦਾ ਜਾਂਦਾ ਹੈ ਕਿ ਸੰਖਿਆ ਨੂੰ ਬਾਰਾਂ ਤੱਕ ਸੀਮਿਤ ਰੱਖਣ ਲਈ ਕੋਈ ਜਤਨ ਨਹੀਂ ਕੀਤੇ ਗਏ ਸਨ। ਜਦ ਰਾਜਾ ਹੇਰੋਦੇਸ ਦੇ ਹੱਥੋਂ ਯੂਹੰਨਾ ਦੇ ਭਰਾ ਯਾਕੂਬ ਦੀ ਮੌਤ ਹੋਈ ਤਾਂ ਉਸ ਦਾ ਥਾਂ ਕਿਸੇ ਹੋਰ ਨੂੰ ਦੇਣ ਲਈ ਕੁਝ ਨਹੀਂ ਕੀਤਾ ਗਿਆ (ਰਸੂਲਾਂ ਦੇ ਕਰਤੱਬ 12:2)। ਪੌਲੁਸ ਨੇ ਆਪਣੇ ਆਪ ਨੂੰ ਵੀ ਬਾਰਾਂ ਦੇ ਬਰਾਬਰ ਰਸੂਲ ਆਖਿਆ (1 ਕੁਰਿੰਥੀਆਂ 9:1; 2 ਕੁਰਿੰਥੀਆਂ 12:12; ਗਲਾਤੀਆਂ 1:1), ਪਰ ਉਸ ਨੇ ਆਪਣੇ ਆਪ ਨੂੰ ਕਿਸੇ ਦੇ ਥਾਂ ਸਥਾਪਿਤ ਕੀਤੇ ਜਾਣ ਦਾ ਦਾਅਵਾ ਨਹੀਂ ਕੀਤਾ। ਇਸ ਤੋਂ ਇਲਾਵਾ ਉਸ ਨੇ ਇਹ ਵੀ ਆਖਿਆ ਕਿ ਉਸ ਦਾ ਰਸੂਲੀ ਪਦ ਅਨੋਖਾ ਸੀ (1 ਕੁਰਿੰਥੀਆਂ 15:8-10)। ਲੂਕਾ ਨੇ ਪੌਲੁਸ ਨੂੰ “ਰਸੂਲ” ਸਿਰਫ ਉਸ ਵੇਲੇ ਆਖਿਆ ਜਦ ਉਸ ਨੂੰ ਅਤੇ ਬਰਨਬਾਸ ਨੂੰ ਅੰਤਾਕਿਯਾ ਦੀ ਕਲੀਸਿਆ ਵੱਲੋਂ ਘੱਲਿਆ ਗਿਆ ਸੀ। ਅਜਿਹਾ ਜਾਪਦਾ ਹੈ ਕਿ ਰਸੂਲਾਂ ਦੇ ਕਰਤੱਬ ਦੇ ਲੇਖਕ ਨੇ “ਬਾਰਾਂ ਰਸੂਲਾਂ” ਦਾ ਸਿਰਲੇਖ ਸਿਰਫ ਯਿਸੂ ਦੇ ਉਨ੍ਹਾਂ ਸਾਥੀਆਂ ਦੇ ਲਈ ਰਾਖਵਾਂ ਰੱਖਿਆ ਹੈ ਜਿਨ੍ਹਾਂ ਨੇ ਜੀ ਉੱਠੇ ਪ੍ਰਭੂ ਨੂੰ ਆਪਣੀ

ਅੱਖੀਂ ਵੇਖਿਆ ਸੀ।

ਜਦ ਪੌਲੁਸ ਨੇ ਕਲੀਸਿਆ ਵਿਚਲੇ ਆਗੂਆਂ ਦੀ ਭੂਮਿਕਾ ਦੀ ਸੂਚੀ ਬਣਾਈ, ਤਾਂ ਉਸ ਦੇ ਸ਼ਬਦ ਇਹ ਸਨ, "ਕਲੀਸਿਯਾ ਵਿੱਚ ਪਰਮੇਸ਼ੁਰ ਨੇ ਕਈਆਂ ਨੂੰ ਥਾਪਿਆ ਹੋਇਆ ਹੈ, ਪਹਿਲਾਂ ਰਸੂਲਾਂ ਨੂੰ . . ." (12:28, 29; ਵੇਖੋ ਅਫ਼ਸੀਆਂ 4:11)। ਰਸੂਲਾਂ ਦੇ ਕਰਤੱਬ ਅਤੇ ਕੁਰਿੰਥੀਆਂ ਵਿੱਚ ਇਸਤੇਮਾਲ ਹੋਏ "ਬਾਰਾਂ" ਸ਼ਬਦ ਦੇ ਨਾਲ ਕੋਈ ਵੇਰਵਾ ਨਾ ਹੋਣ ਕਰਕੇ ਇਹ ਆਖਿਆ ਜਾ ਸਕਦਾ ਹੈ ਕਿ ਰਸੂਲਾਂ ਨੂੰ ਆਮ ਤੌਰ 'ਤੇ ਇਸੇ ਸ਼ਬਦ ਨਾਲ ਸਦਾਇਆ ਜਾਂਦਾ ਸੀ। ਪੌਲੁਸ ਦੁਆਰਾ ਆਪਣੇ ਰਸੂਲੀ ਪਦ ਦੇ ਦਾਅਵੇ ਦਾ ਮਹੱਤਵ ਇਸ ਪਦ ਦੇ ਨਾਲ ਜੁੜੇ ਇਖ਼ਤਿਆਰ ਦੇ ਕਾਰਨ ਸੀ, ਕਿਸੇ ਖਾਸ ਸਮੂਹ ਨਾਲ ਜੁੜਣ ਕਰਕੇ ਆਉਣ ਵਾਲੇ ਸਨਮਾਨ ਦੇ ਕਾਰਨ ਨਹੀਂ। ਪਤਰਸ ਅਤੇ ਯੂਹੰਨਾ ਵਾਂਗ ਹੀ ਪੌਲੁਸ ਨੇ ਜੋ ਆਖਿਆ ਅਤੇ ਕੀਤਾ ਉਹ ਪਰਮੇਸ਼ੁਰ ਦੁਆਰਾ ਕੀਤਾ ਗਿਆ ਕੰਮ ਹੀ ਸੀ (1 ਕੁਰਿੰਥੀਆਂ 2:13; 2 ਕੁਰਿੰਥੀਆਂ 12:12)। ਨਵੇਂ ਨੇਮ ਦੀ ਪਵਿੱਤਰ ਆਤਮਾ ਦੁਆਰਾ ਪ੍ਰੇਰਿਤ ਗਵਾਹੀ ਅਤੇ ਨਵੇਂ ਨੇਮ ਦੇ ਕੈਨਨ ਦੇ ਪੂਰੇ ਹੋ ਜਾਣ ਤੋਂ ਬਾਅਦ ਪਵਿੱਤਰ ਆਤਮਾ ਦੇ ਹੋਰਨਾਂ ਚਮਤਕਾਰੀ ਕੰਮਾਂ ਦੀ ਤਰ੍ਹਾਂ ਹੀ ਇਸ ਪਦ ਦਾ ਵਜੂਦ ਵੀ ਸਮਾਪਤ ਹੋ ਗਿਆ। ਪਹਿਲੀ ਸਦੀ ਦੀ ਕਲੀਸਿਆ ਨੂੰ ਪਵਿੱਤਰ ਆਤਮਾ ਤੋਂ ਪ੍ਰੇਰਿਤ ਰਸੂਲਾਂ ਦੀ ਉਸ ਤਰ੍ਹਾਂ ਲੋੜ ਸੀ ਜਿਸ ਤਰ੍ਹਾਂ ਬਾਅਦ ਦੀਆਂ ਸਦੀਆਂ ਦੀ ਕਲੀਸਿਆ ਨੂੰ ਨਹੀਂ ਸੀ।

**ਆਇਤ 6.** ਕੇਵਲ ਪੌਲੁਸ ਨੇ ਹੀ ਉਸ ਘਟਨਾ ਦੇ ਬਾਰੇ ਲਿਖਿਆ ਜਦੋਂ ਯਿਸੂ ਨੇ ਜੀ ਉੱਠਣ ਮਗਰੋਂ **ਕੁਝ ਉੱਪਰ ਪੰਜ ਸੌ ਭਾਈਆਂ ਨੂੰ ਇੱਕੋ ਵਾਰੀ ਦਰਸ਼ਣ ਦਿੱਤਾ**। ਉਨ੍ਹਾਂ ਵਿੱਚੋਂ ਜ਼ਿਆਦਾਤਰ, ਉਸ ਨੇ ਕਿਹਾ, ਅਜੇ ਜੀਉਂਦੇ ਸਨ, ਹਾਲਾਂਕਿ ਕਈ ਸੌਂ ਗਏ ਸਨ। ਪੌਲੁਸ ਨੇ ਬਾਕਾਇਦਾ ਮੌਤ ਦਾ "ਸੌਂਣ" (κοιμάω, *ਕੋਇਮਾਓ*, 1 ਕੁਰਿੰਥੀਆਂ 7:39; 11:30; 15:18, 20; 1 ਥੱਸਲੁਨੀਕੀਆਂ 4:15) ਵਜੋਂ ਹਵਾਲਾ ਦਿੱਤਾ ਸੀ। ਇਹ ਅਸੰਭਵ ਪ੍ਰਤੀਤ ਹੁੰਦਾ ਹੈ ਕਿ ਯਿਸੂ ਦਾ ਜੀ ਉੱਠਣ ਤੋਂ ਬਾਅਦ ਅਜਿਹੀ ਭੀੜ ਨੂੰ ਦਰਸ਼ਣ ਦੇਣਾ ਇੰਜੀਲ ਦੇ ਬਿਰਤਾਂਤਾਂ ਵਿੱਚ ਜਾਂ ਰਸੂਲਾਂ ਦੇ ਕਰਤੱਬ ਵਿੱਚ ਜ਼ਿਕਰ ਕੀਤੇ ਬਗੈਰ ਯਰੂਸ਼ਲਮ ਵਿੱਚ ਹੋ ਸਕਦਾ ਸੀ। ਉਸੇ ਕਾਰਣ, ਬਾਈਬਲ ਦੀ ਸਿੱਖਿਆ ਲੈਣ ਵਾਲੇ ਵਿਦਿਆਰਥੀ ਇਹ ਜ਼ੋਰ ਦਿੰਦੇ ਹਨ ਕਿ 1 ਕੁਰਿੰਥੀਆਂ 15:6 ਵਿੱਚ ਜਿਸ ਘਟਨਾ ਦਾ ਜ਼ਿਕਰ ਕੀਤਾ ਗਿਆ ਸੀ ਉਹ ਗਲੀਲ ਵਿੱਚ ਵਾਪਰੀ ਸੀ, ਹਾਲਾਂਕਿ ਉਹ ਉਸ ਮੱਤ ਦੀ ਅਨਿਸ਼ਚਤਤਾ ਨੂੰ ਸਵੀਕਾਰ ਕਰਦੇ ਹਨ। ਜੀ ਉੱਠਣ ਤੋਂ ਬਾਅਦ ਯਿਸੂ ਦਾ ਗਲੀਲ ਵਿੱਚ ਦਰਸ਼ਣ ਦੇਣਾ ਵਿਆਖਿਆਕਾਰਾਂ ਨੂੰ ਆਕਰਸ਼ਤ ਕਰਦਾ ਹੈ; ਵਿਆਖਿਆ ਦੀਆਂ ਸਾਰੀਆਂ ਪ੍ਰਣਾਲੀਆਂ ਇਸ ਕਲਪਨਾ ਦੇ ਇਰਦ-ਗਿਰਦ ਉਸਾਰੀਆਂ ਗਈਆਂ ਹਨ ਕਿ ਯਿਸੂ ਦੇ ਜੀ ਉੱਠਣ ਤੋਂ ਬਾਅਦ ਕਲੀਸੀਆ ਵੱਡੀ ਗਿਣਤੀ ਵਿੱਚ ਯਰੂਸ਼ਲਮ ਤੋਂ ਗਲੀਲ ਨੂੰ ਵਾਪਸ ਚਲੀ ਗਈ ਸੀ।[4]

ਮਰਕੁਸ ਦੇ ਅਨੁਸਾਰ, ਪ੍ਰਭੂ ਨੇ ਚੇਲਿਆਂ ਨੂੰ ਗਲੀਲ ਵਿੱਚ ਦਰਸ਼ਣ ਦੇਣ ਦਾ ਵਾਅਦਾ ਕੀਤਾ ਸੀ (ਮਰਕੁਸ 14:28; 16:7)। ਇਹ ਵਾਅਦਾ ਮੱਤੀ ਦੀ ਇੰਜੀਲ ਵਿੱਚ ਵੀ ਆਉਂਦਾ ਹੈ ਅਤੇ ਉਹ ਬਿਰਤਾਂਤ ਕਹਿੰਦਾ ਹੈ ਕਿ ਯਿਸੂ ਨੇ ਉਨ੍ਹਾਂ ਨੂੰ ਗਲੀਲ ਦੇ ਪਰਬਤ ਤੇ ਦਰਸ਼ਣ ਦਿੱਤਾ (ਮੱਤੀ 26:32; 28:16, 17)। ਲੂਕਾ ਨੇ ਯਿਸੂ ਦੇ ਗਲੀਲ ਵਿੱਚ ਦਰਸ਼ਣ ਦੇਣ ਦੇ ਬਾਰੇ ਕੁਝ ਨਹੀਂ ਸੀ ਲਿਖਿਆ, ਪਰ ਯੂਹੰਨਾ ਨੇ ਇਸ ਗੱਲ ਦੀ ਸਾਖੀ ਦਿੱਤੀ ਸੀ ਕਿ ਯਿਸੂ ਨੇ ਚੇਲਿਆਂ ਨੂੰ ਗਲੀਲ ਵਿੱਚ ਮੱਛੀਆਂ ਫੜਦੇ ਪਾਇਆ ਸੀ ਅਤੇ ਉਸ ਨੇ ਪਤਰਸ ਅਤੇ "ਹੋਰ ਚੇਲਿਆਂ" ਨਾਲ ਗੱਲ ਕੀਤੀ ਸੀ (ਯੂਹੰਨਾ 21:4-14)। 1 ਕੁਰਿੰਥੀਆਂ 15:6 ਵਿੱਚ ਜਿਸ

ਘਟਨਾ ਦਾ ਜ਼ਿਕਰ ਕੀਤਾ ਗਿਆ ਹੈ ਉਹ ਗਲੀਲ ਵਿੱਚ ਵਾਪਰੀ ਸੀ ਜਾਂ ਨਹੀਂ, ਪੰਜ ਸੌ ਲੋਕਾਂ ਦੀ ਸਾਖੀ ਵਿੱਚ ਪੌਲੁਸ ਦਾ ਭਰੋਸਾ ਸਪੱਸ਼ਟ ਹੈ। ਉਸ ਨੇ ਆਪਣੇ ਪਾਠਕਾਂ ਨੂੰ ਚੇਤੇ ਕਰਾਇਆ ਕਿ ਇਨ੍ਹਾਂ ਗਵਾਹਾਂ ਵਿੱਚੋਂ ਜ਼ਿਆਦਾਤਰ ਅਜੇ ਜੀਉਂਦੇ ਸਨ। ਉਨ੍ਹਾਂ ਦੀ ਸਾਖੀ ਤੇ ਕਿਸੇ ਤਰ੍ਹਾਂ ਦਾ ਕੋਈ ਸ਼ੱਕ ਨਹੀਂ ਸੀ ਕੀਤਾ ਜਾ ਸਕਦਾ। ਜਿਸ ਨੂੰ ਕਿਸੇ ਤਰ੍ਹਾਂ ਦਾ ਕੋਈ ਸ਼ੱਕ ਸੀ ਉਹ ਉਨ੍ਹਾਂ ਵਿੱਚੋਂ ਕੁਝ ਲੋਕਾਂ ਨੂੰ ਜਿਹੜੇ ਅਜੇ ਜੀਉਂਦੇ ਸਨ ਲੱਭ ਕੇ ਪੁੱਛ ਸਕਦਾ ਸੀ ਕਿ ਉਨ੍ਹਾਂ ਨੇ ਕੀ ਵੇਖਿਆ ਸੀ।

**ਆਇਤ 7.** ਯਿਸੂ ਦੇ **ਯਾਕੂਬ** ਨੂੰ ਦਰਸ਼ਣ ਦੇਣ ਬਾਰੇ ਵੀ ਸਿਰਫ ਪੌਲੁਸ ਦੁਆਰਾ ਹੀ ਜ਼ਿਕਰ ਕੀਤਾ ਗਿਆ ਸੀ। ਇੱਥੇ ਜਿਹੜਾ ਯਾਕੂਬ ਹੈ ਉਹ ਨਿਸ਼ਚਤ ਤੌਰ ਤੇ ਪ੍ਰਭੂ ਦਾ ਭਰਾ ਹੀ ਸੀ (ਗਲਾਤੀਆਂ 1:19)। ਯੂਹੰਨਾ ਦਾ ਭਰਾ ਯਾਕੂਬ ਪਹਿਲਾਂ ਹੀ ਮਰ ਚੁੱਕਾ ਸੀ (ਰਸੂਲਾਂ ਦੇ ਕਰਤੱਬ 12:2), ਜਦ ਕਿ ਪ੍ਰਭੂ ਦਾ ਭਰਾ ਯਾਕੂਬ ਯਰੂਸ਼ਲਮ ਦੀ ਕਲੀਸੀਆ ਦਾ ਆਗੂ ਬਣਿਆ ਸੀ (ਰਸੂਲਾਂ ਦੇ ਕਰਤੱਬ 12:17; 15:13; 21:18)। ਸ਼ਾਇਦ ਯਾਕੂਬ ਅਤੇ ਯਹੂਦਾਹ ਦੋਵਾਂ ਦੀ ਗੱਲਬਾਤ ਇਸ ਦਰਸ਼ਣ ਦਾ ਹੀ ਨਤੀਜਾ ਸੀ (ਰਸੂਲਾਂ ਦੇ ਕਰਤੱਬ 1:14)। ਰਸੂਲਾਂ ਨੂੰ ਦੂਜੀ ਵਾਰੀ ਦਰਸ਼ਣ ਦੇਣਾ ਸੰਭਵ ਤੌਰ ਤੇ ਉਹੀ ਸੀ ਜਿਸ ਦਾ ਯੂਹੰਨਾ 20:26-29 ਜਾਂ ਰਸੂਲਾਂ ਦੇ ਕਰਤੱਬ 1:1-9 ਵਿੱਚ ਹਵਾਲਾ ਦਿੱਤਾ ਗਿਆ ਸੀ। ਜੋ ਲੋਕ ਇਸ ਆਇਤ ਵਿੱਚ **ਰਸੂਲਾਂ** ਨੂੰ 15:5 ਵਿੱਚ "ਬਾਰ੍ਹਾਂ" ਨਾਲੋਂ ਵੱਖਰਾ ਬਣਾਉਣਾ ਚਾਹੁੰਦੇ ਹਨ ਉਨ੍ਹਾਂ ਕੋਲ ਅਜਿਹੀ ਹਾਲਤ ਦੇ ਲਈ ਬਾਈਬਲ ਵਿੱਚੋਂ ਕੋਈ ਆਧਾਰ ਨਹੀਂ ਹੈ।

ਜੀ ਉੱਠਣ ਤੋਂ ਬਾਅਦ ਯਿਸੂ ਦੇ ਦਰਸ਼ਣਾਂ ਦੀ ਇਹ ਸੂਚੀ ਥਕਾਉਣ ਵਾਲੀ ਨਹੀਂ ਹੈ। ਨਾ ਹੀ ਪੌਲੁਸ ਨਿਸ਼ਚਤ ਤੌਰ ਤੇ ਇਸ ਨੂੰ ਥਕਾਉਣ ਵਾਲੀ ਬਣਾਉਣਾ ਚਾਹੁੰਦਾ ਸੀ; ਦਰਸ਼ਣ ਜਿਨ੍ਹਾਂ ਨੂੰ ਉਸ ਨੇ ਇੱਕ-ਇੱਕ ਕਰਕੇ ਦੱਸਿਆ ਯਿਸੂ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੀ ਪੁਸ਼ਟੀ ਕਰਨ ਦੇ ਲਈ ਤਕੜੀ ਇਤਹਾਸਕ ਗਵਾਹੀ ਪ੍ਰਦਾਨ ਕਰਦੇ ਹਨ। ਇੰਜੀਲ ਦੇ ਬਿਰਤਾਂਤ ਔਰਤਾਂ ਦੁਆਰਾ ਖਾਲੀ ਕਬਰ ਪਾਏ ਜਾਣ ਤੋਂ ਬਾਅਦ ਵੀ ਯਿਸੂ ਦੇ ਸਰੀਰਕ ਰੂਪ ਵਿੱਚ ਹੋਰ ਦਰਸ਼ਣਾਂ ਬਾਰੇ ਬਿਆਨ ਕਰਦੇ ਹਨ। ਜ਼ਿਆਦਾਤਰ, ਸਿਰਫ ਉਹ ਲੋਕ ਜਿਹੜੇ ਉਨ੍ਹਾਂ ਘਟਨਾਵਾਂ ਦੇ ਪ੍ਰਤੀ ਇਤਹਾਸਿਕ ਗਵਾਹੀ ਦੀ ਸੱਚਾਈ ਨੂੰ ਸੀਮਿਤ ਕਰਦੇ ਹਨ ਜੋ ਦੁਹਰਾਈਆਂ ਜਾ ਸਕਦੀਆਂ ਅਤੇ ਆਧੁਨਿਕ ਪ੍ਰਯੋਗਸ਼ਾਲਾ ਵਿੱਚ ਪ੍ਰਮਾਣਿਤ ਕੀਤੀਆਂ ਜਾ ਸਕਦੀਆਂ ਹਨ ਸ਼ੱਕ ਕਰਦੇ ਹਨ ਕਿ ਯਿਸੂ ਜਥਾਰਥ ਰੂਪ ਵਿੱਚ ਅਸਲ ਸਮੇਂ ਤੇ ਸਰੀਰਕ ਰੂਪ ਵਿੱਚ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ।

**ਆਇਤ 8.** ਪੌਲੁਸ ਨੇ ਦੰਮਿਸਕ ਦੇ ਰਾਹ ਤੇ ਯਿਸੂ ਦੁਆਰਾ ਉਸ ਨੂੰ ਦਰਸ਼ਣ ਦੇਣ ਨੂੰ (ਰਸੂਲਾਂ ਦੇ ਕਰਤੱਬ 9:3-6) ਦੂਜਿਆਂ ਨੂੰ ਉਸ ਦੇ ਦਰਸ਼ਣ ਦੇਣ ਦੀ ਸ਼ਰੇਣੀ ਵਿੱਚ ਹੀ ਰੱਖਿਆ, ਹਾਲਾਂਕਿ ਉਨ੍ਹਾਂ ਵਿੱਚ ਕਾਫੀ ਫ਼ਰਕ ਸੀ। ਪ੍ਰਭੂ ਨੇ ਸੁਰਗ ਨੂੰ ਉਠਾਏ ਜਾਣ ਤੋਂ ਬਾਅਦ ਪੌਲੁਸ ਨੂੰ ਦਰਸ਼ਣ ਦਿੱਤਾ ਸੀ (ਰਸੂਲਾਂ ਦੇ ਕਰਤੱਬ 1:9); ਦੂਜਿਆਂ ਨੂੰ ਉਸ ਨੇ ਸੁਰਗ ਨੂੰ ਉਠਾਏ ਜਾਣ ਤੋਂ ਪਹਿਲਾਂ ਦਰਸ਼ਣ ਦਿੱਤਾ ਸੀ। ਪ੍ਰਭੂ ਨੂੰ ਵੇਖਣਾ ਰਸੂਲਪੁਣੇ ਦੇ ਲਈ ਇੱਕ ਯੋਗਤਾ ਸੀ (1 ਕੁਰਿੰਥੀਆਂ 9:1)। ਜਦ ਕਿ ਪੌਲੁਸ ਨੇ ਇਹ ਸਵੀਕਾਰ ਕੀਤਾ ਕਿ ਪ੍ਰਭੂ ਦੇ ਜੀ ਉੱਠਣ ਤੋਂ ਬਾਅਦ ਪੌਲੁਸ ਨੂੰ ਦਰਸ਼ਣ ਦੇਣ ਅਤੇ ਪ੍ਰਭੂ ਦੇ ਦੂਜਿਆਂ ਨੂੰ ਦਰਸ਼ਣ ਦੇਣ ਵਿਚਕਾਰ ਫ਼ਰਕ ਸਨ, ਉਸ ਨੇ ਨਿਸ਼ਚੇਪੂਰਵਕ ਕਿਹਾ ਕਿ ਉਸ ਨੂੰ ਵੀ ਦੂਜਿਆਂ ਦੇ ਵਾਂਗ ਜੀ ਉੱਠੇ ਮਸੀਹ ਦਾ ਦਰਸ਼ਣ ਹੋਇਆ ਸੀ। ਉਸ ਨੇ ਇਹ ਐਲਾਨ ਕਰਨ ਦੁਆਰਾ ਇਸ ਤੇ ਜ਼ੋਰ ਦਿੱਤਾ ਕਿ ਯਿਸੂ ਨੇ ਉਸ ਨੂੰ ਇਸ ਤਰ੍ਹਾਂ ਰਸੂਲਪੁਣਾ ਦਿੱਤਾ ਸੀ ਜਿਵੇਂ ਇੱਕ ਅਧੂਰੇ ਜੰਮ ਨੂੰ

(ὡσπερεὶ τῷ ἐκτρώματι, *ਹੋਸਪੇਰੀ ਟੂ ਏਕਟਰੋਮਾਟੀ*)। ਉਸ ਦਾ ਰਸੂਲਾਂ ਦੇ ਨਾਲ ਸ਼ਾਮਲ ਹੋਣਾ ਸਧਾਰਣ ਨਹੀਂ ਸੀ, ਪਰ ਉਸ ਨੇ ਜ਼ੋਰ ਦਿੱਤਾ ਕਿ ਦੰਮਿਸਕ ਦੇ ਮਾਰਗ ਤੇ ਜੋ ਘਟਨਾ ਵਾਪਰੀ ਸੀ ਕਿ ਉਸ ਨੇ ਉਹ ਨੂੰ ਹਰ ਭਾਵ ਵਿੱਚ ਇੱਕ ਰਸੂਲ ਬਣਨ ਦੇ ਲਈ ਯੋਗ ਬਣਾਇਆ ਸੀ। ਨਿਹਚਾ ਅਤੇ ਵਿਹਾਰ ਦੇ ਮਾਮਲਿਆਂ ਵਿੱਚ, ਕਲੀਸੀਆਵਾਂ ਨੇ ਉਸ ਨੂੰ ਇਸ ਤਰ੍ਹਾਂ ਸਮਝਣਾ ਸੀ ਜਿਵੇਂ ਕਿ ਉਸ ਦੇ ਕੋਲ ਰਸੂਲੀ ਇਖ਼ਤਿਆਰ ਸੀ। ਵਿਹਾਰਕ ਅਰਥ ਇਹ ਸੀ ਕਿ ਭਾਵੇਂ ਉਸ ਨੇ ਆਪ ਆ ਕੇ ਜਾਂ ਪੱਤ੍ਰੀਆਂ ਰਾਹੀਂ ਉਨ੍ਹਾਂ ਨੂੰ ਨਸੀਹਤਾਂ ਦਿੱਤੀਆਂ ਸਨ, ਉਸ ਦੀਆਂ ਨਸੀਹਤਾਂ ਨੂੰ ਪ੍ਰਭੂ ਦੀ ਵੱਲੋਂ ਮਿਲੀਆਂ ਨਸੀਹਤਾਂ ਵਜੋਂ ਸਵੀਕਾਰ ਕੀਤਾ ਜਾਣਾ ਚਾਹੀਦਾ ਸੀ।

ਅਸੀਂ ਪੌਲੁਸ ਦੀ ਰਸੂਲੀ ਬੁਲਾਹਟ ਦੇ ਲਈ ਤਕਨੀਕੀ ਸ਼ਬਦ ἔκτρωμα (*ਏਕਟਰੋਮਾ*, "ਅਧੂਰੇ ਜੰਮ") ਦੀ ਚੋਣ ਬਾਰੇ ਕੀ ਸਮਝਣਾ ਹੈ? ਨਵੇਂ ਨੇਮ ਵਿਚ ਇਹ ਸ਼ਬਦ ਸਿਰਫ ਇੱਕੋ ਵਾਰ ਇੱਥੇ ਆਉਂਦਾ ਹੈ, ਪਰ ਇਹ ਪ੍ਰਾਚੀਨ ਯੂਨਾਨੀ ਮੈਡੀਕਲ ਸਾਹਿਤ ਵਿੱਚ ਕਾਫੀ ਆਮ ਸ਼ਬਦ ਸੀ। ਇਹ ਸਮੇਂ ਤੋਂ ਪਹਿਲਾਂ ਜਨਮ ਜਾਂ ਗਰਭਪਾਤ ਦਾ ਸੰਕੇਤ ਸੀ, ਅਰਥਾਤ ਇੱਕ ਅਸਧਾਰਣ ਘਟਨਾ ਜੋ ਸਮੇਂ ਤੋਂ ਪਹਿਲਾਂ ਵਾਪਰ ਜਾਂਦੀ ਸੀ।[5] ਕਿਸੇ ਵੀ ਅਨੁਮਾਨ ਤੋਂ, ਰਸੂਲਪੁਣੇ ਦੇ ਲਈ ਪੌਲੁਸ ਦੀ ਬੁਲਾਹਟ ਉਮੀਦ ਕੀਤੇ ਹੋਏ ਸਮੇਂ ਤੋਂ ਪਹਿਲਾਂ ਨਹੀਂ ਸੀ। ਇਸ ਦੇ ਉਲਟ, ਦੰਮਿਸਕ ਦੇ ਮਾਰਗ ਤੇ ਪ੍ਰਭੂ ਦਾ ਪੌਲੁਸ ਨੂੰ ਦਰਸ਼ਣ ਦੇਣਾ ਉਸ ਸਮੇਂ ਤੋਂ ਬਾਅਦ ਸੀ ਜਦੋਂ ਕਿਸੇ ਨੇ ਇਹ ਉਮੀਦ ਕੀਤੀ ਹੋਵੇਗੀ ਕਿ ਹੁਣ ਰਸੂਲਪੁਣੇ ਦਾ ਅਹੁਦਾ ਮਿਲਣ ਦਾ ਸਮਾਂ ਖਤਮ ਹੋ ਚੁੱਕਾ ਹੈ।

ਇਸ ਰੂਪਕ ਦੇ ਲਈ ਪੌਲੁਸ ਦੀ ਚੋਣ ਦੀ ਸਭ ਤੋਂ ਸਰਲ ਵਿਆਖਿਆ ਇਹ ਹੈ ਕਿ ਉਹ ਆਪਣੀ ਬੁਲਾਹਟ ਦੇ ਇੱਕ ਤੰਗ ਪਹਿਲੂ ਤੇ ਆਪਣਾ ਧਿਆਨ ਕੇਂਦਰਿਤ ਕਰਨਾ ਚਾਹੁੰਦਾ ਸੀ। ਨਾ ਹੀ ਇਸ ਰੂਪਕ ਅਤੇ ਨਾ ਹੀ ਕਿਸੇ ਹੋਰ ਰੂਪਕ ਦਾ ਵਿਸਤਰਤ ਸਮਾਨਤਾ ਦੇ ਲਈ ਵਿਸ਼ਲੇਸ਼ਣ ਹੋਣਾ ਹੈ। ਯੂਨਾਨੀ ਸ਼ਬਦ *ਏਕਟਰੋਮਾ* ਹੋਣ ਵਾਲੀਆਂ ਉਮੀਦਾਂ ਕੀਤੀਆਂ ਗੱਲਾਂ ਤੋਂ ਬਾਹਰ ਇੱਕ ਬੱਚੇ ਦੇ ਦੁਨੀਆ ਵਿੱਚ ਆਉਣ ਦਾ ਸੰਕੇਤ ਸੀ। ਪੌਲੁਸ ਦੇ ਮਨ ਪਰਿਵਰਤਨ ਅਤੇ ਰਸੂਲਪੁਣੇ ਦਾ ਸਮਾਂ ਉਮੀਦ ਕੀਤੇ ਹੋਏ ਸਮੇਂ ਤੇ ਨਹੀਂ ਸੀ। ਉਸ ਭਾਵ ਵਿੱਚ, ਉਹ "ਅਧੂਰਾ ਜੰਮ" ਸੀ। ਇਸ ਅਲੰਕਾਰ ਤੇ ਹੋਰ ਜ਼ਿਆਦਾ ਜ਼ੋਰ ਦੇਣ ਦੀ ਲੋੜ ਨਹੀਂ ਹੈ।

ਇੱਕ ਹੋਰ ਸਵਾਲ ਉੱਠਦਾ ਹੈ: ਪੌਲੁਸ ਦੇ ਇਹ ਲਿਖਣ ਦਾ ਅਰਥ ਕੀ ਹੈ ਕਿ **ਸਭ ਦੇ ਪਿੱਛੋਂ ਮੈਨੂੰ ਵੀ ਦਰਸ਼ਣ ਦਿੱਤਾ . . .** ? ਸ਼ਾਇਦ ਗੈਰ ਕੌਮਾਂ ਦੇ ਲਈ ਬਣੇ ਇਸ ਰਸੂਲ ਦਾ ਅਰਥ ਇਹ ਸੀ ਕਿ ਉਸ ਨੂੰ "ਸਭ ਦੇ ਪਿੱਛੋਂ" ਰਸੂਲਾਂ ਵਿੱਚ ਸ਼ਾਮਲ ਕੀਤਾ ਗਿਆ ਸੀ ਅਤੇ ਉਹ ਤੋਂ ਬਾਅਦ ਹੋਰ ਕਿਸੇ ਨੂੰ ਵੀ ਸ਼ਾਮਲ ਨਹੀਂ ਸੀ ਕੀਤਾ ਜਾਣਾ। ਇੱਕ ਹੋਰ ਸੰਭਾਵਨਾ ਇਹ ਹੈ ਕਿ "ਸਭ ਦੇ ਪਿੱਛੋਂ" ਅਧੀਨਗੀ ਦਾ ਭਾਵ ਹੈ। ਆਖ਼ਰੀ ਸ਼ਬਦ "ਮੈਨੂੰ ਵੀ" ਯੂਨਾਨੀ ਸ਼ਬਦ κἀμοί (*ਕਮੋਈ*) ਦਾ ਅਨੁਵਾਦ ਕਰਦਾ ਹੈ ਜਿਹੜਾ ਬੇਪਰਤੀਤੀ ਨੂੰ ਵਿਅਕਤ ਕਰ ਸਕਦਾ ਹੈ: "ਉਸ ਨੇ ਮੇਰੇ ਵਰਗੇ ਨੂੰ ਵੀ ਦਰਸ਼ਣ ਦਿੱਤਾ ਸੀ।" ਤੀਜੀ ਸੰਭਾਵਨਾ ਇਹ ਹੈ ਕਿ "ਸਭ ਦੇ ਪਿੱਛੋਂ" ਸਿਰਫ ਸੂਚੀ ਨੂੰ ਖਤਮ ਕਰਨ ਦੀ ਇੱਕ ਯੁਕਤੀ ਹੈ।

ਕਿਉਂਕਿ ਪੌਲੁਸ ਨੂੰ ਆਪਣੇ ਰਸੂਲੀ ਇਖ਼ਤਿਆਰ ਦੇ ਵੱਲ ਅੱਗੇ ਵਧਣ ਦੇ ਲਈ ਜੀ ਉੱਠਣ ਦੇ ਬਾਰੇ ਗੈਰ-ਸ਼ਾਬਦਿਕ ਵਿਚਾਰਾਂ ਨੂੰ ਨਿਰਉਤਸ਼ਾਹਿਤ ਕਰਨ ਦੀ ਲੋੜ ਸੀ, ਨਰਮਾਈ ਵਾਲਾ "ਸਭ ਦੇ ਪਿੱਛੋਂ" ਸ਼ਾਇਦ ਉਚਿਤ ਜਾਪਦਾ ਹੈ। ਉਹ ਬੁਨਿਆਦ ਜੋ ਪੌਲੁਸ ਨੂੰ ਆਪਣੇ ਇਖ਼ਤਿਆਰ ਤੇ ਜ਼ੋਰ ਦੇਣ ਦੇ ਲਈ ਰੱਖਣੀ ਪਈ ਸੀ ਉਸ ਤੇ ਵਿਚਾਰ ਕਰਦੇ ਹੋਏ,

ਇਹ ਸੰਭਵ ਹੈ ਕਿ “ਸਭ ਦੇ ਪਿੱਛੋਂ” ਵਾਕ ਉਸ ਦੇ ਇਸ ਦ੍ਰਿੜ੍ਹ ਵਿਸ਼ਵਾਸ ਵੱਲ ਇਸ਼ਾਰਾ ਕਰਦਾ ਹੈ ਕਿ ਰਸੂਲ ਦੀ ਪਦਵੀ ਮਿਲਣਾ ਉਸ ਸਮੇਂ ਬੰਦ ਹੋ ਗਿਆ ਜਦੋਂ ਉਹ ਰਸੂਲਾਂ ਦੀ ਗਿਣਤੀ ਵਿੱਚ ਸ਼ਾਮਲ ਹੋ ਗਿਆ। ਕਿਸੇ ਵੀ ਹਾਲਤ ਵਿੱਚ, ਉਹ ਇੱਕ ਰਸੂਲ ਸੀ ਅਤੇ ਰਸੂਲ ਹੋਣ ਦੇ ਨਾਤੇ ਉਹ ਜੀ ਉੱਠਣ ਬਾਰੇ ਦ੍ਰਿੜ੍ਹਤਾ ਨਾਲ ਗੱਲ ਕਰ ਸਕਦਾ ਸੀ।

**ਆਇਤ 9.** ਪੌਲੁਸ ਵਿਸ਼ਵਾਸੀਆਂ ਦੇ ਲਈ ਸਰੀਰਕ ਰੂਪ ਵਿੱਚ ਜੀ ਉੱਠਣ ਦੀ ਆਪਣੀ ਜਿੱਦ ਦੀ ਪ੍ਰਸਤਾਵਨਾ ਦੇ ਰੂਪ ਵਿੱਚ ਯਿਸੂ ਦੇ ਜੀ ਉੱਠਣ ਤੋਂ ਬਾਅਦ ਉਸ ਦੇ ਦਰਸ਼ਣਾਂ ਨੂੰ ਇੱਕ-ਇੱਕ ਕਰਕੇ ਗਿਣਾ ਰਿਹਾ ਸੀ। ਜੀ ਉੱਠੇ ਯਿਸੂ ਦੇ ਬਾਰੇ ਉਸ ਦੀ ਆਪਣੀ ਗਵਾਹੀ ਦੰਮਿਸਕ ਮਾਰਗ ਤੇ ਵਾਪਰੀ ਘਟਨਾ ਅਤੇ ਉਸ ਤੋਂ ਬਾਅਦ ਇੱਕ ਰਸੂਲ ਦੇ ਨਾਤੇ ਉਸ ਨੂੰ ਮਿਲੀ ਆਗਿਆ ਦਾ ਹਵਾਲਾ ਸੀ। ਫਿਰ ਵੀ, 15:9-11 ਵਿੱਚ ਮੁੱਖ ਕੇਂਦਰ ਬਿੰਦੂ ਪੌਲੁਸ ਦੇ ਨਿੱਜੀ ਅਨੁਭਵ ਨਹੀਂ ਹਨ; ਇਹ ਜੀ ਉੱਠੇ ਪ੍ਰਭੂ ਦੀ ਸਰੀਰਕ ਰੂਪ ਵਿੱਚ ਮੌਜੂਦਗੀ ਹੈ।

ਪੌਲੁਸ ਆਪਣੀ ਸੇਵਕਾਈ ਦੇ ਦੋ ਮਹੱਤਵਪੂਰਣ ਤੱਥਾਂ ਨਾਲ ਸਮਝੌਤਾ ਨਹੀਂ ਕਰੇਗਾ। ਪਹਿਲਾ, ਉਸ ਦਾ ਰਸੂਲਪੁਣਾ ਉਸੇ ਹਾਲਤ ਵਿੱਚ ਨਹੀਂ ਸੀ ਜਿਸ ਹਾਲਤ ਵਿੱਚ ਬਾਰ੍ਹਾਂ ਚੇਲਿਆਂ ਦਾ ਸੀ। ਉਸ ਨੂੰ ਜੋ ਇਖ਼ਤਿਆਰ ਮਿਲਿਆ ਸੀ ਉਹ ਰਸੂਲਾਂ ਕੋਲੋਂ ਜਾਂ ਕਿਸੇ ਮਨੁੱਖ ਕੋਲੋਂ ਨਹੀਂ ਸੀ ਮਿਲਿਆ (ਗਲਾਤੀਆਂ 1:1); ਪ੍ਰਭੂ ਨੇ ਖੁਦ ਰਸੂਲ ਨੂੰ ਪਰਚਾਰ ਕਰਨ ਦੀ ਆਗਿਆ ਦਿੱਤੀ ਸੀ। ਦੂਜਾ, ਰਸੂਲ ਉਸ ਆਦਰ ਦੇ ਲਈ ਜੋ ਪ੍ਰਭੂ ਨੇ ਉਸ ਨੂੰ ਦਿੱਤਾ ਸੀ ਉਸ ਦੀ ਆਪਣੀ ਅਜੋਗਤਾ ਦੇ ਗੂੜ੍ਹੇ ਭਾਵ ਨੂੰ ਆਪਣੇ ਨਾਲ-ਨਾਲ ਲਈ ਫਿਰਦਾ ਸੀ। ਇੱਕ ਭਾਵ ਵਿੱਚ, ਉਹ **ਸਭਨਾਂ ਰਸੂਲਾਂ ਨਾਲੋਂ ਛੋਟਾ** ਸੀ; ਪਰ ਉਸ ਦੀ ਅਧੀਨਗੀ ਕਿਸੇ ਦੂਜੇ ਅਹੁਦੇ ਤੋਂ ਨਹੀਂ ਸੀ ਆਈ। ਉਸ ਨੇ ਆਪਣੇ ਆਪ ਨੂੰ ਛੋਟਾ ਸਮਝਿਆ ਕਿਉਂਕਿ ਉਸ ਨੇ **ਪਰਮੇਸ਼ੁਰ ਦੀ ਕਲੀਸਿਯਾ ਨੂੰ ਸਤਾਇਆ ਸੀ**। ਪੌਲੁਸ ਇਹ ਨਹੀਂ ਸੀ ਭੁੱਲ ਸਕਦਾ, ਇੱਕ ਸਮੇਂ, ਉਸ ਨੇ ਮਸੀਹੀ ਲੋਕਾਂ ਨੂੰ ਲੱਭ ਨੇ ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ੀ ਅਤੇ ਅਤੇ ਮੌਤ ਦੇ ਲਈ ਸੌਂਪ ਦਿੱਤਾ ਸੀ (ਰਸੂਲਾਂ ਦੇ ਕਰਤੱਬ 22:4; 1 ਤਿਮੋਥਿਉਸ 1:12-14)। ਉਹ ਇਹ ਸਮਝਦਾ ਸੀ ਕਿ ਕਲੀਸੀਆ ਨੂੰ ਸਤਾਉਣ ਦੇ ਦੁਆਰਾ, ਉਹ ਮਸੀਹ ਦੇ ਵਿਰੁੱਧ ਆਪਣੇ ਕ੍ਰੋਧ ਨੂੰ ਪਰਗਟ ਕਰ ਰਿਹਾ ਸੀ (ਰਸੂਲਾਂ ਦੇ ਕਰਤੱਬ 9:4, 5)। ਜਦੋਂ ਉਸ ਨੇ ਪਿੱਛੇ ਮੁੜ ਕੇ ਝਾਤੀ ਮਾਰੀ ਤਾਂ ਉਸ ਨੇ ਆਪਣੇ ਜੀਵਨ ਵਿੱਚ ਹਨੇਰੇ ਵਾਲੇ ਸਮੇਂ ਨੂੰ ਵੇਖਿਆ ਜਦੋਂ ਉਸ ਨੇ ਮਸੀਹ ਦਾ ਵਿਰੋਧ ਕੀਤਾ ਸੀ।

ਇਹ ਕਿ ਪੌਲੁਸ ਇੱਕ ਅਣਖ ਰੱਖਣ ਵਾਲਾ ਯਹੂਦੀ ਸੀ ਅਤੇ ਕਲੀਸੀਆ ਨੂੰ ਸਤਾਉਣ ਵਾਲਾ ਸੀ ਇਹ ਬਿਨਾਂ ਸਕਾਰਾਤਮਕ ਪ੍ਰਭਾਵ ਤੋਂ ਨਹੀਂ ਸੀ। ਇਸ ਪਿਛੋਕੜ ਨੇ ਉਸ ਦੇ ਕੰਮ ਨੂੰ ਵੱਡੀ ਭਰੋਸੇਯੋਗਤਾ ਦਿੱਤੀ ਸੀ। ਮਸੀਹੀ ਲੋਕਾਂ ਨਾਲ ਉਸ ਦੇ ਸ਼ੁਰੂਆਤੀ ਟਕਰਾਵਾਂ ਤੋਂ, ਪੌਲੁਸ ਅੰਦਰ ਖੁਸ਼ਖ਼ਬਰੀ ਸੰਦੇਸ਼ ਦੇ ਅਰਥਾਂ ਨੂੰ ਸਮਝਣ ਦੀ ਸੂਝ ਸੀ। ਉਸ ਨੇ ਇਹ ਹਮੇਸ਼ਾ ਤੋਂ ਸਮਝਿਆ ਸੀ ਕਿ ਯਹੂਦੀ ਧਰਮ ਦੇ ਗਲੀਚੇ ਤੇ ਨਾਜ਼ਰੀਨ ਦੇ ਚੇਲਿਆਂ ਨੂੰ ਬੁਣਨਾ ਅਸੰਭਵ ਹੋਵੇਗਾ। ਯਹੂਦੀ ਅਤੇ ਗੈਰ ਕੌਮ ਦੇ ਲੋਕ ਪਰਮੇਸ਼ੁਰ ਦੇ ਸਾਹਮਣੇ ਇੱਕ ਸਮਾਨ ਸਨ ਅਤੇ ਉਨ੍ਹਾਂ ਦਾ ਸਾਹਮਣਾ ਇੱਕੋ ਸੰਦੇਸ਼ ਅਤੇ ਇੱਕੋ ਜਿਹੀਆਂ ਮੰਗਾਂ ਨਾਲ ਹੋਇਆ ਸੀ। ਯਹੂਦੀ ਲੋਕਾਂ ਦੇ ਕੋਲ ਕੋਈ ਵਿਸ਼ੇਸ਼ ਦਾਅਵਾ ਨਹੀਂ ਸੀ। ਇੰਜੀਲ ਦੇ ਅਰਥਾਂ ਦੇ ਲਈ ਵਿਰੋਧ ਤਰਸੁਸ ਦੇ ਸੌਲੁਸ ਦੇ ਲਈ ਉਤਸ਼ਾਹ ਨਾਲ ਅਤੇ ਸੱਚੇ ਮਨ ਨਾਲ ਆਪਣੀਆਂ ਊਰਜਾਂ ਨੂੰ ਨਾਸ ਦੇ ਲਈ ਵਰਤਣ ਦਾ ਸਬੱਬ ਬਣਿਆ ਸੀ। ਇਹ ਅਹਿਸਾਸ ਕਰਨ ਤੋਂ ਬਾਅਦ ਕਿ, ਕਿਰਪਾ ਦੇ ਦੁਆਰਾ, ਪਰਮੇਸ਼ੁਰ ਬਿਨਾਂ ਕਿਸੇ ਪੱਖਪਾਤ ਦੇ ਯਹੂਦੀ ਅਤੇ ਗੈਰ ਕੌਮਾਂ ਦੇ ਲੋਕਾਂ ਤੀਕ

ਪਹੁੰਚਿਆ ਸੀ, ਪੌਲੁਸ ਨੇ ਆਪਣੇ ਮਹੱਤਵਪੂਰਣ ਗੁਣਾਂ ਨੂੰ ਉਸੇ ਕੰਮ ਨੂੰ ਉਸਾਰਣ ਦੀ ਵੱਲ ਮੋੜ ਲਿਆ ਜਿਸ ਨੂੰ ਪਹਿਲਾਂ ਉਸ ਨੇ ਸਤਾਇਆ ਸੀ। ਫਿਰ ਪਰਮੇਸ਼ੁਰ ਨੇ ਪੂਰੇ ਸੰਸਾਰ ਵਿੱਚ ਮਸੀਹ ਦੇ ਸੰਦੇਸ਼ ਨੂੰ ਫੈਲਾਉਣ ਦੇ ਲਈ ਉਸ ਦੇ ਰਾਹੀਂ ਕੰਮ ਕੀਤਾ। ਉਹ ਗੈਰ ਕੌਮਾਂ ਦੇ ਲਈ ਪਰਮੇਸ਼ੁਰ ਦਾ ਰਸੂਲ ਬਣਿਆ।

**ਆਇਤ 10.** ਰਸੂਲ ਨੇ ਪਰਮੇਸ਼ੁਰ ਦੀ ਕਿਰਪਾ ਨੂੰ ਅੱਗੇ ਰੱਖਣ ਦੇ ਦੁਆਰਾ ਆਪਣੀ ਸੇਵਕਾਈ ਦੇ ਸਾਰ ਨੂੰ ਸ਼ੁਰੂ ਅਤੇ ਖਤਮ ਕੀਤਾ ਸੀ। ਪੌਲੁਸ ਨੇ ਆਪਣੇ ਆਪ ਦੀ ਕੋਈ ਸੋਭਾ ਨਹੀਂ ਕੀਤੀ। ਪਰਮੇਸ਼ੁਰ ਦੀ ਕਿਰਪਾ ਦੇ ਕਾਰਣ, ਉਹ ਵਧੀਕ ਮਿਹਨਤ ਕਰਨ ਵਿੱਚ ਅਤੇ ਦੂਜਿਆਂ ਰਸੂਲਾਂ ਨਾਲੋਂ ਜ਼ਿਆਦਾ ਫਲ ਉਤਪੰਨ ਕਰਨ ਵਿੱਚ ਸਮਰੱਥ ਹੋਇਆ ਸੀ। ਇਹ ਐਲਾਨ ਕਿ ਉਸ ਨੇ **ਉਨ੍ਹਾਂ ਸਭਨਾਂ ਨਾਲੋਂ ਵਧੀਕ ਮਿਹਨਤ ਕੀਤੀ** ਸਪੱਸ਼ਟ ਰੂਪ ਵਿੱਚ ਇਹ ਅਰਥ ਹੈ ਕਿ ਉਸ ਨੇ ਬਾਰ੍ਹਾਂ ਰਸੂਲਾਂ ਨਾਲੋਂ ਵਧੀਕ ਕੰਮ ਜਾਂ ਸੇਵਾ ਕੀਤੀ ਸੀ। ਐਫ. ਐਫ. ਬਰੂਸ ਨੇ ਇਸ ਨੂੰ ਥੋੜ੍ਹਾ ਜਿਹਾ ਵੱਖਰੇ ਢੰਗ ਨਾਲ ਵੇਖਿਆ ਸੀ। ਉਸ ਨੇ ਕਿਹਾ, "ਪੌਲੁਸ ਨੇ (ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ) ਯਿਸੂ ਦੇ ਅਸਲੀ ਚੇਲਿਆਂ ਵਿੱਚੋਂ ਕਿਸੇ ਨਾਲੋਂ ਵੀ ਵੱਧ ਆਪਣੇ ਸੁਆਮੀ ਦੀ ਹੋਂਦ ਅਤੇ ਕੰਮ ਦੇ ਵਿਸ਼ਵਵਿਆਪੀ ਅਰਥਾਂ ਦੀ ਪ੍ਰਸ਼ੰਸਾ ਕੀਤੀ ਸੀ ਅਤੇ ਉਨ੍ਹਾਂ ਨੂੰ ਵਿਹਾਰਕ ਪ੍ਰਭਾਵ ਦਿੱਤਾ ਸੀ।"[6] ਕੁਰਿੰਥੁਸ ਦੇ ਲੋਕਾਂ ਦੇ ਲਈ ਇਹ ਜਾਣਨਾ ਜ਼ਰੂਰੀ ਸੀ ਕਿ ਪੌਲੁਸ ਹਰ ਭਾਵ ਵਿੱਚ ਬਾਰ੍ਹਾਂ ਵਰਗਾ ਹੀ ਇੱਕ ਰਸੂਲ ਸੀ। ਇਨ੍ਹਾਂ ਮਸੀਹੀ ਲੋਕਾਂ ਵਿੱਚ ਉਸ ਦੇ ਵਚਨ ਲਈ ਜੋ ਆਦਰ ਸੀ ਉਹ ਮਸੀਹ ਦੇ ਪ੍ਰਤੀ ਉਨ੍ਹਾਂ ਦੀ ਵਫ਼ਾਦਾਰੀ ਦੇ ਲਈ ਸ਼ੁਰੂਆਤੀ ਬਿੰਦੂ ਸੀ।

ਰਸੂਲ ਨੇ ਪਰਮੇਸ਼ੁਰ ਦੀ ਕਿਰਪਾ ਦੇ ਦ੍ਰਿਸ਼ਟੀਕੋਣ ਤੋਂ ਉਸ ਦੇ ਆਪਣੇ ਜਤਨਾਂ ਦਾ ਮੁਲਾਂਕਣ ਕੀਤਾ ਸੀ। ਉਸ ਨੇ ਲਿਖਿਆ, **ਪਰੰਤੂ ਮੈਂ ਤਾਂ ਨਹੀਂ ਸਗੋਂ ਪਰਮੇਸ਼ੁਰ ਦੀ ਕਿਰਪਾ ਨੇ**। ਪਰਮੇਸ਼ੁਰ ਨੇ ਪੌਲੁਸ ਨੂੰ ਇੱਕ ਰਸੂਲ ਬਣਨ ਦੇ ਲਈ ਬੁਲਾਉਣ ਦੁਆਰਾ ਆਪਣੀ ਕਿਰਪਾ ਕੀਤੀ ਸੀ ਅਤੇ ਤਰਸੁਸ ਦੇ ਇਸ ਯਹੂਦੀ ਨੇ ਉਸ ਬੁਲਾਹਟ ਦਾ ਸਕਾਰਾਤਮਕ ਢੰਗ ਨਾਲ ਜਵਾਬ ਦਿੱਤਾ ਸੀ। ਉਸ ਦੇ ਪ੍ਰਤੀ ਪਰਮੇਸ਼ੁਰ ਦੀ ਕਿਰਪਾ **ਅਕਾਰਥ ਨਾ ਹੋਈ** ਅਤੇ ਪੌਲੁਸ ਨੂੰ ਪੂਰਾ ਭਰੋਸਾ ਸੀ ਕਿ ਕੁਰਿੰਥੁਸ ਦੇ ਲੋਕਾਂ ਤੇ ਕੀਤੀ ਗਈ ਕਿਰਪਾ ਵੀ ਅਕਾਰਥ ਨਹੀਂ ਹੋਵੇਗੀ (15:58)। ਪਰਮੇਸ਼ੁਰ ਦੁਆਰਾ ਪੌਲੁਸ ਨੂੰ ਦਿੱਤੀ ਗਈ ਆਗਿਆ ਅਤੇ ਰਸੂਲ ਦੇ ਆਗਿਆਕਾਰੀ ਜਵਾਬ ਦੇ ਨਤੀਜੇ ਵਜੋਂ, ਮਨੁੱਖਜਾਤੀ ਦੀ ਮੁਕਤੀ ਦੇ ਲਈ ਪਰਮੇਸ਼ੁਰ ਦੀ ਦੈਵੀ ਯੋਜਨਾ ਇਨ੍ਹਾਂ ਭਰਾਵਾਂ ਵਿੱਚ ਪੂਰੀ ਹੋਈ ਸੀ। ਪੌਲੁਸ ਪਰਮੇਸ਼ੁਰ ਦੁਆਰਾ ਦਿੱਤੀ ਕਿਰਪਾ ਦੇ ਪ੍ਰਤੀ ਵੱਖਰੇ ਢੰਗ ਨਾਲ ਪ੍ਰਤੀਕਿਰਿਆ ਕਰ ਸਕਦਾ ਸੀ, ਜਿਵੇਂ ਕਿ ਬਹੁਤ ਸਾਰੇ ਲੋਕ ਕਰ ਚੁੱਕੇ ਹਨ। ਛੁਟਕਾਰਾ ਉਨ੍ਹਾਂ ਦੇ ਲਈ ਆਉਂਦਾ ਹੈ ਜਿਹੜੇ ਨਿਹਚਾ ਅਤੇ ਆਗਿਆਕਾਰੀ ਵਿੱਚ ਜਵਾਬ ਦਿੰਦੇ ਹਨ ਕਿਉਂਕਿ ਪਰਮੇਸ਼ੁਰ ਨੇ ਬਚਾਉਣ ਦੇ ਲਈ ਪਹਿਲ ਕੀਤੀ ਹੈ।

**ਆਇਤ 11.** ਪੌਲੁਸ ਪ੍ਰਭੂ ਵੱਲੋਂ ਮਿਲੀ ਆਗਿਆ ਦੀ ਆਜ਼ਾਦੀ ਅਤੇ ਦੂਜਿਆਂ ਨਾਲ ਜਿਨ੍ਹਾਂ ਨੂੰ ਪ੍ਰਭੂ ਨੇ ਰਸੂਲਪੁਣਾ ਸੌਂਪਿਆ ਸੀ ਆਪਣੀ ਪਦਵੀ ਵਿਚਕਾਰ ਇੱਕ ਬਾਰੀਕ ਜਿਹੀ ਲਕੀਰ ਖਿੱਚ ਰਿਹਾ ਸੀ। "ਓਹ" ਦਾ ਪੂਰਵ ਸੂਚਕ "ਰਸੂਲ" ਹੈ (15:9), ਜੋ "ਬਾਰ੍ਹਾਂ" ਦੀ ਟੋਲੀ ਦੇ ਬਰਾਬਰ ਹੁੰਦਾ ਹੈ (15:5)। **ਭਾਵੇਂ . . . ਮੈਂ ਜਾਂ ਉਨ੍ਹਾਂ** ਨੇ ਕੁਝ ਕੀਤਾ ਸੀ, ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਉਹ ਸਾਰੇ ਉਸ ਮਿਸ਼ਨ ਵਿੱਚ ਸਾਂਝੀ ਹਨ ਜੋ ਪ੍ਰਭੂ ਦੀ ਵੱਲੋਂ ਮਿਲਿਆ ਹੈ। ਉਨ੍ਹਾਂ ਨੇ ਵੀ ਉਸੇ ਸੰਦੇਸ਼ ਦਾ ਪਰਚਾਰ ਕੀਤਾ ਸੀ, ਉਹ ਜਿਸ ਨੂੰ ਕੁਰਿੰਥੁਸ ਦੇ

ਲੋਕਾਂ ਨੇ ਨਿਹਚਾ ਨਾਲ ਕਬੂਲ ਕੀਤਾ ਸੀ। ਹੋਰ ਕਿਸੇ ਗੱਲ ਤੋਂ ਪਹਿਲਾਂ, ਉਹ ਸੰਦੇਸ਼ ਯਿਸੂ ਨਾਸਰੀ, ਇੱਕ ਇਤਹਾਸਕ ਮਨੁੱਖ ਦੀ ਇੱਕ ਪੁਸ਼ਟੀ, ਇੱਕ ਇਕਰਾਰ ਸੀ ਜਿਸ ਨੂੰ ਯਰੂਸ਼ਲਮ ਵਿੱਚ ਸਲੀਬ ਉੱਤੇ ਚੜ੍ਹਾਇਆ ਸੀ। ਉਹ ਮਰ ਚੁੱਕਾ ਸੀ, ਜਿਵੇਂ ਸਭ ਮਨੁੱਖ ਮਰਦੇ ਹਨ; ਪਰ ਪਰਮੇਸ਼ੁਰ ਨੇ ਉਸ ਨੂੰ ਕਬਰ ਵਿੱਚ ਨਹੀਂ ਸੀ ਰਹਿਣ ਦਿੱਤਾ। ਤੀਜੇ ਦਿਨ, ਪਰਮੇਸ਼ੁਰ ਨੇ ਉਸ ਨੂੰ ਮੁਰਦਿਆਂ ਵਿੱਚੋਂ – ਉਸ ਨੂੰ ਸਰੀਰਕ ਰੂਪ ਵਿੱਚ – ਜਿਵਾਲਿਆ ਸੀ।

ਉਹ ਸੰਦੇਸ਼ ਜਿਸ ਨੇ ਕੁਰਿੰਥੁਸ ਦੇ ਲੋਕਾਂ ਨੂੰ ਜੋੜਿਆ ਸੀ, ਪੌਲੁਸ ਅਤੇ ਬਾਰ੍ਹਾਂ ਜਣਿਆ ਮਿਲ ਕੇ ਵੀ ਅਰਥਹੀਣ ਹੋਣਾ ਸੀ ਜੇਕਰ ਯਿਸੂ ਦਾ ਸਰੀਰ ਨਾ ਜੀ ਉੱਠਿਆ ਹੁੰਦਾ। ਇਨ੍ਹਾਂ ਆਰੰਭਕ ਗੱਲਾਂ ਨੂੰ ਪਿੱਛੇ ਰੱਖਦੇ ਹੋਏ, ਪੌਲੁਸ ਕੁਰਿੰਥੁਸ ਵਿੱਚ ਇੱਕ ਹੋਰ ਵਿਵਾਦ ਦਾ ਸਾਹਮਣਾ ਕਰਨ ਦੇ ਲਈ ਤਿਆਰ ਸੀ। ਅਗਲੇ ਭਾਗ ਵਿੱਚ, ਉਹ ਨੇ ਉਸ ਗੁਣਵਾਨ ਜੀਵਨ ਨੂੰ ਸੰਬੋਧਿਤ ਕੀਤਾ ਜਿਸ ਦਾ ਪਰਮੇਸ਼ੁਰ ਨੇ ਆਉਣ ਵਾਲੇ ਯੁੱਗ ਵਿੱਚ ਛੁਟਕਾਰਾ ਪਾਏ ਹੋਏ ਲੋਕਾਂ ਨੂੰ ਵਾਅਦਾ ਦਿੱਤਾ ਸੀ।

## ਖਾਲੀ ਕਬਰ (15:12-19)

ਯਿਸੂ ਦੀ ਪਛਾਣ ਬਾਰੇ ਪਰਮੇਸ਼ੁਰ ਦੀ ਨਿੱਜੀ ਗਵਾਹੀ ਨੇ, ਜਿਸ ਦੇ ਵਿੱਚ ਉਹ ਸਭ ਵੀ ਸ਼ਾਮਲ ਸੀ ਜੋ ਉਸ ਦੇ ਈਸ਼ਵਰ ਹੋਣ ਦਾ ਅਰਥ ਸੀ, ਮੁਰਦਿਆਂ ਵਿੱਚੋਂ ਉਸ ਦੇ ਜੀ ਉੱਠਣ ਦਾ ਸਮਰਥਨ ਕੀਤਾ ਸੀ (ਰੋਮੀਆਂ 1:4)। ਪੌਲੁਸ ਦੇ ਕਥਨਾਂ ਦੀ ਸਪੱਸ਼ਟਤਾ ਦੇ ਬਾਵਜੂਦ, ਸਰੀਰਕ ਤੌਰ ਤੇ ਜੀ ਉੱਠਣ ਬਾਰੇ ਬਾਈਬਲ ਦੀ ਗਵਾਹੀ ਨਾਲ ਸਮਝੌਤਾ ਕਰਨ ਦੀਆਂ ਕੋਸ਼ਿਸ਼ਾਂ ਕਦੇ ਨਾ ਖਤਮ ਹੋਣ ਵਾਲੀਆਂ ਰਹੀਆਂ ਹਨ। ਰੁੱਖੇ ਸੁਭਾਅ ਵਾਲੇ ਆਲੋਚਕ ਇਹ ਦੱਸਣਾ ਪਸੰਦ ਕਰਦੇ ਹਨ ਕਿ ਪੌਲੁਸ ਨੇ 1 ਕੁਰਿੰਥੀਆਂ ਵਿੱਚ ਖਾਲੀ ਕਬਰ ਦਾ ਕੋਈ ਜ਼ਿਕਰ ਨਹੀਂ ਸੀ ਕੀਤਾ। ਖਾਲੀ ਕਬਰ ਦੀ ਪਰੰਪਰਾ, ਇਸ ਤਰ੍ਹਾਂ ਕਿਹਾ ਗਿਆ ਹੈ, ਬਾਅਦ ਦੀ ਘਟਨਾ ਸੀ। ਕੁਝ ਆਲੋਚਕ ਕਹਿੰਦੇ ਹਨ ਕਿ ਮਸੀਹੀ ਯੁੱਗ ਦੇ ਅਠਵੇਂ ਦਹਾਕੇ ਵਿੱਚ, ਜਦੋਂ ਇੰਜੀਲ ਨੂੰ ਲਿਖਣ ਦੇ ਲਈ ਸੌਂਪ ਦਿੱਤਾ ਗਿਆ ਸੀ, ਖਾਲੀ ਕਬਰ ਪਰੰਪਰਾ ਵਿੱਚ ਪੂਰੀ ਤਰ੍ਹਾਂ ਕਾਇਮ ਹੋ ਚੁੱਕੀ ਸੀ। ਫਿਰ ਵੀ, ਗੰਭੀਰ ਜਾਂਚ ਪਰਗਟ ਕਰਦੀ ਹੈ ਕਿ ਖਾਲੀ ਕਬਰ ਦੇ ਬਾਰੇ ਸਪੱਸ਼ਟ ਹਵਾਲੇ ਦੀ ਪੌਲੁਸ ਦੀ ਕਮੀ ਇੱਕ ਤਰਕ ਹੈ, ਨਾ ਕਿ ਰਸੂਲ ਦੀ ਗਵਾਹੀ ਦਾ ਇੱਕ ਗੰਭੀਰ ਮੁਲਾਂਕਣ। ਉਸ ਦਾ ਮੰਨਣਾ ਸੀ ਕਿ ਯਿਸੂ ਦਾ ਜੀ ਉੱਠਣਾ ਸਰੀਰਕ ਜੀ ਉੱਠਣਾ ਸੀ। ਉਸ ਮਸਲੇ ਤੇ ਉਸ ਨੂੰ ਗਲਤ ਨਹੀਂ ਸਮਝਿਆ ਜਾ ਸਕਦਾ। *ਜਦੋਂ ਪਰਮੇਸ਼ੁਰ ਨੇ ਯਿਸੂ ਦੇ ਸਰੀਰ ਨੂੰ ਜਿਵਾਲਿਆ, ਸਪੱਸ਼ਟ ਨਤੀਜਾ ਇਹ ਹੈ ਕਿ ਉਹ ਕਬਰ ਜਿੱਥੇ ਯਿਸੂ ਦੀ ਲਾਸ਼ ਨੂੰ ਰੱਖਿਆ ਗਿਆ ਸੀ ਖਾਲੀ ਪਈ ਸੀ*।

ਕੁਰਿੰਥੁਸ ਦੇ ਲੋਕਾਂ ਨੂੰ ਪੌਲੁਸ ਦੇ ਤਰਕ ਨੇ ਜੀ ਉੱਠਣ ਬਾਰੇ ਤਿੰਨ ਮਹੱਤਵਪੂਰਣ ਗੱਲਾਂ ਦੱਸੀਆਂ। (1) ਸੰਦੇਸ਼ ਜਿਸ ਦਾ ਕੁਰਿੰਥੁਸ ਦੇ ਮਸੀਹੀ ਲੋਕਾਂ ਨੇ ਇਕਰਾਰ ਕੀਤਾ ਸੀ, ਸੰਦੇਸ਼ ਜਿਸ ਦਾ ਪੌਲੁਸ ਅਤੇ ਦੂਜੇ ਰਸੂਲਾਂ ਨੇ ਪਰਚਾਰ ਕੀਤਾ ਸੀ, ਯਿਸੂ ਦੀ ਮੌਤ, ਦਫ਼ਨਾਇਆ ਜਾਣਾ ਅਤੇ ਜੀ ਉੱਠਣਾ ਸੀ। (2) ਜੀ ਉੱਠਣਾ ਖੁਸ਼ਖ਼ਬਰੀ ਦੇ ਲਈ ਇੱਕ ਕਰਾਰ ਨਹੀਂ ਸੀ; ਇਹ ਇਸ ਦੇ ਲਈ ਸਾਰ ਸੀ। (3) ਯਿਸੂ ਦੇ ਜੀ ਉੱਠਣ ਦਾ ਇਨਕਾਰ ਕਰਨਾ ਇਹ ਇਨਕਾਰ ਕਰਨ ਦੇ ਬਰਾਬਰ ਹੈ ਕਿ ਪਰਮੇਸ਼ੁਰ ਨੇ ਖੁਦ ਨੂੰ ਮੁਕਤੀਦਾਤਾ ਦੇ ਰੂਪ ਵਿੱਚ ਪਰਗਟ ਕੀਤਾ ਸੀ। ਯਿਸੂ ਦੇ ਜੀ ਉੱਠਣ ਤੋਂ ਬਿਨਾਂ – ਜਥਾਰਥ, ਸਰੀਰਕ ਜੀ ਉੱਠਣਾ – ਮਸੀਹੀ ਲੋਕ ਹਤਾਸ਼ ਲੋਕ ਹੋਣਗੇ ਜਿਹੜੇ ਹੱਥ ਨਾ ਆਉਣ ਵਾਲੀ ਨਿਹਚਾ ਨੂੰ ਫੜਨ ਦੀ

ਕੋਸ਼ਿਸ਼ ਕਰਨਗੇ।

**[12]ਹੁਣ ਜੇ ਮਸੀਹ ਦਾ ਇਹ ਪਰਚਾਰ ਕਰੀਦਾ ਹੈ ਭਈ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਤਾਂ ਕਈ ਤੁਹਾਡੇ ਵਿੱਚੋਂ ਕਿਵੇਂ ਆਖਦੇ ਹਨ ਭਈ ਮੁਰਿਦਆਂ ਦਾ ਜੀ ਉੱਠਣਾ ਹੈ ਹੀ ਨਹੀਂ। [13]ਪਰ ਜੇ ਮੁਰਦਿਆਂ ਦਾ ਜੀ ਉੱਠਣਾ ਨਹੀਂ ਹੈ ਤਾਂ ਮਸੀਹ ਵੀ ਨਹੀਂ ਜੀ ਉੱਠਿਆ। [14]ਅਤੇ ਜੇ ਮਸੀਹ ਨਹੀਂ ਜੀ ਉੱਠਿਆ ਤਾਂ ਸਾਡਾ ਪਰਚਾਰ ਥੋਥਾ ਹੈ ਅਤੇ ਤੁਹਾਡੀ ਨਿਹਚਾ ਥੋਥੀ ਹੈ। [15]ਨਾਲੇ ਅਸੀਂ ਪਰਮੇਸ਼ੁਰ ਦੇ ਝੂਠੇ ਗਵਾਹ ਭੀ ਠਹਿਰੇ ਕਿਉਂ ਜੋ ਅਸਾਂ ਪਰਮੇਸ਼ੁਰ ਦੀ ਸਾਖੀ ਦਿੱਤੀ ਜੋ ਉਹ ਨੇ ਮਸੀਹ ਨੂੰ ਜੁਆਲਿਆ ਜਿਹ ਨੂੰ ਉਸ ਨੇ ਨਹੀਂ ਜੁਆਲਿਆ ਜੇਕਰ ਮੁਰਦੇ ਨਹੀਂ ਜੀ ਉੱਠਦੇ। [16]ਕਿਉਂਕਿ ਜੇ ਮੁਰਦੇ ਨਹੀਂ ਜੀ ਉੱਠਦੇ ਤਾਂ ਮਸੀਹ ਭੀ ਨਹੀਂ ਜੀ ਉੱਠਿਆ ਹੈ। [17]ਅਤੇ ਜੇ ਮਸੀਹ ਨਹੀਂ ਜੀ ਉੱਠਿਆ ਹੈ ਤਾਂ ਤੁਹਾਡੀ ਨਿਹਚਾ ਅਕਾਰਥ ਹੈ। ਤੁਸੀਂ ਅਜੇ ਆਪਣੇ ਪਾਪਾਂ ਵਿੱਚ ਹੋ। [18]ਤਦ ਜਿਹੜੇ ਮਸੀਹ ਵਿੱਚ ਹੋ ਕੇ ਸੌਂ ਗਏ ਹਨ ਓਹ ਵੀ ਨਾਸ ਹੋਏ। [19]ਜੇ ਨਿਰੇ ਇਸ ਜੀਵਨ ਵਿੱਚ ਅਸਾਂ ਮਸੀਹ ਉੱਤੇ ਆਸ ਰੱਖੀ ਹੋਈ ਹੈ ਤਾਂ ਅਸੀਂ ਸਭਨਾਂ ਮਨੁੱਖਾਂ ਨਾਲੋਂ ਤਰਸ ਜੋਗ ਹਾਂ।**

**ਆਇਤ 12.** ਖੁਸ਼ਖ਼ਬਰੀ ਦੇ ਮੂਲ ਸਿਧਾਂਤਾਂ ਨੂੰ ਦੁਹਰਾਉਣ ਤੋਂ ਬਾਅਦ, ਪੌਲੁਸ ਨੇ ਇੱਕ ਤਿੱਖੀ ਪ੍ਰਾਸੰਗਿਕਤਾ ਦਾ ਵਰਣਨ ਕੀਤਾ। ਇਹ ਵੇਖਦੇ ਹੋਏ ਕਿ ਯਿਸੂ ਦਾ ਜੀ ਉੱਠਣਾ ਮਸੀਹ ਨਿਹਚਾ ਦੀਆਂ ਪਹਿਲਾਂ ਪੁਸ਼ਟੀਆਂ ਵਿੱਚੋਂ ਹੈ, ਜੋ ਕਿ ਰਸੂਲਾਂ ਦੁਆਰਾ ਅਤੇ ਕੁਰਿੰਥੁਸ ਭਰਾਵਾਂ ਦੁਆਰਾ ਮੰਨਿਆ ਜਾਣ ਵਾਲਾ ਇੱਕ ਮੱਤ ਹੈ, ਇਹ ਕਿਵੇਂ ਹੋ ਸਕਦਾ ਸੀ ਕਿ ਉਨ੍ਹਾਂ ਵਿੱਚੋਂ ਕੁਝ ਇਹ ਕਹਿ ਰਹੇ ਸਨ ਕਿ **ਮੁਰਿਦਆਂ ਦਾ ਜੀ ਉੱਠਣਾ ਹੈ ਹੀ ਨਹੀਂ?** ਕੁਝ ਯੂਨਾਨੀ ਵਿਚਾਰਕਾਂ ਦਾ ਮੰਨਣਾ ਸੀ ਕਿ ਵਿਅਕਤੀ ਦਾ ਆਤਮਾ ਅਤੇ ਸਰੀਰ ਹੋਂਦ ਦੇ ਲਈ ਇੱਕ ਦੂਜੇ ਤੇ ਨਿਰਭਰ ਹੁੰਦੇ ਹਨ। ਉਹ ਸੋਚਦੇ ਸਨ ਕਿ ਜਦੋਂ ਸਰੀਰ ਮਰਦਾ ਹੈ, ਕੁਝ ਨਹੀਂ ਰਹਿੰਦਾ। ਫਿਰ ਵੀ, ਕੁਰਿੰਥੁਸ ਦੇ ਲੋਕ ਸਪੱਸ਼ਟ ਤੌਰ ਇਸ ਹੱਦ ਤੱਕ ਨਹੀਂ ਸੀ ਗਏ ਕਿ ਉਨ੍ਹਾਂ ਨੇ ਮੌਤ ਦੇ ਬਾਅਦ ਦੇ ਜੀਵਨ ਦਾ ਇਨਕਾਰ ਕੀਤਾ ਹੋਵੇ। ਲੋਕ ਜੋ ਕੁਝ ਵੀ ਕਰ ਰਹੇ ਸਨ ਜਦੋਂ ਉਹ ਮੁਰਦਿਆਂ ਦੇ ਲਈ ਬਪਤਿਸਮਾ ਲੈਂਦੇ ਸਨ (15:29), ਇਹ ਰੀਤ ਉਨ੍ਹਾਂ ਦੇ ਇਸ ਵਿਸ਼ਵਾਸ ਵੱਲ ਇਸ਼ਾਰਾ ਕਰਦੀ ਸੀ ਕਿ ਕੋਈ ਨਾ ਕੋਈ ਚੀਜ਼ ਮੌਤ ਤੋਂ ਬਚਾਉਂਦੀ ਹੈ।

ਮੌਤ ਹੋਣ ਦੇ ਸਮੇਂ ਕੀ ਹੁੰਦਾ ਹੈ ਇਸ ਦੇ ਬਾਰੇ ਯੂਨਾਨੀ-ਰੋਮੀ ਸੰਸਾਰ ਵਿੱਚ ਵੱਖ-ਵੱਖ ਵਿਚਾਰ ਸਨ, ਜਿਵੇਂ ਕਿ ਆਧੁਨਿਕ ਵਿੱਚ ਵੀ ਉਨ੍ਹਾਂ ਦੇ ਵਿਚਾਰ ਵੱਖ-ਵੱਖ ਹਨ। ਆਧੁਨਿਕ ਵਿਆਖਿਆਕਾਰਾਂ ਵਿੱਚ ਇੱਕ ਆਮ ਦ੍ਰਿਸ਼ਟੀਕੋਣ ਇਹ ਹੈ ਕਿ ਕੁਰਿੰਥੁਸ ਦੇ ਲੋਕ "ਅੰਤ ਦੇ ਸਮੇਂ ਵਿੱਚ ਹੋਣ ਵਾਲੀਆਂ ਗੱਲਾਂ" ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋਏ ਸਨ, ਅਰਥਾਤ, ਇੱਕ ਵਿਚਾਰ ਕਿ ਆਮ ਤੌਰ ਤੇ ਅੰਤ ਦੇ ਸਮੇਂ ਨਾਲ ਜੁੜਿਆ ਜੀ ਉੱਠਣਾ ਪਹਿਲਾਂ ਹੀ ਹੋ ਚੁੱਕਾ ਸੀ। ਇਹ ਵਿਸ਼ਵਾਸ ਕਰਨਾ ਕਿ ਯਿਸੂ ਮਸੀਹ ਸੀ ਅਤੇ ਉਹ ਜੀਵਨ ਨੂੰ ਸਵੀਕਾਰ ਕਰਨਾ ਜਿਸ ਦੀ ਉਸ ਨੇ ਸਿੱਖਿਆ ਦਿੱਤੀ ਸੀ, ਕੁਝ ਲੋਕ ਕਹਿੰਦੇ ਹਨ, "ਮੁਰਦਿਆਂ ਵਿੱਚੋਂ ਜੀ ਉੱਠਣਾ" ਸੀ। ਝੂਠ ਮੂਠ ਦਾ ਗਿਆਨ ਰੱਖਣ ਵਾਲਾ ਇੱਕ ਵਿਸ਼ਵਾਸੀ ਜਿਹੜਾ ਪੌਲੁਸ ਤੋਂ ਸੈਂਕੜੇ ਸਾਲਾਂ ਬਾਅਦ ਇਸ ਧਰਤੀ ਤੇ ਰਿਹਾ ਸੀ ਉਸ ਨੇ ਲਿਖਿਆ, "ਜਿਹੜੇ ਕਹਿੰਦੇ ਹਨ ਕਿ ਪਹਿਲਾਂ ਉਹ ਮਰਨਗੇ ਅਤੇ ਫਿਰ ਜੀ ਉੱਠਣਗੇ ਗਲਤ ਹਨ। ਜੇਕਰ ਉਹ ਜੀਉਂਦੇ ਜੀ ਜੀ ਉੱਠਣਾ ਨਹੀਂ ਪਾਉਂਦੇ ਤਾਂ ਜਦੋਂ ਉਹ ਮਰ ਜਾਣਗੇ ਉਨ੍ਹਾਂ ਨੂੰ ਕੁਝ ਵੀ ਹਾਸਲ ਨਹੀਂ ਹੋਵੇਗਾ।"[7] ਬਾਅਦ ਵਿੱਚ ਝੂਠ ਮੂਠ ਦੀ ਵਿੱਦਿਆ ਨੇ ਕਈ ਮੱਤਾਂ ਨੂੰ ਆਪਣੇ ਵਿੱਚ ਜੋੜ ਲਿਆ

ਅਤੇ ਬਹੁਤ ਸਾਰੇ ਕਿਆਸ ਲਗਾਏ।[8] ਝੂਠ ਮੂਠ ਦੀ ਵਿੱਦਿਆ ਦੇਣ ਵਾਲੇ ਕੁਝ ਲੋਕਾਂ ਦਾ ਮੰਨਣਾ ਸੀ ਕਿ ਆਉਣ ਵਾਲਾ ਯੁੱਗ ਆ ਚੁੱਕਾ ਸੀ ਅਤੇ ਕਿਆਮਤ ਵੀ ਹੋ ਚੁੱਕੀ ਸੀ (ਵੇਖੋ 2 ਤਿਮੋਥਿਉਸ 2:18); ਪਰ ਪਹਿਲੀ ਸਦੀ ਦੇ ਅੱਧ ਵਿਚਾਲੇ ਅਜਿਹੇ ਵਿਚਾਰ ਪਨਪਦੇ ਸਨ, ਜਦੋਂ ਪੌਲੁਸ ਅਜੇ ਜੀਉਂਦਾ ਸੀ, ਇਸ ਦੇ ਬਾਰੇ ਸਬੂਤ ਦੀ ਕਮੀ ਹੈ।

ਅਸੀਂ ਸਿਰਫ ਇਹ ਅੰਦਾਜ਼ਾ ਲਗਾ ਸਕਦੇ ਹਾਂ ਕਿ ਕੁਰਿੰਥੁਸ ਵਿੱਚ ਜਿਨ੍ਹਾਂ ਨੇ ਸਰੀਰਕ ਤੌਰ ਤੇ ਜੀ ਉੱਠਣ ਤੇ ਸਵਾਲ ਖੜ੍ਹਾ ਕੀਤਾ ਸੀ ਉਨ੍ਹਾਂ ਨੇ ਕੀ ਤਰਕ ਦਿੱਤਾ ਸੀ। ਪਲਾਟੋ ਤੋਂ ਅੱਗੇ ਯੂਨਾਨੀ ਵਿਚਾਰ ਨੇ ਵਿਸ਼ੇਸ਼ ਰੂਪ ਵਿੱਚ ਸਰੀਰ ਅਤੇ ਆਤਮਾ ਵਿਚਕਾਰ ਇੱਕ ਤਿੱਖੀ ਲਕੀਰ ਖਿੱਚ ਦਿੱਤੀ। ਮੰਨਿਆ ਜਾਂਦਾ ਸੀ ਕਿ ਆਤਮਾ ਸਰੀਰ ਵਿੱਚ ਸਮਾ ਜਾਂਦਾ ਸੀ। ਮੌਤ ਦੇ ਸਮੇਂ ਇਹ ਮੰਨਿਆ ਜਾਂਦਾ ਸੀ ਕਿ ਕਮਜ਼ੋਰ ਅਤੇ ਭ੍ਰਿਸ਼ਟ ਸਰੀਰ ਇਸ ਨੂੰ ਸੁਰਗੀ ਖੇਤਰਾਂ ਵਿੱਚ ਉੱਡਣ ਦੇ ਲਈ ਅਜ਼ਾਦ ਕਰ ਦਿੰਦਾ ਸੀ ਅਤੇ ਇਹ ਇੱਕ ਕਿਸਮ ਦੀ ਵਿਸ਼ਵਵਿਆਪੀ ਆਤਮਾ ਵਿੱਚ ਸਮਾ ਜਾਂਦਾ ਸੀ। ਯੂਨਾਨੀ ਵਿਚਾਰਕ ਦੁਨਿਆਵੀ ਸਰੀਰ ਅਤੇ ਧਾਰਮਿਕ ਆਤਮਾ ਵਿਚਕਾਰ ਕੋਈ ਅਨੁਕੂਲਤਾ ਨਹੀਂ ਸੀ ਵੇਖ ਸਕੇ। ਤੁਲਨਾ ਵਿੱਚ, ਸਰੀਰ ਅਤੇ ਆਤਮਾ ਬਾਰੇ ਪੌਲੁਸ ਦੀ ਸਮਝ ਨੇ ਪੁਰਾਣੇ ਨੇਮ ਦੇ ਪਰਕਾਸ਼ ਵਿੱਚ ਜੜ੍ਹ ਫੜੀ ਹੋਈ ਸੀ।

> ਪੌਲੁਸ ਦੇ ਅਨੁਸਾਰ, ਸਰੀਰ ਅਤੇ ਆਤਮਾ ਦਾ ਸੰਬੰਧ ਬਿਲਕੁਲ ਸਧਾਰਣ ਹੈ ਅਤੇ ਆਤਮਾ ਤੋਂ ਬਿਨਾਂ ਸਰੀਰ ਨੰਗੇਪਣ ਦੀ ਹਾਲਤ ਵਿੱਚ ਹੈ। ਇਹ ਸੱਚ ਹੈ, ਜੀ ਉੱਠਣ ਦੇ ਸਮੇਂ ਜਾਂ ਮਸੀਹ ਦੇ ਆਉਣ ਦੇ ਸਮੇਂ ਸਰੀਰ ਬਦਲ ਜਾਵੇਗਾ; ਇਹ ਪਰਮੇਸ਼ੁਰ ਦੇ ਰਾਜ ਦੇ ਲਈ ਜ਼ਿਆਦਾ ਢੁਕਵਾਂ ਬਣਾਇਆ ਜਾਵੇਗਾ। ਪਰ ਕਿਸੇ ਵੀ ਕੀਮਤ ਤੇ, ਪੌਲੁਸ ਵਿੱਚ ਸੁਭਾਵਕ ਬੁਰਾਈ ਵਾਲੀ ਗੱਲ ਦੀ ਕੋਈ ਡਾਕਟ੍ਰਿਨ ਨਹੀਂ ਹੈ।[9]

ਭੌਤਿਕਤਾ ਵਿੱਚ ਸੁਭਾਵਕ ਬੁਰਾਈ ਬਾਰੇ ਮੰਨੇ ਜਾਣ ਵਾਲੇ ਯੂਨਾਨੀ ਵਿਚਾਰਾਂ ਦਾ ਵਰਣਨ ਅਤੇ ਉਨ੍ਹਾਂ ਦਾ ਵਿਸਤਰਤ ਰੂਪ ਵਿੱਚ ਖੰਡਣ ਕਰਨ ਦੇ ਲਈ ਮਜਬੂਰ ਮਹਿਸੂਸ ਕੀਤੇ ਬਿਨਾਂ, ਪੌਲੁਸ ਨੇ ਇਹ ਅਪੀਲ ਕੀਤੀ ਸੀ ਕਿ ਪਰਮੇਸ਼ੁਰ ਨੇ ਯਿਸੂ ਦੇ ਸਰੀਰ ਅਤੇ ਆਤਮਾ ਨੂੰ ਕਬਰ ਦੇ ਵਿੱਚੋਂ ਜਿਵਾਲਿਆ ਸੀ। ਯਿਸੂ ਦਾ ਜੀ ਉੱਠਣਾ ਸਰੀਰ ਅਤੇ ਆਤਮਾ ਦੀ ਅਪ੍ਰਤੱਖ ਏਕਤਾ ਦੀ ਸਾਖੀ ਦਿੰਦਾ ਸੀ। ਸਰੀਰ ਨੂੰ ਇਸ ਲਈ ਬੁਰਾ ਜਾਂ ਕਮਜ਼ੋਰ ਨਹੀਂ ਸਮਝਣਾ ਚਾਹੀਦਾ ਹੈ ਕਿਉਂਕਿ ਇਹ ਭੌਤਿਕ ਹੈ। ਇਸ ਯੁੱਗ ਵਿੱਚ ਜੀਵਨ ਸਰੀਰ/ਆਤਮਾ ਵਾਲਾ ਇੱਕ ਅਨੁਭਵ ਹੈ। ਕਿਸੇ ਕਿਸਮ ਦੀ ਦੇਹ, ਸਰੀਰਕ ਸੀਮਾ ਤੋਂ ਬਿਨਾਂ ਆਤਮਾ ਦਾ ਵਜੂਦ ਸਮਝ ਤੋਂ ਬਾਹਰ ਹੈ। ਇਸ ਤੋਂ ਇਲਾਵਾ, ਯਿਸੂ ਦਾ ਸਰੀਰਕ ਰੂਪ ਵਿੱਚ ਜੀ ਉੱਠਣਾ ਇੱਕ ਸਪੱਸ਼ਟ ਅਤੇ ਨਿਸ਼ਚਤ ਗਵਾਹੀ ਸੀ ਕਿ ਜਿਨ੍ਹਾਂ ਨੇ ਉਸ ਨੂੰ ਮਸੀਹ ਕਰਕੇ ਕਬੂਲ ਕੀਤਾ ਹੈ ਉਸੇ ਤਰ੍ਹਾਂ ਦੇ ਜੀ ਉੱਠਣ ਵਿੱਚ ਸਾਂਝੀ ਹੋਣਗੇ। ਇਹ ਮੰਨ ਲੈਣ ਤੋਂ ਬਾਅਦ ਕਿ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ, ਪੌਲੁਸ ਇਹ ਜਾਣਨਾ ਚਾਹੁੰਦਾ ਸੀ ਕਿ ਕੋਈ ਕਿਉਂ ਇਹ ਬਹਿਸ ਕਰੇਗਾ "ਭਈ ਮੁਰਦਿਆਂ ਦਾ ਜੀ ਉੱਠਣਾ ਹੈ ਹੀ ਨਹੀਂ," ਅਰਥਾਤ, ਸਰੀਰ ਦਾ ਜੀ ਉੱਠਣਾ ਹੈ ਹੀ ਨਹੀਂ। ਯਿਸੂ ਦੇ ਜੀ ਉੱਠਣ ਨੇ ਕਬਰ ਤੋਂ ਪਰੇ ਹੋਂਦ ਦੇ ਮਹੱਤਵਪੂਰਣ ਪਹਿਲੂ ਦੇ ਬਾਰੇ ਕਈ ਸਵਾਲਾਂ ਨੂੰ ਹੱਲ ਕਰ ਦਿੱਤਾ ਹੋਵੇਗਾ।

**ਆਇਤ 13.** ਇੱਕ ਵਾਰ ਉਸ ਨੇ ਰਸੂਲਾਂ ਦੀ ਸਾਖੀ ਨੂੰ ਸਵੀਕਾਰ ਕਰ ਲਿਆ ਸੀ ਕਿ ਯਿਸੂ ਸਰੀਰਕ ਰੂਪ ਵਿੱਚ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ, ਛੁਟਕਾਰਾ ਪਾਏ ਹੋਏ ਲੋਕਾਂ ਦੇ ਲਈ ਸੁਰਗ ਵਿੱਚ ਸਰੀਰਕ ਰੂਪ ਵਿੱਚ ਜੀ ਉੱਠਣ ਤੇ ਸ਼ੱਕ ਕਰਨ ਦੀ ਕੋਈ ਗੁੰਜਾਇਸ਼ ਨਹੀਂ

ਰਹਿੰਦੀ। ਇਸ ਦੇ ਉਲਟ, ਜੇਕਰ ਮਨੁੱਖ ਸਰੀਰਕ ਮੌਤ ਤੋਂ ਬਾਅਦ ਸਰੀਰਕ ਰੂਪ ਵਿੱਚ ਨਹੀਂ ਰਹਿ ਸਕਦਾ, ਤਾਂ ਯਿਸੂ ਜ਼ਿੰਦਾ ਨਹੀਂ ਸੀ ਹੋ ਸਕਦਾ। ਇਹ ਤਰਕ ਉਨ੍ਹਾਂ ਲੋਕਾਂ ਦੇ ਲਈ ਜ਼ਰੂਰੀ ਸੀ ਜਿਨ੍ਹਾਂ ਨੇ ਇਸ ਗੱਲ ਦਾ ਇਨਕਾਰ ਕੀਤਾ ਸੀ ਕਿ ਯਿਸੂ ਸਰੀਰਕ ਰੂਪ ਵਿੱਚ ਜੀ ਉੱਠਿਆ ਸੀ। ਉਨ੍ਹਾਂ ਦਾ ਵੱਡਾ ਆਧਾਰ ਇਹ ਸੀ ਕਿ ਇੱਕ ਵਿਅਕਤੀ ਦੇ ਮਰਨ ਤੋਂ ਬਾਅਦ ਉਸ ਦੇ ਵਿੱਚ ਭੌਤਿਕ ਕੁਝ ਨਹੀਂ ਬਚਦਾ। ਇਹ ਸ਼ਾਇਦ ਛੋਟੇ ਆਧਾਰ ਦਾ ਇਨਕਾਰ ਕਰਨਾ ਹੋ ਸਕਦਾ ਸੀ, ਅਰਥਾਤ, ਇਹ ਕਿ ਯਿਸੂ ਦਾ ਸਰੀਰ ਖਤਮ ਹੋ ਗਿਆ ਸੀ। ਤਾਂ ਫਿਰ ਸਿੱਟਾ ਜਿਸ ਨੂੰ ਸਵੀਕਾਰ ਕਰਨ ਦੇ ਲਈ ਉਨ੍ਹਾਂ ਨੂੰ ਮਜਬੂਰ ਕੀਤਾ ਗਿਆ ਸੀ ਉਹ ਇਹ ਸੀ ਕਿ ਯਿਸੂ ਦਾ ਸਲੀਬ ਉੱਤੇ ਕੁਝ ਵੀ ਭੌਤਿਕ ਨਹੀਂ ਸੀ ਬਚਿਆ। ਜੇਕਰ ਉਹ ਸਹੀ ਸਨ, ਤਾਂ ਕਬਰ ਵਿੱਚੋਂ ਵੀ ਕੁਝ ਵੀ ਭੌਤਿਕ ਬਾਹਰ ਨਹੀਂ ਸੀ ਆ ਸਕਦਾ; ਪਰ ਪੌਲੁਸ ਨੇ ਪਹਿਲਾਂ ਤੋਂ ਹੀ ਯਿਸੂ ਦੇ ਜੀ ਉੱਠਣ ਦਾ ਅਜਿਹਾ ਸਬੂਤ ਪੇਸ਼ ਕਰ ਦਿੱਤਾ ਸੀ ਜਿਸ ਨੂੰ ਨਕਾਰਿਆ ਨਹੀਂ ਸੀ ਜਾ ਸਕਦਾ।

ਪੌਲੁਸ ਦੇ ਇਸ ਪਰਕਾਸ਼ ਵਿੱਚ, ਇਹ ਸਪੱਸ਼ਟ ਹੈ ਕਿ ਯਿਸੂ ਪੂਰੀ ਤਰ੍ਹਾਂ ਇੱਕ ਮਨੁੱਖ ਸੀ। ਉਸ ਦਾ ਇੱਕ ਸਰੀਰ ਸੀ। *ਜੇਕਰ ਕਬਰ ਤੋਂ ਪਰੇ ਕੋਈ ਸਰੀਰਕ ਜੀਵਨ ਨਹੀਂ ਹੈ, ਤਾਂ ਯਿਸੂ ਦਾ ਸਰੀਰ ਵੀ ਨਹੀਂ ਜੀ ਉੱਠਿਆ ਹੋ ਸਕਦਾ*। ਜਿਨ੍ਹਾਂ ਨੇ ਮੁਰਦਿਆਂ ਵਿੱਚੋਂ ਜੀ ਉੱਠਣ ਦਾ ਇਨਕਾਰ ਕੀਤਾ ਸੀ ਉਨ੍ਹਾਂ ਨੂੰ ਉਨ੍ਹਾਂ ਲੋਕਾਂ ਨੂੰ ਸਮਝਣਾ ਪੈਣਾ ਸੀ ਜਿਨ੍ਹਾਂ ਨੇ ਯਿਸੂ ਦੇ ਕਬਰ ਵਿੱਚੋਂ ਬਾਹਰ ਆਉਣ ਤੋਂ ਬਾਅਦ ਉਸ ਨੂੰ ਵੇਖਿਆ, ਛੋਹਿਆ ਅਤੇ ਉਸ ਨਾਲ ਗੱਲਬਾਤ ਕੀਤੀ ਸੀ ਅਤੇ ਫਿਰ ਉਸ ਦੀ ਗਵਾਹੀ ਦਿੱਤੀ ਸੀ ਜੋ ਉਨ੍ਹਾਂ ਨੇ ਵੇਖਿਆ ਸੀ।

> ਉਹ [ਪੌਲੁਸ] ਆਪਣੇ ਪਾਠਕਾਂ ਨੂੰ ਇਹ ਇਨਕਾਰ ਕਰਨ ਦੇ ਸਪੱਸ਼ਟ ਤਰਕ ਤੇ ਵਿਚਾਰ ਕਰਨ ਦਾ ਆਦੇਸ਼ ਦਿੰਦਾ ਹੈ ਕਿ ਮੁਰਦੇ ਜੀ ਉੱਠਦੇ ਹਨ। ਉਹ ਜਿਹੜੇ ਇਸ ਤਰ੍ਹਾਂ ਦਾ ਇਨਕਾਰ ਕਰਦੇ ਹਨ ਇਹ ਨਜ਼ਰਅੰਦਾਜ਼ ਕਰਦੇ ਪ੍ਰਤੀਤ ਹੁੰਦੇ ਹਨ ਕਿ ਇੱਕੋ ਤਰੀਕਾ ਹੈ ਜਿਸ ਨਾਲ ਇਹ ਸੱਚ ਹੋ ਸਕਦਾ ਹੈ ਕਿ ਅਤੇ ਉਹ ਇਸ ਪੁਸ਼ਟੀ ਦੁਆਰਾ ਹੈ ਕਿ ਕੋਈ ਵੀ ਮੁਰਦਿਆਂ ਵਿੱਚੋਂ ਨਹੀਂ ਜੀ ਉੱਠਾ ਸਕਦਾ। ਇਸ ਮਾਮਲੇ ਵਿੱਚ ਮਸੀਹ *ਖੁਦ*, ਜਿਹੜਾ ਜੀਵਿਆ ਅਤੇ ਮਰਿਆ, ਮੁਰਦਿਆਂ ਵਿੱਚੋਂ ਨਹੀਂ ਜੀ ਉੱਠਿਆ ਹੈ; ਕਿਉਂਕਿ ਮੌਤ ਦੇ ਲਈ ਵਿਸ਼ਵਵਿਆਪੀ ਖੇਤਰ ਨੇ ਉਸ ਨੂੰ ਵੀ ਨਹੀਂ ਛੱਡਿਆ। ਉਸ ਦੇ ਅਨੂਠੇ ਜੀਵਨ ਨੇ ਉਸ ਨੂੰ ਸਮੁੱਚੇ ਮਨੁੱਖੀ ਜੀਵਨ ਦੇ ਅੰਤ ਤੋਂ ਨਹੀਂ ਬਚਾਇਆ।[10]

**ਆਇਤ 14.** ਪੌਲੁਸ ਨੇ ਸ਼ਰਤ ਵਾਲੇ ਵਾਕਾਂ ਦੀ ਇੱਕ ਲੜੀ ਦੀ ਵਰਤੋਂ ਕਰਦਿਆਂ ਇੱਕੋ ਸਿੱਟੇ ਤੋਂ ਦੂਜੇ ਸਿੱਟੇ ਦੇ ਲਈ ਆਪਣੀ ਦਲੀਲ ਤੇ ਜ਼ੋਰ ਦਿੱਤਾ। ਮਸੀਹ ਵਿੱਚ ਬਚਾਏ ਗਏ ਲੋਕਾਂ ਦਾ ਜੀ ਉੱਠਣ ਅਤੇ ਖੁਦ ਮਸੀਹ ਦਾ ਜੀ ਉੱਠਣਾ ਇੱਕ ਦੂਜੇ ਨਾਸ ਸੰਬੰਧਤ ਹੈ। "ਜੇ ਮੁਰਦਿਆਂ ਦਾ ਜੀ ਉੱਠਣਾ ਨਹੀਂ ਹੈ" (15:13), ਤਾਂ ਯਿਸੂ ਵੀ ਨਹੀਂ ਜੀ ਉੱਠਿਆ, ਤਾਂ ਫਿਰ ਉਹ ਸਾਰੀਆਂ ਗੱਲਾਂ ਜਿਨ੍ਹਾਂ ਦਾ ਪੌਲੁਸ ਨੇ ਪਰਚਾਰ ਕੀਤਾ ਸੀ ਅਤੇ ਉਹ ਸਾਰੀਆਂ ਗੱਲਾਂ ਜਿਨ੍ਹਾਂ ਤੇ ਕੁਰਿੰਥੁਸ ਦੇ ਲੋਕਾਂ ਨੇ ਨਿਹਚਾ ਕੀਤੀ ਸੀ **ਥੋਥੀਆਂ**, ਨਿਰੀਆਂ ਝੂਠੀਆਂ ਸਨ। ਰਸੂਲ ਨੇ ਇਕਸਾਰਤਾ ਦੇ ਲਈ ਅਪੀਲ ਕੀਤੀ ਸੀ। ਜੇਕਰ ਕੋਈ ਮੁਰਦਿਆਂ ਵਿੱਚੋਂ ਜੀ ਉੱਠਣ ਦਾ ਇਨਕਾਰ ਕਰਨਾ ਚਾਹੁੰਦਾ ਸੀ, ਉਸ ਨੇ ਜ਼ੋਰ ਦਿੱਤਾ, ਤਾਂ ਉਹ ਵਿਅਕਤੀ ਜਿਸ ਨੇ ਇਨਕਾਰ ਕੀਤਾ ਹੈ ਉਹ ਕਠਿਨਾਈਆਂ ਦੇ ਬਾਵਜੂਦ ਅੰਤ ਤੱਕ ਆਪਣੇ ਤਰਕ ਦਾ ਪਾਲਣ ਕਰਨ ਦੇ ਲਈ ਮਜ਼ਬੂਰ ਸੀ। ਮਸੀਹੀ ਲੋਕਾਂ ਦੀ ਇਹ ਪੁਸ਼ਟੀ ਕਿ ਯਿਸੂ ਸਰੀਰਕ ਰੂਪ ਵਿੱਚ

ਕਬਰ ਵਿੱਚੋਂ ਜੀ ਉੱਠਿਆ ਸੀ ਅਤੇ ਉਸ ਤੋਂ ਬਾਅਦ ਉਨ੍ਹਾਂ ਦਾ ਇਹ ਭਰੋਸਾ ਕਿ ਮਸੀਹ ਵਿੱਚ ਜਿੰਨੇ ਵੀ ਲੋਕ ਬਚਾਏ ਗਏ ਹਨ ਸਭ ਸਰੀਰਕ ਰੂਪ ਵਿੱਚ ਜੀ ਉੱਠਣ ਵਿੱਚ ਸਾਂਝੀ ਹੋਣਗੇ ਇੰਜੀਲ ਦੇ ਪਰਚਾਰ ਦੇ ਲਈ ਮੂਲ ਸਿਧਾਂਤ ਹੈ। "ਜੇਕਰ ਮਸੀਹ ਮੁਰਦਿਆਂ ਵਿੱਚੋਂ ਨਹੀਂ ਜੀ ਉੱਠਿਆ ਹੈ, ਤਾਂ ਆਪਣੇ ਲੋਕਾਂ ਨੂੰ ਬਚਾਉਣ ਦੇ ਲਈ ਪਰਮੇਸ਼ੁਰ ਦੇ ਛੁਟਕਾਰੇ ਦੇ ਕੰਮਾਂ ਦਾ ਸਿਲਸਿਲਾ ਕਬਰ ਵਿੱਚ ਹੀ ਖਤਮ ਹੋ ਜਾਂਦਾ ਹੈ ਅਤੇ ਹੋਰ ਕੁਝ ਕਰਨ ਦੀ ਲੋੜ ਨਹੀਂ ਪੈਂਦੀ।"[11]

**ਆਇਤ 15.** ਮੁਰਦਿਆਂ ਵਿੱਚੋਂ ਜੀ ਉੱਠਣ ਦਾ ਇਨਕਾਰ ਕਰਨ ਦੇ ਹੋਰ ਵੀ ਅਰਥ ਹਨ। ਜੇਕਰ ਜੀ ਉੱਠਣਾ ਨਹੀਂ ਸੀ, ਪੌਲੁਸ ਅਤੇ ਹੋਰ ਰਸੂਲਾਂ ਨੇ **ਪਰਮੇਸ਼ੁਰ ਦੇ ਝੂਠੇ ਗਵਾਹ ਠਹਿਰਣਾ** ਸੀ। ਅਜਿਹੀ ਹਾਲਤ ਵਿੱਚ, ਸਾਨੂੰ ਜਾਂ ਤਾਂ ਇਹ ਕਹਿਣਾ ਪਵੇਗਾ ਕਿ ਉਨ੍ਹਾਂ ਨੇ ਧੋਖਾ ਖਾਧਾ ਸੀ ਅਤੇ ਅਣਜਾਣ ਸਨ, ਜਾਂ ਸਾਨੂੰ ਉਨ੍ਹਾਂ ਨੂੰ ਝੂਠੇ ਠਹਿਰਾਉਣਾ ਪਵੇਗਾ। ਇਹ ਸਿੱਟਾ ਕੱਢਣ ਲਈ ਕਿ ਉਨ੍ਹਾਂ ਨੂੰ ਸਿਰਫ ਗਲਤਫਹਿਮੀ ਹੋਈ ਸੀ ਪਰ ਉਨ੍ਹਾਂ ਦਾ ਇਰਾਦਾ ਸਹੀ ਸੀ ਬਹੁਤ ਸਾਰੇ ਦਰਸ਼ਣ ਅਤੇ ਬਹੁਤ ਸਾਰੀਆਂ ਸਾਖੀਆਂ ਉਪਲਬਧ ਸਨ। ਧੋਖਾ ਦੇਣ ਲਈ ਸਤ੍ਰਕ ਤਾਲਮੇਲ ਦੀ ਲੋੜ ਹੁੰਦੀ ਸੀ। ਜੇਕਰ ਜੀ ਉੱਠਣਾ ਨਹੀਂ ਸੀ, ਪੌਲੁਸ ਅਤੇ ਹੋਰ ਰਸੂਲਾਂ ਨੇ "ਝੂਠੇ ਗਵਾਹ" ਹੋਣਾ ਸੀ। ਉਨ੍ਹਾਂ ਦੀ ਗਵਾਹੀ ਇਹ ਸੀ ਕਿ ਯਿਸੂ ਜੀ ਉੱਠਿਆ ਸੀ। ਕੁਰਿੰਥੁਸ ਦੇ ਲੋਕਾਂ ਨੇ ਫ਼ੈਸਲਾ ਕਰਨਾ ਸੀ ਕਿ ਕਿਸ ਤੇ ਵਿਸ਼ਵਾਸ ਕਰੀਏ। ਦੋ ਦਾਅਵੇ ਕੀਤੇ ਜਾ ਰਹੇ ਸਨ: (1) ਮੁਰਦਿਆਂ ਵਿੱਚੋਂ ਸਰੀਰਕ ਰੂਪ ਵਿੱਚ ਕੋਈ ਜੀ ਉੱਠਣਾ ਨਹੀਂ ਹੈ ਅਤੇ (2) ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਬਾਅਦ ਯਿਸੂ ਸਰੀਰਕ ਰੂਪ ਵਿੱਚ ਵਿਖਾਈ ਦਿੱਤਾ ਸੀ। ਪੌਲੁਸ ਨੇ ਬਿਲਕੁਲ ਸਹੀ ਦਲੀਲ ਦਿੱਤੀ ਸੀ ਕਿ ਇਹ ਕਥਨ ਸਮਝੌਤੇ ਦੇ ਅਯੋਗ ਸਨ। ਕੀ ਕੁਰਿੰਥੁਸ ਦੇ ਲੋਕਾਂ ਨੇ ਗੰਭੀਰਤਾ ਨਾਲ ਵਿਸ਼ਵਾਸ ਕੀਤਾ ਸੀ ਕਿ ਪੌਲੁਸ ਅਤੇ ਹੋਰ ਸਮਝਦਾਰ, ਵਿਸ਼ਵਾਸਯੋਗ ਲੋਕਾਂ ਨੇ ਐਵੇਂ ਝੂਠ ਬੋਲਿਆ ਸੀ? ਉਨ੍ਹਾਂ ਨੇ ਉਸ ਦੇ ਲਈ ਆਪਣਾ ਸਭ ਕੁਝ ਦਾਅ ਤੇ ਕਿਉਂ ਲਾਉਣਾ ਸੀ ਜੋ ਉਨ੍ਹਾਂ ਨੂੰ ਪਤਾ ਸੀ ਕਿ ਇੱਕ ਝੂਠ ਹੈ?

ਹਾਲ ਹੀ ਦੀਆਂ ਕੁਝ ਸਦੀਆਂ ਵਿੱਚ, ਅਧਿਆਤਮਕ ਸ਼ਾਸਤ੍ਰੀ ਜਿਹੜੇ ਇਹ ਦਲੀਲ ਦੇਣਾ ਚਾਹੁੰਦੇ ਸਨ ਕਿ ਯਿਸੂ ਦਾ ਸਰੀਰਕ ਰੂਪ ਵਿੱਚ ਜੀ ਉੱਠਣਾ ਇੱਕ "ਨਿਹਚਾ ਵਾਲੀ ਗੱਲ ਹੈ" ਅਤੇ ਉਨ੍ਹਾਂ ਦਾ ਸਮੇਂ ਵਿੱਚ ਵਾਪਰੀਆਂ ਅਸਲੀ ਘਟਨਾਵਾਂ ਨਾਲ ਕੋਈ ਸੰਬੰਧ ਨਹੀਂ ਹੈ, ਉਨ੍ਹਾਂ ਨੇ ਇੱਕ ਦੁਬਿਧਾ ਦਾ ਸਾਹਮਣਾ ਕੀਤਾ ਹੈ। ਜੇਕਰ ਯਿਸੂ ਦਾ ਜੀ ਉੱਠਣਾ ਸਮੇਂ ਵਿੱਚ ਇੱਕ ਅਸਲੀ ਘਟਨਾ ਨਹੀਂ ਸੀ, ਤਾਂ ਉਸ ਦੇ ਬਾਰੇ ਦਿੱਤੀ ਜਾਣ ਵਾਲੀ ਗਵਾਹੀ ਜਾਂ ਤਾਂ ਲੋਕਾਂ ਨੂੰ ਬਹਿਕਾਉਣ ਵਾਲੇ ਮੂਰਖਾਂ ਦੀ ਗਵਾਹੀ ਹੋਵੇਗੀ ਜਿਹੜੇ ਭਾਵਨਾਤਮਕ ਅਨੁਭਵਾਂ ਅਤੇ ਅਸਲੀ ਘਟਨਾਵਾਂ ਵਿਚਕਾਰ ਫ਼ਰਕ ਦੱਸਣ ਵਿੱਚ ਅਸਮਰੱਥ ਸਨ, ਜਾਂ ਅਜਿਹੀ ਗਵਾਹੀ ਇੱਕ ਝੂਠ ਹੋਵੇਗਾ। ਸਦੀਆਂ ਤੋਂ, ਪੌਲੁਸ ਦੀ ਦਲੀਲ ਇਸ ਸੱਚਾਈ ਦਾ ਇਸੇ ਸਾਥੀ ਦੇ ਰੂਪ ਵਿੱਚ ਦਾਅਵਾ ਕਰਦੀ ਆ ਰਹੀ ਹੈ।

ਪਰਮੇਸ਼ੁਰ ਨੇ ਯਿਸੂ ਦੀ ਲਾਸ਼ ਨੂੰ ਤੀਜੇ ਦਿਨ ਮੁਰਦਿਆਂ ਵਿੱਚੋਂ ਜਿਵਾਲਿਆ ਸੀ। ਉਸ ਦੇ ਜੀ ਉੱਠਣ ਤੋਂ ਬਾਅਦ ਦਰਸ਼ਣ ਦੇਣ ਬਾਰੇ ਚਸ਼ਮਦੀਦ ਗਵਾਹਾਂ ਨੇ ਸਾਖੀ ਦਿੱਤੀ ਸੀ ਅਤੇ ਉਸ ਨੇ ਵਾਅਦਾ ਕੀਤਾ ਸੀ ਕਿ ਉਹ ਦੁਬਾਰਾ ਵਾਪਸ ਆਵੇਗਾ। ਹੁਣ ਉਹ ਪਰਮੇਸ਼ੁਰ ਦੇ ਸੱਜੇ ਹੱਥ ਰਾਜ ਕਰ ਰਿਹਾ ਹੈ। ਇਨ੍ਹਾਂ ਸਾਰੀਆਂ ਗੱਲਾਂ ਤੋਂ ਇਲਾਵਾ, ਮਸੀਹ ਦੁਆਰਾ ਕੀਤੇ ਗਏ ਦਾਅਵਿਆਂ ਅਤੇ ਉਸ ਦੇ ਬਾਰੇ ਹੋਰਨਾਂ ਦੁਆਰਾ ਕੀਤੇ ਗਏ ਦਾਅਵਿਆਂ ਨੂੰ ਸੁਰੱਖਿਅਤ ਅਰਥ ਦੇ ਲਈ ਆਸਹੀਣ ਮਨੁੱਖੀ ਖੋਜ ਵਿੱਚ ਇੱਕ ਹੋਰ ਅਧਿਆਇ ਵਜੋਂ ਰੱਦ ਕੀਤਾ ਜਾ

ਸਕਦਾ ਸੀ। ਪੌਲੁਸ ਜਾਣਦਾ ਸੀ ਕਿ ਇਹ ਗੱਲ ਨਹੀਂ ਸੀ। ਉਹ ਸੱਚਾਈ ਦੀ ਖੁਸ਼ਖ਼ਬਰੀ ਵਿੱਚ ਆਪਣੇ ਭਰੋਸੇ ਦੇ ਆਧਾਰ ਤੇ ਜਿਸ ਦਾ ਉਸ ਨੇ ਪਰਚਾਰ ਕੀਤਾ ਸੀ ਸਭ ਕੁਝ ਦਾਅ ਤੇ ਲਾਉਣ ਦੇ ਲਈ ਤਿਆਰ ਸੀ।

**ਆਇਤ 16.** ਕੁਰਿੰਥੁਸ ਦੇ ਮਸੀਹੀ ਲੋਕ ਇਹ ਨੂੰ ਦੋਹਾਂ ਤਰੀਕਿਆਂ ਨਾਲ ਨਹੀਂ ਲੈ ਸਕਦੇ ਸਨ। ਜੇਕਰ ਇਹ ਮਸੀਹੀ ਲੋਕ ਆਪਣੀ ਮੌਤ ਤੋਂ ਬਾਅਦ ਸਰੀਰ ਵਿੱਚ ਨਹੀਂ ਜੀਉਣਗੇ, ਪੌਲੁਸ ਨੇ ਜ਼ੋਰ ਦਿੱਤਾ, ਤਾਂ **ਮਸੀਹ ਭੀ ਨਹੀਂ ਜੀ ਉੱਠਿਆ ਹੈ**। ਜਾਂ ਤਾਂ ਉਨ੍ਹਾਂ ਨੂੰ ਇਹ ਦਾਅਵਾ ਕਰਨਾ ਛੱਡਣਾ ਪੈਣਾ ਸੀ ਕਿ ਕੋਈ ਜੀ ਉੱਠਣਾ ਨਹੀਂ ਹੋਵੇਗਾ, ਜਾਂ ਉਨ੍ਹਾਂ ਨੂੰ ਇਸ ਗਵਾਹੀ ਨੂੰ ਖਾਰਿਜ ਕਰਨਾ ਪੈਣਾ ਸੀ ਕਿ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ। ਪੌਲੁਸ ਸਿਰਫ ਮੌਤ ਤੋਂ ਬਾਅਦ ਜੀਵਨ ਦੀ ਦਲੀਲ ਨਹੀਂ ਦੇ ਰਿਹਾ ਸੀ। ਉਹ ਮੌਤ ਤੋਂ ਬਾਅਦ ਜੀ ਉੱਠਣ, ਇੱਕ ਸਰੀਰਕ ਹੋਂਦ ਦੀ ਪੁਸ਼ਟੀ ਕਰ ਰਿਹਾ ਸੀ। ਜਿਵੇਂ ਯਿਸੂ ਕਬਰ ਦੇ ਵਿੱਚੋਂ ਬਾਹਰ ਆ ਗਿਆ ਸੀ, ਉਸੇ ਤਰ੍ਹਾਂ "ਜਿਹੜੇ ਮਸੀਹ ਵਿੱਚ ਹੋ ਕੇ ਮੋਏ ਹਨ ਓਹ ਜੀ ਉੱਠਣਗੇ" (1 ਥੱਸਲੁਨੀਕੀਆਂ 4:16)। ਯਿਸੂ ਸਲੀਬੀ ਮੌਤ ਤੋਂ ਬਾਅਦ ਸਰੀਰਕ ਰੂਪ ਵਿੱਚ ਵਿਖਾਲੀ ਦਿੱਤਾ ਸੀ। ਇੱਕ ਸਰੀਰ ਦੀਆਂ ਸੀਮਾਵਾਂ ਤੋਂ ਬਿਨਾਂ ਇੱਕ ਅਸਪੱਸ਼ਟ ਮਨੁੱਖੀ ਆਤਮਾ ਦੀ ਕਲਪਨਾ ਕਰਨਾ ਵੀ ਮੁਸ਼ਕਲ ਹੈ। ਬਰੀਵਾਰਡ ਐਸ. ਚਾਈਲਡਸ ਦੇ ਸ਼ਬਦਾਂ ਦੀ ਵਰਤੋਂ ਕਰਨ ਦੇ ਲਈ, "ਸਰੀਰ ਤੋਂ ਬਿਨਾਂ ਕੋਈ ਮਨੁੱਖੀ ਵਜੂਦ ਨਹੀਂ ਹੈ ਅਤੇ ਇਹ ਜੀਵਨ ਤੋਂ ਅਟੁੱਟ ਹੈ। ਨਵੇਂ ਨੇਮ ਦੀਆਂ ਅੰਤ ਦੇ ਸਮੇਂ ਦੀਆਂ ਗੱਲਾਂ ਵਿੱਚੋਂ ਇੱਕ ਆਸ ਸਰੀਰ ਦੇ ਜੀ ਉੱਠਣ ਦੇ ਲਈ ਹੈ, ਨਾ ਕਿ ਇੱਕ ਆਤਮਾ ਦੇ ਬਚਣ ਦੇ ਲਈ।"[12]

**ਆਇਤ 17.** ਕੁਰਿੰਥੁਸ ਦੇ ਲੋਕਾਂ ਨੂੰ ਫ਼ੈਸਲਾ ਲੈਣਾ ਪੈਣਾ ਸੀ, ਪਰ ਪੌਲੁਸ ਉਨ੍ਹਾਂ ਨੂੰ ਅਰਥ ਸਮਝਾਉਣਾ ਚਾਹੁੰਦਾ ਸੀ ਜੇਕਰ ਉਨ੍ਹਾਂ ਨੇ ਜੀ ਉੱਠੇ ਪ੍ਰਭੂ ਦੇ ਬਾਰੇ ਰਸੂਲਾਂ ਦੀ ਗਵਾਹੀ ਨੂੰ ਠੁਕਰਾਉਣਾ ਚੁਣਨਾ ਸੀ। ਜੇਕਰ ਯਿਸੂ ਨਹੀਂ ਸੀ ਜੀ ਉੱਠਿਆ, ਇੰਜੀਲ ਦਾ ਹਰੇਕ ਤੱਤ ਜਿਸ ਦੇ ਬਾਰੇ ਪੌਲੁਸ ਨੇ ਪਰਚਾਰ ਕੀਤਾ ਸੀ ਗਲਤ ਹੋਵੇਗਾ। ਉਨ੍ਹਾਂ ਨੂੰ ਕਾਲਪਨਕ ਨਤੀਜੇ ਦਾ ਸਾਹਮਣਾ ਕਰਨਾ ਪੈਣਾ ਸੀ: **ਤੁਹਾਡੀ ਨਿਹਚਾ ਅਕਾਰਥ ਹੈ**। ਇਸ ਤੋਂ ਇਲਾਵਾ, ਉਸ ਨੇ ਕਿਹਾ, **ਤੁਸੀਂ ਅਜੇ ਆਪਣੇ ਪਾਪਾਂ ਵਿੱਚ ਹੋ**। ਆਖ਼ਰੀ ਵਾਕ ਨੂੰ ਦੋ ਤਰੀਕਿਆਂ ਨਾਲ ਸਮਝਿਆ ਜਾ ਸਕਦਾ ਹੈ। (1) ਪ੍ਰਭੂ ਦੇ ਜੀ ਉੱਠਣ ਤੋਂ ਬਿਨਾਂ, ਸਲੀਬ ਦਾ ਦਲੇਰੀ ਵਾਲਾ ਕੰਮ ਸ਼ੱਕ ਦੇ ਦਾਇਰੇ ਵਿੱਚ ਆ ਜਾਵੇਗਾ। (2) ਦੂਜੇ ਪਾਸੇ, ਇਹ ਕਥਨ ਕੁਰਿੰਥੁਸ ਦੇ ਲੋਕਾਂ ਦੇ ਅਨੁਭਵ ਦੇ ਲਈ ਇੱਕ ਅਪੀਲ ਹੋ ਸਕਦਾ ਹੈ। ਉਨ੍ਹਾਂ ਕੋਲ ਜੀ ਉੱਠੇ ਪ੍ਰਭੂ ਦੀ ਕਿਰਿਆਸ਼ੀਲ ਸਹਾਇਤਾ ਤੋਂ ਬਿਨਾਂ ਪਾਪ ਤੋਂ ਉੱਪਰ ਜੀਉਣ ਦੀ ਸ਼ਕਤੀ ਨਹੀਂ ਹੋਵੇਗੀ। ਦਰਅਸਲ, ਕੁਰਿੰਥੁਸ ਦੇ ਮਸੀਹੀ ਲੋਕਾਂ ਨੇ ਮਸੀਹ ਨੂੰ ਜ਼ਿੰਦਾ ਅਤੇ ਉਨ੍ਹਾਂ ਦੇ ਜੀਵਨਾਂ ਵਿੱਚ ਕੰਮ ਕਰਦੇ ਵੇਖਿਆ ਸੀ। ਉਹ ਇਸ ਗੱਲ ਦੀ ਜ਼ਿੰਦਾ ਗਵਾਹੀ ਸਨ ਕਿ ਯਿਸੂ ਜੀ ਉੱਠਿਆ ਹੈ, ਉਸ ਵਿੱਚ ਉਹ ਪਾਪ ਦੀ ਵੱਲੋਂ ਮੁੜੇ ਸਨ। ਜੀ ਉੱਠਣ ਦੀ ਗੈਰ-ਮੌਜੂਦਗੀ ਵਿੱਚ, ਇਹ ਦੋ ਨਕਾਰਾਤਮਕ ਨਤੀਜੇ ਹੋਣਗੇ; ਪਰ ਪੱਤ੍ਰੀਆਂ ਵਿੱਚ ਧਰਮੀ ਠਹਿਰਣ ਤੇ ਪੌਲੁਸ ਦਾ ਕੇਂਦਰ-ਬਿੰਦੂ ਇਹ ਸੁਝਾਅ ਦਿੰਦਾ ਹੈ ਕਿ ਰਸੂਲ ਦਾ ਮਕਸਦ ਪਹਿਲਾ ਅਰਥ ਸੀ (ਵੇਖੋ ਰੋਮੀਆਂ 4:24, 25)।

**ਆਇਤ 18.** ਰਸੂਲ ਨੇ ਉਨ੍ਹਾਂ ਨਤੀਜਿਆਂ ਤੇ ਜ਼ੋਰ ਦੇਣਾ ਜਾਰੀ ਰੱਖਿਆ ਜੋ ਮਸੀਹ ਦੇ ਸਰੀਰਕ ਰੂਪ ਵਿੱਚ ਜੀ ਉੱਠਣ ਦੇ ਇਨਕਾਰ ਕਰਨ ਤੋਂ ਬਾਅਦ ਨਿੱਕਲਦੇ ਹਨ। ਜੀ ਉੱਠਣ ਤੋਂ ਬਿਨਾਂ, **ਜਿਹੜੇ ਮਸੀਹ ਵਿੱਚ ਹੋ ਕੇ ਸੌਂ ਗਏ ਹਨ** (οἱ κοιμηθέντες, *ਹੋਈ*

*ਕੋਇਮੀਥੇਨਟੇਸ*) ਅਰਥਾਤ, ਜਿਹੜੇ ਮਰ ਗਏ ਹਨ, **ਨਾਸ ਹੋਏ**। ਮੁਰਦਿਆਂ ਵਿੱਚੋਂ ਜੀ ਉੱਠਣ ਦਾ ਇਨਕਾਰ ਕਰਨਾ, ਅਸਲ ਵਿੱਚ, ਉਸ ਆਸ ਨੂੰ ਇੱਕ ਪਾਸੇ ਰੱਖਣਾ ਹੈ ਜੋ ਮਸੀਹੀ ਨਿਹਚਾ ਦੇ ਲਈ ਬਹੁਮੁੱਲੀ ਹੈ। ਸਦੀਪਕ ਜੀਵਨ ਛੁਟਕਾਰੇ ਅਤੇ ਧਰਮੀ ਠਹਿਰਣ ਦਾ ਮੂਲ ਪਰਿਣਾਮ ਹੈ।

ਪੌਲੁਸ ਦਾ ਸੌਣ ਨੂੰ ਇੱਕ ਰੂਪਕ ਦੇ ਤੌਰ ਤੇ ਇਸਤੇਮਾਲ ਕਰਨਾ ਮੌਤ ਦੇ ਵਿਚਾਰ ਨੂੰ ਹਲਕਾ ਕਰ ਦਿੰਦਾ ਹੈ। ਪਲੈਟੋ ਅਤੇ ਸਤੋਇਕੀ ਫਿਲਾਸਫਰਾਂ ਦਾ ਨਿਰਾਸ਼ਾਵਾਦੀ ਵਿਚਾਰ ਯੂਨਾਨੀ-ਰੋਮੀ ਸੰਸਾਰ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਛਾ ਚੁੱਕਾ ਸੀ ਜਿੱਥੇ ਪੌਲੁਸ ਖੁਦ ਰਹਿੰਦਾ ਸੀ। ਪਿਆਲਿਆਂ ਨੂੰ ਖੋਪੜੀਆਂ ਦੇ ਆਕਾਰ ਵਿੱਚ ਬਣਾਇਆ ਜਾਂਦਾ ਸੀ; ਗਰਭਪਾਤ, ਵੇਸਵਾਪਣ ਅਤੇ ਬੱਚਿਆਂ ਨੂੰ ਬੇਨਕਾਬ ਕਰਨਾ ਆਮ ਰੀਤਾਂ ਸਨ। ਬਹੁਤ ਸਾਰੇ ਲੋਕਾਂ ਦੀਆਂ ਕਬਰਾਂ ਤੇ ਛੋਟੇ ਰੂਪ ਵਿੱਚ "N F F N S N C" ਲਿਖਿਆ ਹੁੰਦਾ ਸੀ ਜੋ ਕਿ ਇੱਕ ਲਾਤੀਨੀ ਵਾਕ *ਨੋਨ ਫੂਈ, ਫੂਈ, ਨੋਨ ਸਮ, ਨੋਨ ਕੁਰੋ* ਸੀ ਜਿਸ ਦਾ ਅਰਥ ਹੈ, "ਮੈਂ ਨਹੀਂ ਸੀ, ਮੈਂ ਸੀ, ਮੈਂ ਨਹੀਂ ਹਾਂ, ਮੈਨੂੰ ਕੋਈ ਪਰਵਾਹ ਨਹੀਂ ਹੈ।"[13] "ਸਤੋਇਕੀ ਨੀਤੀ ਸ਼ਾਸਤਰ ਵਿੱਚ ਮੁੱਖ ਸ਼ਬਦ ਉਦਾਸੀਨਤਾ ਹੈ," ਇਸ ਫਿਲਾਸਫੀ ਦੇ ਅਨੁਸਾਰ, "ਚੰਗਾ ਵਿਅਕਤੀ ਇਹ ਸਮਝ ਜਾਵੇਗਾ ਕਿ ਉਸ ਦੀ ਕਿਸਮਤ ਵਿੱਚ ਜੋ ਲਿਖਿਆ ਹੈ ਉਹ ਉਸ ਤੋਂ ਬਚਣ ਦੇ ਲਈ ਕੁਝ ਨਹੀਂ ਸੀ ਕਰ ਸਕਦਾ।"[14] ਮਸੀਹ ਦਾ ਸਰੀਰਕ ਤੌਰ ਤੇ ਜੀ ਉੱਠਣਾ, ਜਦੋਂ ਇਸ ਨੂੰ ਸਵੀਕਾਰ ਕਰ ਲਿਆ ਗਿਆ ਤਾਂ ਇਹ ਨੇ ਇਸ ਰਵੱਈਏ ਦੀ ਪਕੜ ਨੂੰ ਤੋੜ ਦਿੱਤਾ।

**ਆਇਤ 19.** ਜੋ ਲੋਕ ਜੀ ਉੱਠਣ ਵਿੱਚ ਵਿਸ਼ਵਾਸ ਨਹੀਂ ਕਰਦੇ, ਜਿਹੜੇ ਸੋਚਦੇ ਹਨ ਕਿ ਜਿਹੜੇ ਮਰ ਚੁੱਕੇ ਹਨ ਪੂਰੀ ਤਰ੍ਹਾਂ ਨਾਸ ਹੋ ਚੁੱਕੇ ਹਨ, ਇਸ ਆਸ ਨੂੰ ਛੱਡ ਬੈਠੇ ਹਨ। ਪੌਲੁਸ ਜਾਣਦਾ ਸੀ ਕਿ ਮਸੀਹ ਦੇ ਸਰੀਰਕ ਰੂਪ ਵਿੱਚ ਜੀ ਉੱਠਣ ਦੇ ਸੰਦੇਸ਼ ਤੋਂ ਇਲਾਵਾ ਮਨੁੱਖਜਾਤੀ ਦੇ ਲਈ ਆਸ ਦਾ ਕੋਈ ਹੋਰ ਸੰਦੇਸ਼ ਨਹੀਂ ਸੀ ਹੋ ਸਕਦਾ। ਖੁਸ਼ਖ਼ਬਰੀ ਦਾ ਸੰਦੇਸ਼ ਇਸ ਆਧਾਰ ਤੇ ਬਣਿਆ ਹੈ ਕਿ ਯਿਸੂ ਜੀ ਉੱਠਿਆ ਸੀ। ਜੇਕਰ ਉਹ ਸੰਦੇਸ਼ ਝੂਠਾ ਹੁੰਦਾ, ਇਸ ਦਾ ਅਰਥ ਇਹ ਸੀ ਕੋਈ ਆਸ ਨਹੀਂ ਸੀ। ਉਸ ਹਾਲਤ ਵਿੱਚ, ਮਸੀਹੀ ਲੋਕ **ਸਭਨਾਂ ਮਨੁੱਖਾਂ ਨਾਲੋਂ ਤਰਸ ਜੋਗ** ਹੋਣਗੇ। ਮਸੀਹ ਵਿੱਚ ਆਸ ਹੀ ਮਨੁੱਖਜਾਤੀ ਦੇ ਲਈ ਇਕਮਾਤਰ ਆਸ ਹੈ।

ਰਸੂਲ ਨੇ ਅੱਗੇ ਇਹ ਛਾਣਬੀਣ ਕਰਨਾ ਜਾਰੀ ਨਹੀਂ ਰੱਖਿਆ ਕਿ ਉਸ ਸਮੇਂ ਵਿਚਕਾਰ ਜਦੋਂ ਇੱਕ ਵਿਅਕਤੀ ਮੌਤ ਵਿੱਚ ਸੌਂ ਜਾਂਦਾ ਹੈ ਅਤੇ ਉਹ ਪਲ ਜਦੋਂ ਪ੍ਰਭੂ ਮੁਰਦਿਆਂ ਨੂੰ ਉਠਾਉਣ ਦੇ ਲਈ ਵਾਪਸ ਆਵੇਗਾ ਕੀ ਹੁੰਦਾ ਹੈ। ਕੀ ਜੀ ਉੱਠੇ ਸਰੀਰ ਵਿੱਚ ਜੀਵਨ ਮੌਤ ਸਮੇਂ ਸ਼ੁਰੂ ਹੁੰਦਾ ਹੈ ਜਾਂ ਉਸ ਸਮੇਂ ਸ਼ੁਰੂ ਹੋਵੇਗਾ ਜਦੋਂ ਪ੍ਰਭੂ ਵਾਪਸ ਆਵੇਗਾ? ਪੌਲੁਸ ਨੇ ਨਹੀਂ ਕਿਹਾ। ਇਹ ਤਾਂ ਨਿਸ਼ਚਤ ਹੈ ਕਿ ਸਦੀਪਕ ਜੀਵਨ ਸਰੀਰਕ ਰੂਪ ਵਿੱਚ ਹੋਵੇਗਾ। ਨਾ ਤਾਂ ਦੁਨਿਆਵੀ ਸਰੀਰ ਨਾ ਹੀ ਦੁਨਿਆਵੀ ਚੀਜ਼ਾਂ ਸੁਭਾਵਕ ਤੌਰ ਤੇ ਬੁਰੀਆਂ ਹਨ। ਬੁਰਾਈ ਅਤੇ ਪਾਪ ਉਨ੍ਹਾਂ ਨੈਤਿਕ ਫ਼ੈਸਲਿਆਂ ਦੇ ਨਤੀਜੇ ਵਜੋਂ ਹੁੰਦਾ ਹੈ ਜੋ ਲੋਕ ਲੈਂਦੇ ਹਨ, ਨਾ ਕਿ ਉਨ੍ਹਾਂ ਪਦਾਰਥਾਂ ਤੋਂ ਜਿਨ੍ਹਾਂ ਨੂੰ ਮਿਲ ਕੇ ਇੱਕ ਸਰੀਰ ਬਣਦਾ ਹੈ।

## ਕਿਸ ਤਰ੍ਹਾਂ ਦਾ ਸਰੀਰ? (15:20-28)

**20ਪਰ ਹੁਣ ਮਸੀਹ ਤਾਂ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ, ਸੁੱਤਿਆਂ ਹੋਇਆਂ ਦਾ**

**ਪਹਿਲਾ ਫਲ ਹੈ! [21]ਜਾਂ ਮਨੁੱਖ ਦੇ ਰਾਹੀਂ ਮੌਤ ਹੋਈ ਤਾਂ ਮਨੁੱਖ ਹੀ ਦੇ ਰਾਹੀਂ ਮੁਰਦਿਆਂ ਦੀ ਕਿਆਮਤ ਵੀ ਹੋਈ। [22]ਜਿਸ ਤਰਾਂ ਆਦਮ ਵਿੱਚ ਸੱਭੇ ਮਰਦੇ ਹਨ ਉਸੇ ਤਰਾਂ ਮਸੀਹ ਵਿੱਚ ਸੱਭੇ ਜੁਆਏ ਜਾਣਗੇ। [23]ਪਰ ਹਰੇਕ ਆਪੋ ਆਪਣੀ ਵਾਰੀ ਸਿਰ। ਪਹਿਲਾ ਫਲ ਮਸੀਹ, ਫੇਰ ਜਿਹੜੇ ਮਸੀਹ ਦੇ ਹਨ ਉਹ ਦੇ ਆਉਣ ਦੇ ਵੇਲੇ। [24]ਉਹ ਦੇ ਮਗਰੋਂ ਅੰਤ ਹੈ। ਤਦ ਉਹ ਰਾਜ ਨੂੰ ਪਰਮੇਸ਼ੁਰ ਅਤੇ ਪਿਤਾ ਦੇ ਹੱਥ ਸੌਂਪ ਦੇਵੇਗਾ ਜਦ ਉਹ ਨੇ ਹਰੇਕ ਹਕੂਮਤ ਅਤੇ ਹਰੇਕ ਇਖ਼ਤਿਆਰ ਅਤੇ ਕੁਦਰਤ ਨੂੰ ਨਾਸ ਕਰ ਦਿੱਤਾ ਹੋਵੇਗਾ। [25]ਕਿਉਂਕਿ ਜਿੰਨਾ ਚਿਰ ਉਹ ਸਾਰੇ ਵੈਰੀਆਂ ਨੂੰ ਆਪਣੇ ਪੈਰਾਂ ਹੇਠ ਨਾ ਕਰ ਲਵੇ ਉੱਨਾ ਚਿਰ ਉਸ ਨੇ ਰਾਜ ਕਰਨਾ ਹੈ। [26]ਛੇਕੜਲਾ ਵੈਰੀ ਜਿਹ ਦਾ ਨਾਸ ਹੋਣਾ ਹੈ ਸੋ ਮੌਤ ਹੈ। [27]"ਉਸ ਨੇ ਸੱਭੋ ਕੁਝ ਉਹ ਦੇ ਪੈਰਾਂ ਹੇਠ ਕਰ ਦਿੱਤਾ।" ਪਰ ਜਾਂ ਉਹ ਕਹਿੰਦਾ ਹੈ ਜੋ ਸੱਭੋ ਕੁਝ ਹੇਠ ਕੀਤਾ ਗਿਆ ਹੈ ਤਾਂ ਪਰਗਟ ਹੈ ਕਿ ਜਿਹ ਨੇ ਸੱਭੋ ਕੁਝ ਉਹ ਦੇ ਹੇਠ ਕਰ ਦਿੱਤਾ ਉਹ ਆਪ ਹੇਠ ਹੋਣ ਤੋਂ ਰਹਿਤ ਹੈ। [28]ਅਤੇ ਜਾਂ ਸੱਭੋ ਕੁਝ ਉਹ ਦੇ ਅਧੀਨ ਕੀਤਾ ਗਿਆ ਹੋਵੇਗਾ ਤਾਂ ਪੁੱਤ੍ਰ ਆਪ ਵੀ ਉਸ ਦੇ ਅਧੀਨ ਹੋਵੇਗਾ ਜਿਹ ਨੇ ਸੱਭੋ ਕੁਝ ਉਹ ਦੇ ਅਧੀਨ ਕਰ ਦਿੱਤਾ ਭਈ ਪਰਮੇਸ਼ੁਰ ਸਭਨਾਂ ਵਿੱਚ ਸਭ ਕੁਝ ਹੋਵੇ।**

ਕਈ ਸਾਲ ਪਹਿਲਾਂ, ਐਲਗਜੰਡਰ ਬਾਲਮੇਨ ਬਰੂਸ ਨੇ ਕ੍ਰਿਸ਼ਚਿਅਨ ਅਪੋਲੋਜੈਟਿਕਸ ਤੇ ਉਸ ਸਮੇਂ ਇੱਕ ਪੁਸਤਕ ਲਿਖੀ ਸੀ ਜਦੋਂ ਵਿਦਵਾਨਾਂ ਦੇ ਸਮਾਜ ਨੇ ਅਸਲ ਵਿੱਚ ਅਨੁਸ਼ਾਸਨ ਨੂੰ ਤਿਆਗ ਦਿੱਤਾ ਸੀ। ਬਾਕੀ ਗੱਲਾਂ ਦੇ ਨਾਲ-ਨਾਲ, ਬਰੂਸ ਨੇ ਭਵਿੱਖ ਦੇ ਲਈ ਆਸ਼ਾਵਾਦ ਨਾਲ ਜੁੜੇ ਹੋਏ ਨੈਤਿਕ ਵਿਹਾਰ ਦੀ ਵਾਪਸੀ ਦੇ ਲਈ ਨਬੂਵਤੀ ਮੰਗਾਂ ਤੇ ਵਿਚਾਰ ਕੀਤਾ। ਬਰੂਸ ਦਾ ਇਹ ਕਹਿਣਾ ਸੀ:

> *ਧਾਰਮਿਕਤਾ ਦੇ ਲਈ ਜੋਸ਼ ਅਤੇ ਆਸ ਦੇ ਲਈ ਜੋਸ਼* ਸਧਾਰਣ ਨਾਲੋਂ ਕਿਤੇ ਦੂਰ ਹਨ, ਇਹ ਕਿ ਉਹ ਜਿਨ੍ਹਾਂ ਦੇ ਵਿੱਚ ਜਾਂ ਤਾਂ ਉਹ ਕਾਫੀ ਵੱਡੀ ਮਾਤਰਾ ਵਿੱਚ ਜਾਪਦੇ ਹਨ ਉਨ੍ਹਾਂ ਦੀ ਗਿਣਤੀ ਸ਼ਾਨਦਾਰ ਮਨੁੱਖਾਂ ਦੇ ਵਿੱਚ ਹੁੰਦੀ ਹੈ। ਪਰ ਇਹ ਦੋ ਦਾ ਸੁਮੇਲ ਹੈ ਜਿਹੜਾ ਇਬਰਾਨੀ ਨਬੀ ਦੀ ਸ਼ਖਸੀਅਤ ਨੂੰ ਅਨੋਖੀ ਬਣਾਉਂਦਾ ਹੈ।[15] (ਜ਼ੋਰ ਦਿੱਤਾ ਗਿਆ ਹੈ)।

ਨਾਸਰਤ ਦਾ ਯਿਸੂ ਅਤੇ ਰਸੂਲ ਜਿਹੜੇ ਉਸ ਦੇ ਪਿੱਛੇ ਚੱਲਦੇ ਸਨ, ਨਬੀਆਂ ਨਾਲੋਂ ਵੀ ਅੱਗੇ ਨਿੱਕਲ ਗਏ। ਉਨ੍ਹਾਂ ਨੇ (1) ਪਵਿੱਤਰ ਜੀਉਣ ਦੇ ਨਾਲ ਨਾ ਸਮਝੌਤਾ ਕਰਨ ਵਾਲੀ ਮੰਗ ਨੂੰ ਜੋੜਿਆ (2) ਇੱਕ ਆਸ਼ਾਵਾਦੀ ਉਡੀਕ ਕਿ ਪ੍ਰਭੂ ਦੁਬਾਰਾ ਆਵੇਗਾ। ਸੁਭਾਵਕ ਅਤੇ ਅਕਸਰ ਸਪੱਸ਼ਟ, ਆਖ਼ਰੀ ਗੱਲਾਂ ਸੰਬੰਧੀ ਨਵੇਂ ਨੇਮ ਵਿੱਚ ਪਰਕਾਸ਼ ਧਰਮੀ ਜੀਉਣ ਦੇ ਲਈ ਇੱਕ ਬੁਲਾਹਟ ਹੈ (1 ਕੁਰਿੰਥੀਆਂ 15:34; 2 ਕੁਰਿੰਥੀਆਂ 5:10; 2 ਪਤਰਸ 3:11)। ਪ੍ਰਭੂ ਦੇ ਦੁਬਾਰਾ ਆਉਣ ਦਾ ਅਰਥ ਸਰੀਰਕ ਜੀ ਉੱਠਣਾ, ਨਿਆਂ ਅਤੇ ਸਦੀਪਕ ਜੀਵਨ ਹੈ। ਨਬੀਆਂ ਨੇ ਪ੍ਰਭੂ ਦੇ ਆਸ਼ਾਵਾਦ ਬਾਰੇ ਪਹਿਲਾਂ ਤੋਂ ਹੀ ਸੂਚਿਤ ਕਰ ਦਿੱਤਾ ਸੀ। ਬਰੂਸ ਨੇ ਅੱਗੇ ਇਹ ਆਖਿਆ,

> ਨੈਤਿਕ ਆਲੋਚਕ ਦੇ ਲਈ ਉਦਾਸ ਅਤੇ ਨਿਰਾਸ਼ਾਵਾਦੀ ਬਣਨਾ ਇੰਨਾ ਸੁਭਾਵਕ ਹੈ ਕਿ ਅਸੀਂ ਹੈਰਾਨ ਹੁੰਦੇ ਹਾਂ ਜਦੋਂ ਅਸੀਂ ਇਨ੍ਹਾਂ ਮਨੁੱਖਾਂ (ਇਸਰਾਏਲ ਦੇ ਨਬੀਆਂ) ਨੂੰ ਵੇਖਦੇ ਹਾਂ ਜਿਨ੍ਹਾਂ ਨੇ ਆਪਣੇ ਸਮਕਾਲੀਨਾਂ ਕੋਲੋਂ ਜ਼ਬਰਦਸਤ ਮੰਗਾਂ ਕੀਤੀਆਂ ਸਨ ਅਤੇ ਉਨ੍ਹਾਂ ਦਾ ਪਾਲਣ ਕਰਨ ਵਿੱਚ ਅਸਫ਼ਲ ਹੋਣ ਤੇ ਕਠੋਰ ਸਜ਼ਾ ਦਾ ਐਲਾਨ ਕੀਤਾ ਸੀ, ਆਉਣ ਵਾਲੇ

ਸੁਨਹਿਰੀ ਯੁੱਗ ਦੇ ਸੰਸਾਰ ਦੇ ਸਾਹਿਤ ਵਿੱਚ ਚਮਕਦਾਰ, ਜੋਸ਼ੀਲੀਆਂ ਤਸਵੀਰਾਂ ਦਿੱਤੀਆਂ, ਜਦੋਂ ਭਲਿਆਈ ਅਤੇ ਖ਼ੁਸ਼ੀ ਦੇ ਸਭ ਤੋਂ ਉੱਚੇ ਆਦਰਸ਼ਾਂ ਦਾ ਪੂਰੀ ਤਰ੍ਹਾਂ ਅਹਿਸਾਸ ਹੋਣਾ ਚਾਹੀਦਾ ਹੈ।[16]

ਜਦੋਂ ਪੌਲੁਸ ਨੇ ਜੀ ਉੱਠਣ ਬਾਰੇ ਕੁਰਿੰਥੁਸ ਦੇ ਲੋਕਾਂ ਨੇ ਲਿਖਿਆ, ਉਸ ਨੇ *ਧਾਰਮਿਕਤਾ* ਅਤੇ *ਆਸ* ਦੇ ਵਿਸ਼ਿਆਂ ਨੂੰ ਸ਼ਾਮਲ ਕੀਤਾ। ਯਿਸੂ, ਭਵਿੱਖ ਵਿੱਚ ਜੀ ਉੱਠਣਾ ਅਤੇ ਆਸ ਆਉਣ ਵਾਲੇ ਯੁੱਗ ਬਾਰੇ ਰਸੂਲ ਦੇ ਵਿਹਾਰ ਵਿੱਚ ਇੱਕ ਸਾਥ ਗੁੱਥੇ ਹੋਏ ਹਨ। ਆਸ ਦਾ ਸੰਦੇਸ਼ ਵਿਸ਼ਵਾਸਯੋਗ ਗਵਾਹਾਂ ਵੱਲੋਂ ਇਸ ਇਤਹਾਸਕ ਗਵਾਹੀ ਨਾਲ ਸ਼ੁਰੂ ਹੁੰਦਾ ਹੈ ਕਿ ਯਿਸੂ ਮਰਿਆ ਅਤੇ ਇਹ ਕਿ ਬਾਅਦ ਵਿੱਚ ਪਰਮੇਸ਼ੁਰ ਨੇ ਉਸ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ। ਮਸੀਹੀ *ਆਸ* ਇਸ ਇਕਰਾਰ ਤੋਂ ਵਹਿੰਦੀ ਅਤੇ ਇਸ ਇਕਰਾਰ ਵਿੱਚ ਕਾਇਮ ਹੈ ਕਿ ਯਿਸੂ ਮਸੀਹਾ ਹੈ ਅਤੇ ਇਹ ਕਿ ਪਰਮੇਸ਼ੁਰ ਨੇ ਉਸ ਨੂੰ ਮੁਰਦਿਆਂ ਵਿੱਚੋਂ ਜਿਵਾਲਣ ਦੇ ਦੁਆਰਾ ਉਸ ਨੂੰ ਮਸੀਹ ਘੋਸ਼ਿਤ ਕੀਤਾ ਸੀ।

**ਆਇਤ 20.** 15:13-19 ਵਿੱਚ ਜੀ ਉੱਠਣ ਦੀ ਆਸ ਤੋਂ ਬਿਨਾਂ ਕੁਦਰਤੀ ਦ੍ਰਿਸ਼ ਦੀ ਉਦਾਸੀ ਦੀ ਤਸਵੀਰ ਬਣਾਉਣ ਤੋਂ ਬਾਅਦ, ਪੌਲੁਸ ਨੇ ਅੱਗੇ ਯਿਸੂ ਦੇ ਜੀ ਉੱਠਣ ਦੀ ਸੱਚਾਈ ਅਤੇ ਇਸ ਦਾ ਜੋ ਅਰਥ ਹੈ ਉਸ ਦੀ ਪੁਸ਼ਟੀ ਕੀਤੀ। ਦਰਅਸਲ, ਕਿਉਂਕਿ ਯਿਸੂ **ਮੁਰਦਿਆਂ ਵਿੱਚੋਂ ਜੀ ਉੱਠਿਆ ਹੈ, ਉਹ ਸੁੱਤਿਆਂ ਹੋਇਆਂ ਦਾ ਪਹਿਲਾ ਫਲ** ਬਣ ਚੁੱਕਾ ਹੈ। ਫੇਰ, ਸੌਣਾ ਮੌਤ ਦੇ ਲਈ ਇੱਕ ਰੂਪਕ ਹੈ (ਵੇਖੋ 15:18)। ਰਸੂਲ ਨੇ ਇਸਰਾਏਲ ਦੇ ਇਤਹਾਸ ਵਿੱਚ ਡੂੰਘੀਆਂ ਜੜ੍ਹਾਂ ਦੇ ਨਾਲ ਵਰਣਨ ਕੀਤਾ। ਲੋਕਾਂ ਨੇ ਧੰਨਵਾਦ ਰੂਪੀ ਬਲੀਦਾਨ ਵਜੋਂ ਆਪਣੀ ਜ਼ਮੀਨ ਦਾ ਪਹਿਲਾ ਫਲ ਦੇਣਾ ਸੀ (ਬਿਵਸਥਾ ਸਾਰ 26:1, 2)। ਇੱਕ ਭਾਵ ਵਿੱਚ, ਪਹਿਲੇ ਫਲ ਹੋਰ ਜ਼ਿਆਦਾ ਫਲ ਆਉਣ ਦੇ ਸੂਚਕ ਸਨ; ਪਰ ਉਹ ਵਾਢੀ ਦੀ ਸ਼ੁਰੂਆਤ ਵੀ ਸਨ। ਇੱਕ ਹੋਰ ਥਾਂ ਤੇ, ਰਸੂਲ ਨੇ "ਪਹਿਲੇ ਫਲ" ਨੂੰ ਪਰਮੇਸ਼ੁਰ ਦੁਆਰਾ ਵਿਸ਼ਵਾਸੀਆਂ ਨੂੰ ਦਿੱਤੇ ਜਾਣ ਵਾਲੇ ਆਤਮਾ ਦੇ ਪਹਿਲੇ ਫਲ ਵਜੋਂ ਇੱਕ ਰੂਪਕ ਦੇ ਤੌਰ ਤੇ ਵਰਤਿਆ ਜਿਹੜੇ ਆਪਣੇ ਆਪ ਵਿੱਚ ਹਾਹੁਕੇ ਭਰਦੇ ਅਤੇ ਪੁੱਤ੍ਰ ਹੋਣ ਦੀ ਅਰਥਾਤ ਆਪਣੀ ਦੇਹੀ ਦੇ ਨਿਸਤਾਰੇ ਦੀ ਉਡੀਕ ਕਰਦੇ ਹਨ" (ਰੋਮੀਆਂ 8:23)।

ਯਿਸੂ ਦੇ ਜੀ ਉੱਠਣ ਨੇ ਪਰਮੇਸ਼ੁਰ ਦੀ ਸ਼ਕਤੀ ਨੂੰ ਪ੍ਰਦਰਸ਼ਿਤ ਕੀਤਾ। ਉਹ ਮੁਰਦਿਆਂ ਨੂੰ ਜ਼ਿੰਦਾ ਕਰਨ ਅਤੇ ਆਤਮਾ ਦੇ ਵਾਸ ਨਾਲ ਆਪਣੇ ਲੋਕਾਂ ਨੂੰ ਸਮਰੱਥਾ ਦੇਣ ਦੇ ਯੋਗ ਹੈ, ਪਰ ਇਸ ਤੋਂ ਵੀ ਵੱਧ ਕੇ ਕੁਝ ਹੈ। ਪਹਿਲੇ ਫਲ ਨੇ ਮਸੀਹੀ ਪਰਿਵਾਰ ਦੇ ਆਉਣ ਵਾਲੇ ਜੀ ਉੱਠਣ ਦਾ ਵਾਅਦਾ ਕੀਤਾ ਸੀ। ਯਿਸੂ ਦਾ ਜੀ ਉੱਠਣਾ ਬੀਤੇ ਸਮੇਂ ਵਿੱਚੋਂ ਇੱਕ ਇਤਹਾਸਕ ਸਮਾਰਕ ਚਿੰਨ੍ਹ ਤੋਂ ਵੱਧ ਕੇ ਹੈ; *ਉਹ ਪਹਿਲਾ ਫਲ ਸੀ ਜੋ ਇਸ ਗੱਲ ਵੱਲ ਇਸ਼ਾਰਾ ਕਰਦਾ ਸੀ ਕਿ ਵਾਢੀ ਸ਼ੁਰੂ ਹੋ ਚੁੱਕੀ ਸੀ*। ਉਸ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦਾ ਨਤੀਜਾ ਪਰਮੇਸ਼ੁਰ ਦੀ ਸਮਰੱਥਾ ਅਤੇ ਖਾਲੀ ਕਬਰ ਵਿੱਚ ਇੱਕ ਭਰੋਸੇਮੰਦ ਵਿਸ਼ਵਾਸ ਤੋਂ ਵੱਧ ਕੇ ਹੈ, ਸਾਡੇ ਅੰਦਰ ਜੋ ਆਤਮਾ ਹੈ ਉਸ ਤੋਂ ਵੱਧ ਕੇ ਹੈ। ਯਿਸੂ "ਵਾਢੀ ਦੀ ਅਸਲੀ ਸ਼ੁਰੂਆਤ" ਬਣਿਆ ਸੀ।[17] ਯਿਸੂ ਵਿੱਚ ਸਦੀਪਕ ਜੀ ਉੱਠਣਾ ਮਨੁੱਖੀ ਇਤਹਾਸ ਵਿੱਚ ਪਹਿਲਾਂ ਤੋਂ ਹੀ ਸ਼ੁਰੂ ਜੋ ਚੁੱਕਾ ਹੈ। "ਯਿਸੂ ਦੇ ਜੀ ਉੱਠਣ ਦਾ ਅਰਥ ਕਿਸੇ ਚੀਜ਼ ਦੇ ਇਤਹਾਸਕ ਦ੍ਰਿਸ਼ ਤੇ ਜੋ ਸਦੀਪਕ ਵਿਵਸਥਾ ਦਾ ਹੈ ਪਰਗਟੀਕਰਨ ਨਾਲੋਂ ਘੱਟ ਨਹੀਂ ਹੈ।"[18]

**ਆਇਤ 21.** ਪੌਲੁਸ ਨੇ ਯਿਸੂ ਦੀ ਆਦਮ ਨਾਲ ਤੁਲਨਾ ਕਰਨ ਦੇ ਦੁਆਰਾ ਦੇਹ

ਧਾਰਣ ਦੇ ਦੂਰ ਅਤੇ ਸਦੀਪਕ ਪਰਿਣਾਮਾਂ ਤੇ ਜ਼ੋਰ ਦਿੱਤਾ। ਰਸੂਲ ਨੇ ਨਿਸ਼ਚੇਪੂਰਵਕ ਕਿਹਾ ਕਿ ਦੂਰਗਾਮੀ ਪ੍ਰਭਾਵ ਆਦਮ ਅਤੇ ਹੱਵਾਹ ਦੇ ਪਾਪ ਦੇ ਰਾਹੀਂ ਜਗਤ ਵਿੱਚ ਲਿਆਂਦਾ ਗਿਆ ਸੀ, ਪਰ ਉਸ ਪ੍ਰਭਾਵ ਤੇ ਮਸੀਹ ਦੇ ਆਉਣ ਰਾਹੀਂ ਜਿੱਤ ਪਾਈ ਗਈ ਸੀ। ਬਾਅਦ ਵਿੱਚ ਉਸ ਨੇ ਇਸ ਵਿਸ਼ੇ ਨੂੰ ਰੋਮੀਆਂ 5:12-17 ਵਿੱਚ ਸੰਬੋਧਿਤ ਕੀਤਾ ਅਤੇ ਇਸ ਉਦਾਹਰਣ ਨੂੰ 1 ਕੁਰਿੰਥੀਆਂ 15:45-50 ਵਿੱਚ ਜਾਰੀ ਰੱਖਿਆ। ਆਦਮ ਦਾ ਵਿਦਰੋਹ ਮੌਤ – ਸਰੀਰਕ ਮੌਤ ਅਤੇ ਆਤਮਿਕ ਮੌਤ ਦੋਵੇਂ – ਲੈ ਕੇ ਆਇਆ ਸੀ। ਆਦਮ ਨੇ ਨਾ ਸਿਰਫ ਪਾਪ ਕੀਤਾ ਸੀ, ਪਰ ਉਸ ਨੇ ਪਾਪ ਦੇ ਲਈ ਇੱਕ ਨਮੂਨਾ ਵੀ ਰੱਖਿਆ ਸੀ; ਉਹ ਪਾਪ ਦੇ ਲਈ ਇੱਕ ਮਿਸਾਲ ਬਣਿਆ ਸੀ ਜਿਸ ਨੇ ਮਨੁੱਖਜਾਤੀ ਦਾ ਵਰਣਨ ਕਰਨਾ ਸੀ। ਰੋਮੀਆਂ 3:23 ਵਿੱਚ ਪੌਲੁਸ ਨੇ ਲਿਖਿਆ, "ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ।" ਪਾਪ ਦੀ ਵਿਆਪਕਤਾ ਅਤੇ ਆਦਮ ਅਤੇ ਹੱਵਾਹ ਦੇ ਪਾਪ ਅਸੰਬੰਧਤ ਨਹੀਂ ਹਨ, ਪਰ ਅਧਿਆਤਮਕ ਸ਼ਾਸਤਰੀਆਂ ਨੇ ਉਸ ਤੁਲਨਾ ਨੂੰ ਵੇਖਿਆ ਹੈ ਜੋ ਪੌਲੁਸ ਨੇ ਉਨ੍ਹਾਂ ਅਧਿਆਤਮਕ ਸਵਾਲਾਂ ਦਾ ਉੱਤਰ ਦੇਣ ਦੇ ਲਈ ਆਦਮ ਅਤੇ ਮਸੀਹ ਵਿਚਕਾਰ ਕੀਤੀ ਹੈ ਜੋ ਰਸੂਲ ਦੇ ਮਨ ਤੋਂ ਕਾਫੀ ਦੂਰ ਸੀ। ਪੌਲੁਸ ਦੇ ਸ਼ਬਦ ਇਸ ਗੱਲ ਦਾ ਕੋਈ ਸੁਝਾਅ ਨਹੀਂ ਦਿੰਦੇ ਕਿ ਆਦਮ ਤੋਂ ਬਾਅਦ, ਪਾਪ ਅਤੇ ਮੌਤ ਵਿਰਾਸਤ ਰਾਹੀਂ ਮਾਂ-ਬਾਪ ਤੋਂ ਬੱਚੇ ਤੱਕ ਪਹੁੰਚੇ। ਅਸਲੀ ਪਾਪ ਦੀ ਧਾਰਣਾ ਨਾ ਤਾਂ ਆਦਮ ਦੇ ਪਾਪ ਵਿੱਚ ਨਾ ਹੀ ਯਿਸੂ ਦੇ ਜੀ ਉੱਠਣ ਵਿੱਚ ਪਾਈ ਜਾਂਦੀ ਹੈ।

ਅਗੱਸਟਿਨੀਅਨ ਵਿਆਖਿਆ ਜੋ ਕੁਝ ਧਾਰਮਿਕ ਸਮੂਹਾਂ ਦੇ ਅਧਿਆਤਮਕ ਸ਼ਾਸਤਰ ਵਿੱਚ ਪ੍ਰਚਲਿਤ ਸੀ ਉਹ ਇਹ ਹੈ ਕਿ ਆਦਮ ਦੇ ਪਾਪ ਵਿੱਚ, ਸਾਰੀ ਮਨੁੱਖਜਾਤੀ ਨੇ ਪਾਪ ਕੀਤਾ ਸੀ। ਕਿਹਾ ਜਾਂਦਾ ਹੈ ਕਿ ਔਰਤ ਪਾਪ ਦੀ ਅਸਲੀ ਧਾਰਕ ਹੈ ਅਤੇ ਯੌਨ ਕਿਰਿਆ ਨੂੰ ਦੋਸ਼ੀ ਦੇ ਰੂਪ ਵਿੱਚ ਵੇਖਿਆ ਜਾਂਦਾ ਹੈ। ਅਗੱਸਟਿਨ ਨੇ ਲਿਖਿਆ, "ਅਸੀਂ ਸਾਰੇ ਉਸ ਇੱਕ ਮਨੁੱਖ [ਆਦਮ] ਵਿੱਚ ਆਉਂਦੇ ਹਾਂ . . . , ਜਿਹੜਾ ਉਸ ਔਰਤ ਦੁਆਰਾ ਪਾਪ ਵਿੱਚ ਡਿੱਗ ਪਿਆ ਜਿਸ ਨੂੰ ਪਾਪ ਹੋਣ ਤੋਂ ਪਹਿਲਾਂ ਉਸ ਦੇ ਵਿੱਚੋਂ ਬਣਾਇਆ ਗਿਆ ਸੀ।"[19] ਇਹ ਤਰਕ ਇਸ ਤਰ੍ਹਾਂ ਅੱਗੇ ਵਧਦਾ ਹੈ ਕਿ ਪਾਪ ਵਿਰਸੇ ਵਿੱਚ ਮਿਲਿਆ ਹੈ, ਇਸ ਤਰ੍ਹਾਂ ਇੱਕ ਬੱਚਾ ਜਨਮ ਤੋਂ ਹੀ ਪਾਪ ਦਾ ਦੋਸ਼ੀ ਹੁੰਦਾ ਹੈ। ਅਸਲੀ ਪਾਪ ਤੋਂ ਬਾਅਦ, ਅਗੱਸਟਿਨ ਨੇ ਕਿਹਾ, ਮਨੁੱਖਜਾਤੀ ਨੇ "ਭਰਿਸ਼ਟ ਅਤੇ ਦੋਸ਼ੀ ਬੱਚਿਆਂ ਨੂੰ ਜਨਮ ਦਿੱਤਾ।"[20] ਪਾਪ, ਉਸ ਦੀ ਸੋਚ ਅਨੁਸਾਰ, ਇੱਕ ਆਤਮਿਕ ਅਵਸਥਾ ਹੈ ਜੋ ਲੋਕਾਂ ਨੂੰ ਪਰਮੇਸ਼ੁਰ ਤੋਂ ਅਲੱਗ ਕਰਦੀ ਹੈ, ਨਾ ਕਿ ਲੋਕਾਂ ਦੇ ਫ਼ੈਸਲੇ ਜੋ ਉਹ ਸਰੀਰ ਦੇ ਲਾਲਚ ਦੇ ਪਿੱਛੇ ਚੱਲਣ ਦੇ ਲਈ ਲੈਂਦੇ ਹਨ। ਇਹ ਵਿਚਾਰ ਪ੍ਰਕਿਰਿਆ ਦਾ ਸਿੱਟਾ ਇਹ ਨਿੱਕਲਦਾ ਹੈ ਕਿ ਕਿਉਂਕਿ ਮਨੁੱਖ ਪਾਪ ਦੇ ਦੋਸ਼ ਨਾਲ ਪੈਦਾ ਹੁੰਦੇ ਹਨ ਅਤੇ ਇਸ ਦੇ ਅਧਿਕਾਰ ਹੇਠਾਂ ਰਹਿੰਦੇ ਹਨ, ਉਹ ਕੁਝ ਵੀ ਭਲਾ ਨਹੀਂ ਕਰ ਸਕਦੇ।

ਕੁਰਿੰਥੁਸ ਦੇ ਲੋਕਾਂ ਨੂੰ ਦਿੱਤੇ ਗਏ ਪੌਲੁਸ ਦੇ ਤਰਕ ਨੇ ਤਤਕਾਲੀਨ ਹਾਲਤ ਨੂੰ ਸੰਬੋਧਿਤ ਕੀਤਾ ਸੀ, ਨਾ ਕਿ ਅੱਗੇ ਆਉਣ ਵਾਲੀ ਪੀੜ੍ਹੀ ਦੇ ਅਧਿਆਤਮਕ ਤਰਕਾਂ ਨੂੰ। ਉਹ ਥੋੜ੍ਹਾ ਜਿਹਾ ਪਰਮੇਸ਼ੁਰ ਦੀ ਪ੍ਰਭੂਤਾ ਅਤੇ ਮਨੁੱਖੀ ਅਜ਼ਾਦੀ ਦੇ ਵੱਡੇ ਸਵਾਲਾਂ ਬਾਰੇ ਚਿੰਤਤ ਸੀ ਉਹ ਸਵਾਲ ਜਿਨ੍ਹਾਂ ਨੇ ਅਗੱਸਟਿਨ[21] ਨੂੰ ਪਰੇਸ਼ਾਨ ਕੀਤਾ ਸੀ ਜਦੋਂ ਉਸ ਨੇ ਆਪਣੀ ਜਵਾਨੀ ਦੇ ਸਮੇਂ ਦੀਆਂ ਰੀਤਾਂ ਤੇ ਵਿਚਾਰ ਕੀਤਾ। ਜਿਵੇਂ ਪਾਪ ਅਤੇ ਮੌਤ ਆਦਮ ਦੇ ਰਾਹੀਂ ਆਏ ਸਨ, ਪੌਲੁਸ ਨੇ ਦਲੀਲ ਦਿੱਤੀ, ਉਸੇ ਤਰ੍ਹਾਂ ਮਾਫ਼ੀ ਅਤੇ ਆਸ (**ਮੁਰਦਿਆਂ ਦੀ ਕਿਆਮਤ**) ਵੀ

ਦੂਜੇ ਆਦਮ ਅਰਥਾਤ ਯਿਸੂ ਦੇ ਰਾਹੀਂ ਹੋਈ ਜਿਹੜਾ ਸੌ ਪ੍ਰਤੀਸ਼ਤ ਰੱਬ ਅਤੇ ਅਤੇ ਸੌ ਪ੍ਰਤੀਸ਼ਤ ਮਨੁੱਖ ਸੀ। ਪੌਲੁਸ ਦੇ ਤਰਕ ਦੇ ਕੰਮ ਕਰਨ ਦੇ ਲਈ, ਵਿਅਕਤੀ ਨੂੰ ਇਸ ਗਵਾਹੀ ਨੂੰ ਕਬੂਲ ਕਰਨਾ ਪਵੇਗਾ ਕਿ "ਇੱਕ ਮਨੁੱਖ ਦੇ ਰਾਹੀਂ ਹੀ ਮੁਰਦਿਆਂ ਦੀ ਕਿਆਮਤ ਹੋਈ ਸੀ।" ਪੌਲੁਸ ਆਪਣੇ ਪਾਠਕਾਂ ਨੂੰ ਇਹ ਦੱਸਣਾ ਚਾਹੁੰਦਾ ਸੀ ਕਿ ਯਿਸੂ ਦੇ ਜੀ ਉੱਠਣ ਦਾ ਕੀ ਅਰਥ ਸੀ: ਜਿੰਨੇ ਵੀ ਲੋਕ ਬਚਾਏ ਗਏ ਹਨ ਸਦੀਪਕ ਕਾਲ ਲਈ ਜੀਉਣ ਵਾਸਤੇ ਮੁਰਦਿਆਂ ਵਿੱਚੋਂ ਜੀ ਉੱਠਣਗੇ।

**ਆਇਤ 22.** ਪੌਲੁਸ ਨੇ ਆਪਣੇ ਪਾਠਕਾਂ ਨੂੰ ਮਸੀਹ ਵਿੱਚ ਪਰਮੇਸ਼ੁਰ ਦੇ ਕੰਮ ਨੂੰ ਸਮਝਾਉਣ ਦੇ ਲਈ ਆਦਮ ਦਾ ਉਦਾਹਰਣ ਵਰਤਿਆ ਸੀ; ਹਾਲਾਂਕਿ ਦੋਹਾਂ ਵਿਚਕਾਰ ਸਮਾਨਤਾਵਾਂ ਸਹੀ ਨਹੀਂ ਹਨ। ਪਹਿਲੇ ਆਦਮੀ ਨੇ ਪਾਪ ਦੀ ਆਕਰਸ਼ਣ ਸ਼ਕਤੀ ਨੂੰ ਪ੍ਰਦਰਸ਼ਿਤ ਕੀਤਾ। ਆਦਮ ਦਾ ਵਿਦਰੋਹ ਇੱਕ ਮਨੁੱਖ ਦਾ ਉਸ ਤਰ੍ਹਾਂ ਵਿਹਾਰ ਕਰਨਾ ਸੀ ਜਿਵੇਂ ਮਨੁੱਖ ਕਰਦੇ ਹਨ। ਉਸ ਨੇ ਅਤੇ ਉਸ ਦੀ ਸੰਤਾਨ ਨੇ ਪਾਪ ਨੂੰ ਚੁਣਿਆ। ਪਾਪ ਦੇ ਰਾਹੀਂ, ਜਿਹੜਾ ਪਹਿਲਾਂ ਆਦਮ ਵਿੱਚ ਪਰਗਟ ਹੋਇਆ ਸੀ, **ਸੱਭੇ ਮਰਦੇ ਹਨ**। ਆਦਮ ਦੀ ਵਿਆਪਕਤਾ ਉਸ ਵਿੱਚ ਸੀ ਜੋ ਉਸ ਨੇ ਮਨੁੱਖਜਾਤੀ ਨੂੰ ਬਣਨ ਦੇ ਲਈ ਵਿਖਾਇਆ ਸੀ। ਪਹਿਲੇ ਮਾਂ-ਬਾਪ ਦੁਆਰਾ ਰੱਖੇ ਗਏ ਨਮੂਨੇ ਤੋਂ ਬਾਅਦ, ਮਨੁੱਖਜਾਤੀ ਨੇ ਆਪਣੇ ਆਪ ਨੂੰ ਪਰਮੇਸ਼ੁਰ ਨਾਲ ਵੈਰ ਕਰਕੇ ਸਾਬਤ ਕੀਤਾ।

ਯਿਸੂ ਮਸੀਹ ਨੇ, ਆਦਮ ਦੇ ਵਾਂਗ, ਮਨੁੱਖੀ ਪਰਿਵਾਰ ਬਾਰੇ ਇੱਕ ਵਿਸ਼ਵਵਿਆਪੀ ਸੱਚਾਈ ਨੂੰ ਪ੍ਰਦਰਸ਼ਿਤ ਕੀਤਾ: ਲੋਕ ਚੋਣ ਕਰ ਸਕਦੇ ਸਨ। ਬੁਰਾਈ ਦੇ ਵਾਂਗ ਭਲਿਆਈ ਦਾ ਵੀ ਆਪਣਾ ਹੀ ਆਕਰਸ਼ਣ ਹੈ। **ਮਸੀਹ ਵਿੱਚ ਸੱਭੇ ਜੁਆਏ ਜਾਣਗੇ**, ਉਸ ਵਿੱਚ ਉਹ ਸਭ ਜਿਹੜੇ ਮੌਤ ਤੋਂ ਮੁੜਦੇ ਹਨ ਉਸ ਵਿੱਚ ਛੁਟਕਾਰਾ ਅਤੇ ਮੇਲ ਮਿਲਾਪ ਪਾ ਸਕਦੇ ਹਨ। ਜੇਕਰ ਆਦਮ ਦੇ ਅਤੇ ਮਸੀਹ ਦੇ ਵਿਹਾਰ ਦੇ ਪਰਿਣਾਮ ਪੂਰੇ ਤੌਰ ਤੇ ਸਮਾਨਾਂਤਰ ਸਨ, ਵਿਸ਼ਵਵਿਆਪੀ ਮੌਤ ਜੋ ਆਦਮ ਦੇ ਨਾਲ ਸ਼ੁਰੂ ਹੋਈ ਸੀ ਉਸ ਤੋਂ ਬਾਅਦ ਮਸੀਹ ਵਿੱਚ ਵਿਸ਼ਵਵਿਆਪੀ ਮੁਕਤੀ ਹੋਵੇਗੀ। ਫਿਰ ਵੀ, ਪੌਲੁਸ ਜਾਣਦਾ ਸੀ ਕਿ ਕੁਝ ਲੋਕ ਮਸੀਹ ਨੂੰ ਕਬੂਲ ਨਹੀਂ ਕਰਨਗੇ। ਮਸੀਹਾ, ਮਸੀਹ ਨੇ ਇੱਕ ਵਿਸ਼ਵਵਿਆਪੀ ਪੇਸ਼ਕਸ਼ ਕੀਤੀ ਸੀ; ਉਸ ਨੇ ਇੱਕ ਵਿਸ਼ਵਵਿਆਪੀ ਚੋਣ ਪੇਸ਼ ਕੀਤੀ ਸੀ। ਯਹੂਦੀ ਲੋਕ ਅਤੇ ਗੈਰ ਕੌਮਾਂ ਦੇ ਲੋਕ ਦੋਵੇਂ ਮਸੀਹ ਵੱਲ ਮੁੜ ਸਕਦੇ ਹਨ, ਜੋ ਕਿਸੇ ਦਾ ਪੱਖਪਾਤ ਨਹੀਂ ਕਰਦਾ। ਉਨ੍ਹਾਂ ਦੇ ਲਈ ਜਿਹੜੇ ਉਸ ਨੂੰ ਚੁਣਦੇ ਹਨ, ਪ੍ਰਭੂ ਮਾਫ਼ੀ ਦਿੰਦਾ ਹੈ; ਉਹ ਸਭ ਜਿਹੜੇ ਉਸ ਵਿੱਚ ਹਨ "ਜੁਆਏ ਜਾਣਗੇ।" ਪੌਲੁਸ ਦਾ ਅਰਥ ਇਹ ਸੀ ਕਿ ਨਾ ਤਾਂ ਮਸੀਹ ਦੀ ਮੌਤ ਅਤੇ ਜੀ ਉੱਠਣ ਦਾ ਲਾਭ ਹਰ ਵਿਅਕਤੀ ਦੁਆਰਾ ਉਠਾਇਆ ਜਾਵੇਗਾ (ਰੋਮੀਆਂ 2:6-8) ਨਾ ਹੀ ਆਦਮ ਦਾ ਪਾਪ ਪੂਰੀ ਤਰ੍ਹਾਂ ਗਰਭਧਾਰਣ ਦੇ ਸਮੇਂ ਹਰ ਬੱਚੇ ਨੂੰ ਛੋਹੰਦਾ ਹੈ। ਉਹ ਇਹ ਕਹਿ ਰਿਹਾ ਸੀ ਕਿ ਆਦਮ ਨੇ ਪਾਪ ਅਤੇ ਮੌਤ ਦੇ ਰਾਹ ਤੇ ਇੱਕ ਦੌੜ ਸ਼ੁਰੂ ਕੀਤੀ ਹੈ। ਫਿਰ ਵੀ ਵਿਸ਼ਵਵਿਆਪੀ ਤਰੀਕੇ ਨਾਲ, ਮਸੀਹ ਨੇ ਮਨੁੱਖਜਾਤੀ ਦੇ ਸਾਹਮਣੇ ਇੱਕ ਮੰਗ ਅਤੇ ਇੱਕ ਚੋਣ ਰੱਖੀ ਹੈ ਜਿਸ ਦਾ ਨਤੀਜਾ ਛੁਟਕਾਰਾ ਅਤੇ ਜੀਵਨ ਹੋ ਸਕਦਾ ਹੈ। ਉਹ ਇੱਕ ਵਿਸ਼ਵਵਿਆਪੀ ਮੁਕਤੀਦਾਤਾ ਹੈ।

**ਆਇਤ 23.** ਪੌਲੁਸ ਨੇ ਯਿਸੂ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਵਿਸ਼ੇ ਨੂੰ ਇਹ ਕਹਿਣ ਦੁਆਰਾ ਜਾਰੀ ਰੱਖਿਆ ਕਿ ਸਭ ਤੋਂ ਪਹਿਲਾਂ ਯਿਸੂ ਨੂੰ ਜਿਵਾਲਿਆ ਗਿਆ ਸੀ। ਜਦੋਂ ਉਹ ਦੂਜੀ ਵਾਰ ਆਵੇਗਾ, ਉਹ ਸਭ ਜਿਹੜੇ ਮਸੀਹ ਵਿੱਚ ਹਨ ਉਸ ਦੀ ਕਿਆਮਤ ਵਿੱਚ ਸਾਂਝੀ

ਹੋਣਗੇ। ਰਸੂਲ ਨੇ ਜ਼ੋਰ ਦਿੱਤਾ ਕਿ ਹਰੇਕ ਦਾ ਜੀ ਉੱਠਣਾ **ਆਪੋ ਆਪਣੀ ਵਾਰੀ ਸਿਰ** ਹੋਵੇਗਾ। ਉਸ ਨੇ ਤਕਨੀਕੀ ਭਾਵ ਵਿੱਚ **ਆਉਣ** (παρουσία, *ਪਰਾਉਸੀਆ*, "ਪਰਗਟ ਹੋਣਾ") ਸ਼ਬਦ ਦੀ ਵਰਤੋਂ ਥੱਸਲੁਨੀਕੀਆਂ ਦੀ ਪੱਤ੍ਰੀ ਤੋਂ ਬਾਹਰ ਸਿਰਫ ਇੱਕੋ ਵਾਰ ਇੱਥੇ ਹੀ ਕੀਤੀ ਹੈ ਜਿਸ ਦਾ ਅਰਥ ਹੈ ਯੁੱਗ ਦੇ ਅੰਤ ਵਿੱਚ ਪ੍ਰਭੂ ਦਾ ਦੁਬਾਰਾ ਆਉਣਾ, (1 ਥੱਸਲੁਨੀਕੀਆਂ 2:19; 3:13; 4:15; 2 ਥੱਸਲੁਨੀਕੀਆਂ 2:1, 8)। ਕਈ ਵਾਰ ਪੌਲੁਸ ਨੇ ਉਸ ਦੇ ਆਪਣੇ ਅਤੇ ਆਪਣੇ ਸਹਿਕਰਮੀਆਂ ਦੇ ਆਉਣ ਦਾ ਹਵਾਲਾ ਦਿੱਤਾ ਸੀ। 1 ਕੁਰਿੰਥੀਆਂ ਵਿੱਚ ਚਾਰ ਵਾਰ ਹੋਰ, ਰਸੂਲ ਨੇ ਸਪੱਸ਼ਟ ਰੂਪ ਵਿੱਚ ਪ੍ਰਭੂ ਦੇ ਦੁਬਾਰਾ ਆਉਣ ਦਾ ਹਵਾਲਾ ਦਿੱਤਾ ਸੀ (1:7, 8; 4:5; 11:26; ਵੇਖੋ 16:22)। ਫਿਰ ਵੀ, ਮਸੀਹ ਦੇ ਦੁਬਾਰਾ ਆਉਣ ਨੂੰ ਕੁਰਿੰਥੀਆਂ ਦੀਆਂ ਪੱਤ੍ਰੀਆਂ ਵਿੱਚ ਜਾਂ ਪੌਲੁਸ ਦੀਆਂ ਲਿਖਤਾਂ ਵਿੱਚ ਜ਼ਿਆਦਾ ਰੌਚਕ ਨਹੀਂ ਸਮਝਿਆ ਜਾ ਸਕਦਾ। ਰਸੂਲ ਉਨ੍ਹਾਂ ਘਟਨਾਵਾਂ ਦਾ ਵਰਣਨ ਕਰਨ ਦੀ ਬਜਾਇ ਜੋ ਉਸ ਸਮੇਂ ਵਾਪਰਣਗੀਆਂ ਜਦੋਂ ਆਖ਼ਰੀ ਤੁਰ੍ਹੀ ਫੂਕੀ ਜਾਵੇਗੀ ਉਸ ਤਰੀਕੇ ਬਾਰੇ ਜ਼ਿਆਦਾ ਚਿੰਤਤ ਸੀ ਜਿਸ ਨਾਲ ਮਸੀਹੀ ਲੋਕ ਪਹਿਲੀ ਅਤੇ ਦੂਜੀ ਆਮਦ ਵਿਚਕਾਰ ਜੀਉਂਦੇ ਹਨ।

ਜਿਹੜੇ ਮਸੀਹ ਵਿੱਚ ਹਨ ਉਸ ਦੇ ਪਰਤਾਪ ਵਿੱਚ ਸਾਂਝੀ ਹੋਣਗੇ। ਪੌਲੁਸ ਦੁਆਰਾ ਇਨ੍ਹਾਂ ਤਿੰਨ ਵਿਸ਼ਿਆਂ – ਮੁਰਦਿਆਂ ਵਿੱਚੋਂ ਜੀ ਉੱਠਣਾ, ਮਸੀਹ ਦੀ ਦੂਜੀ ਆਮਦ ਅਤੇ ਆਖ਼ਰੀ ਨਿਆਂ – ਤੇ ਬਹਿਸ ਕਰਨ ਦੀ ਬਜਾਇ ਕਲਪਨਾ ਕੀਤੀ ਗਈ ਸੀ। ਪ੍ਰਭੂ ਦੇ ਦੁਬਾਰਾ ਆਉਣ ਤੋਂ ਪਹਿਲਾਂ, ਸਗੋਂ ਹੁਣ ਵੀ, ਮਸੀਹ ਜੀ ਉੱਠਣ ਦਾ **ਪਹਿਲਾ ਫਲ** ਹੈ। ਉਸ ਦੇ ਵਿੱਚ ਮੁਰਦਿਆਂ ਦਾ ਜੀ ਉੱਠਣਾ ਸ਼ੁਰੂ ਹੋ ਚੁੱਕਾ ਹੈ। ਵਰਤਮਾਨ ਯੁੱਗ ਦੇ ਖਤਮ ਤੋਂ ਪਹਿਲਾਂ ਹੀ, ਮਸੀਹੀ ਲੋਕਾਂ ਨੂੰ "ਆਤਮਾ ਦਾ ਪਹਿਲਾ ਫਲ ਮਿਲਿਆ ਹੋਇਆ ਹੈ ਅਤੇ ਉਹ ਹਾਹੁਕੇ ਭਰਦੇ ਪੁੱਤ੍ਰ ਹੋਣ ਦੀ ਉਡੀਕ ਵਿੱਚ ਬੈਠੇ ਹਨ" (ਰੋਮੀਆਂ 8:23)। ਹਾਲੇ ਵੀ, ਭਵਿੱਖ ਵਿੱਚ ਕੁਝ ਆਉਣ ਵਾਲਾ ਹੈ। ਯਿਸੂ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਹੈ, ਪਰ ਉਸ ਦੇ ਪਿੱਛੇ ਚੱਲਣ ਵਾਲੇ ਉਦੋਂ ਤੱਕ ਜੀ ਉੱਠਣ ਨੂੰ ਨਹੀਂ ਜਾਣਨਗੇ ਜਦੋਂ ਤੱਕ ਪ੍ਰਭੂ ਦੁਬਾਰਾ ਨਹੀਂ ਆਉਂਦਾ।

ਫਿਲਹਾਲ ਉਨ੍ਹਾਂ ਦੇ ਲਈ ਜਿਹੜੇ ਮਸੀਹ ਨੂੰ ਨਹੀਂ ਜਾਣਦੇ ਹਨ ਪੌਲੁਸ ਦੇ ਲਈ ਜੀ ਉੱਠਣ ਬਾਰੇ ਕੁਝ ਵੀ ਕਹਿਣਾ ਉਸ ਦੇ ਉਦੇਸ਼ਾਂ ਤੋਂ ਬਾਹਰ ਸੀ; ਰਸੂਲ ਨੇ ਇਸ ਅਧਿਆਇ ਵਿੱਚ ਵਿਸ਼ਵਵਿਆਪੀ ਜੀ ਉੱਠਣ ਦਾ ਜ਼ਿਕਰ ਨਹੀਂ ਸੀ ਕੀਤਾ। ਹੋਰਨਾਂ ਥਾਵਾਂ ਤੇ, ਉਸ ਨੇ ਇਹ ਜ਼ਿਕਰ ਕੀਤਾ ਸੀ। 1 ਥੱਸਲੁਨੀਕੀਆਂ 4:15-18 ਵਿੱਚ ਵੀ, ਪੌਲੁਸ ਨੇ ਕਿਹਾ ਸੀ ਕਿ ਜਿਹੜੇ ਜੀਉਂਦੇ ਹਨ ਅਤੇ ਪ੍ਰਭੂ ਦੇ ਆਉਣ ਤੀਕ ਬਚੇ ਰਹਿੰਦੇ ਹਨ ਪ੍ਰਭੂ ਦੇ ਮਿਲਣ ਨੂੰ ਬੱਦਲਾਂ ਵਿੱਚ ਉਠਾ ਲਏ ਜਾਣਗੇ। 2 ਥੱਸਲੁਨੀਕੀਆਂ 1:6-10 ਵਿੱਚ, ਰਸੂਲ ਨੇ ਇਹ ਸਪੱਸ਼ਟ ਕੀਤਾ ਸੀ ਕਿ ਪਰਮੇਸ਼ੁਰ ਉਨ੍ਹਾਂ ਨੂੰ ਸਜ਼ਾ ਦੇਵੇਗਾ ਜਿਹੜੇ ਉਸ ਦੇ ਲੋਕਾਂ ਨੂੰ ਦੁਖ ਦਿੰਦੇ ਹਨ (ਵੇਖੋ 2 ਕੁਰਿੰਥੀਆਂ 5:10)। ਸਗੋਂ ਉਦੋਂ ਵੀ, ਉਸ ਨੇ ਉਨ੍ਹਾਂ ਦੇ ਲਈ ਜਿਹੜੇ ਪਰਮੇਸ਼ੁਰ ਨੂੰ ਠੁਕਰਾਉਂਦੇ ਹਨ ਜੀ ਉੱਠੀਆਂ ਦੇਹੀਆਂ ਦੇ ਬਾਰੇ ਕੁਝ ਨਹੀਂ ਸੀ ਆਖਿਆ। ਨਵੇਂ ਨੇਮ ਵਿੱਚ ਸਰੀਰਕ ਰੂਪ ਵਿੱਚ ਜੀ ਉੱਠਣ ਤੇ ਛੁਡਾਏ ਗਏ ਲੋਕਾਂ ਦੇ ਲਈ ਇੱਕ ਵਾਅਦੇ ਦੇ ਰੂਪ ਵਿੱਚ ਤਰਕ ਕੀਤਾ ਜਾਂਦਾ ਹੈ। "ਸਦਾ ਦਾ ਵਿਨਾਸ" (2 ਥੱਸਲੁਨੀਕੀਆਂ 1:9) ਹੋਣ ਤੋਂ ਇਲਾਵਾ ਉਨ੍ਹਾਂ ਦੇ ਲਈ ਸਦੀਪਕ ਕਾਲ ਵਿੱਚ ਕਿਸ ਤਰ੍ਹਾਂ ਦਾ ਜੀਵਨ ਹੋਵੇਗਾ ਜਿਹੜੇ ਮਸੀਹ ਵੱਲ ਆਪਣੀ ਪਿੱਠ ਮੋੜ ਲੈਂਦੇ ਹਨ ਸੱਚਮੁੱਚ ਨਵੇਂ ਨੇਮ ਵਿੱਚ ਇਸ ਬਾਰੇ ਕੋਈ ਚਰਚਾ ਨਹੀਂ ਕੀਤੀ ਗਈ।

**ਆਇਤ 24.** ਪ੍ਰਭੂ ਦਾ ਆਉਣਾ, ਉਸ ਦਾ *ਪਰਾਊਸੀਆ* ਅਤੇ ਵਰਤਮਾਨ **ਯੁੱਗ ਦਾ ਅੰਤ** ਇੱਕੋ ਸਮੇਂ ਹੋਵੇਗਾ। ਵਰਤਮਾਨ ਯੁੱਗ ਅਤੇ ਆਉਣ ਵਾਲੇ ਯੁੱਗ ਵਿੱਚ ਮਸੀਹ ਦੇ ਰਾਜ ਅਤੇ ਪਰਮੇਸ਼ੁਰ ਦੇ ਰਾਜ ਵਿਚਕਾਰ ਸੰਬੰਧ ਬਾਰੇ ਅਨੁਮਾਨ ਲਗਾਉਣਾ ਨਿਰਾਸ਼ਾਜਨਕ ਹੈ। ਕਿਸੇ ਨਾ ਕਿਸੇ ਭਾਵ ਵਿੱਚ, ਯਿਸੂ ਦਾ ਰਾਜ ਉਸ ਸਮੇਂ ਸ਼ੁਰੂ ਹੋ ਗਿਆ ਸੀ ਜਦੋਂ ਉਹ ਸੁਰਗ ਨੂੰ ਉਠਾ ਲਿਆ ਗਿਆ ਅਤੇ ਇਹ ਰਾਜ ਤਦ ਤਕ ਚੱਲਦਾ ਰਹੇਗਾ ਜਦੋਂ ਤੱਕ ਉਹ ਨਿਆਈ ਅਤੇ ਪ੍ਰਭੂ ਦੇ ਤੌਰ ਤੇ ਦੁਬਾਰਾ ਵਾਪਸ ਨਹੀਂ ਆਉਂਦਾ (ਰਸੂਲਾਂ ਦੇ ਕਰਤੱਬ 1:9-11)। ਯਿਸੂ ਦਾ ਪਹਿਲੀ ਵਾਰ ਆਉਣਾ ਅਤੇ ਉਸ ਦਾ ਦੂਜੀ ਵਾਰ ਆਉਣਾ ਇੱਕ ਦੂਜੇ ਨਾਲ ਇੰਨਾ ਜ਼ਿਆਦਾ ਨੇੜਿਓਂ ਸੰਬੰਧਤ ਹੈ ਕਿ ਦੂਜੇ ਤੇ ਵਿਚਾਰ ਕੀਤੇ ਬਿਨਾਂ ਇੱਕ ਦੇ ਬਾਰੇ ਗੱਲ ਕਰਨਾ ਅਸੰਭਵ ਹੈ। ਪਹਿਲੀ ਵਾਰ ਆਉਣ ਨੇ ਦੂਜੀ ਵਾਰ ਆਉਣ ਦੀ ਗਰੰਟੀ ਦਿੱਤੀ ਸੀ। ਪੌਲੁਸ ਨੇ ਨਿਰੰਤਰਤਾ ਯਿਸੂ ਨੂੰ ਪਰਮੇਸ਼ੁਰ ਦੇ ਸੱਜੇ ਹੱਥ ਬੈਠ ਕੇ ਕਲੀਸੀਆ ਤੇ ਰਾਜ ਕਰਨ ਦੇ ਰੂਪ ਵਿੱਚ ਪੇਸ਼ ਕੀਤਾ ਸੀ (ਰੋਮੀਆਂ 8:34; ਅਫ਼ਸੀਆਂ 1:20; ਕੁਲੁੱਸੀਆਂ 3:1)। ਜਦੋਂ ਅੰਤ ਆਵੇਗਾ, **ਉਹ ਰਾਜ ਨੂੰ ਪਰਮੇਸ਼ੁਰ ਅਤੇ ਪਿਤਾ ਦੇ ਹੱਥ ਸੌਂਪ ਦੇਵੇਗਾ।**

ਜਦੋਂ ਪ੍ਰਭੂ ਦੁਬਾਰਾ ਵਾਪਸ ਆਵੇਗਾ ਅਤੇ ਫਿਰ ਜਦੋਂ ਕਲੀਸੀਆ ਦੁਨਿਆਵੀ ਖੇਤਰਾਂ ਤੱਕ ਸੀਮਤ ਨਹੀਂ ਰਹੇਗੀ, ਤਾਂ ਮਸੀਹ ਦਾ ਛੁਟਕਾਰੇ ਦਾ ਕੰਮ ਪੂਰਾ ਹੋ ਚੁੱਕਾ ਹੋਵੇਗਾ। ਇਹ ਗੱਲ ਸੱਚ ਹੋਣ ਤੇ, ਫਿਰ ਪਰਮੇਸ਼ੁਰ "ਸੱਭੋ" ਕੁਝ ਹੋਵੇਗਾ (15:28)। ਉਹ (ਮਸੀਹ) **ਹਰੇਕ ਹਕੂਮਤ ਅਤੇ ਹਰੇਕ ਇਖ਼ਤਿਆਰ** ਨੂੰ ਨਾਸ ਕਰ ਦੇਵੇਗਾ ਜਦੋਂ ਉਹ ਆਪਣਾ ਰਾਜ ਪਿਤਾ ਨੂੰ ਵਾਸਪ ਸੌਂਪ ਦੇਵੇਗਾ। ਸੁਰਗੀ ਖੇਤਰਾਂ ਵਿੱਚ ਜੋ ਕੋਈ ਵੀ ਵਿਰੋਧ ਕਰਨ ਵਾਲੀਆਂ ਸ਼ਕਤੀਆਂ (ਕੁਲੁੱਸੀਆਂ 1:16), ਜਾਂ ਵਰਤਮਾਨ ਯੁੱਗ ਵਿੱਚ ਮਸੀਹ ਦੇ ਰਾਜ ਦੇ ਲਈ ਜੋ ਕੋਈ ਵੀ ਚੁਣੌਤੀ ਹੋਵੇਗੀ, ਪ੍ਰਭੂ ਯਿਸੂ ਦੇ ਰਾਜ ਹੇਠ ਆ ਜਾਵੇਗੀ। ਪੌਲੁਸ ਇਹ ਇਸ਼ਾਰਾ ਨਹੀਂ ਸੀ ਕਰ ਰਿਹਾ ਕਿ ਅਗਾਂਹ ਤੋਂ ਮਸੀਹ "ਹਰੇਕ ਹਕੂਮਤ ਅਤੇ ਹਰੇਕ ਇਖ਼ਤਿਆਰ ਅਤੇ ਸ਼ਕਤੀ" ਦੇ ਯੋਗ ਨਹੀਂ ਹੋਵੇਗਾ। ਬਲਕਿ, ਉਹ ਇਹ ਜ਼ੋਰ ਦੇ ਰਿਹਾ ਸੀ ਕਿ ਮਨੁੱਖਜਾਤੀ ਦੇ ਛੁਟਕਾਰੇ ਦੀ ਵਿਆਪਕ ਯੋਜਨਾ ਪੂਰੀ ਹੋ ਜਾਵੇਗੀ। ਗਿਆਨ ਇਸ ਗੱਲ ਦੀ ਮੰਗ ਕਰਦਾ ਹੈ ਕਿ ਅਸੀਂ ਪਰਮੇਸ਼ੁਰ ਦੇ ਰਾਜ ਵਿੱਚ ਭਰੋਸਾ ਰੱਖੀਏ ਅਤੇ ਹੁਣ ਤੋਂ ਮਸੀਹ ਤੋਂ ਪਰਮੇਸ਼ੁਰ ਦੀ ਸ਼ਕਤੀ ਦੇ ਪਰਿਵਰਤਨ ਬਾਰੇ ਕਿਆਸ ਨਾ ਲਗਾਈਏ। ਪੌਲੁਸ ਨੇ ਮਸੀਹ ਦੇ ਪਰਤਾਪ ਵਿੱਚ ਆਉਣ ਅਤੇ ਸਾਰੀਆਂ ਚੀਜ਼ਾਂ ਦੇ ਖਤਮ ਹੋ ਜਾਣ ਵਿਚਕਾਰ ਧਰਤੀ ਤੇ ਮਸੀਹ ਦੇ ਇੱਕ ਹਜ਼ਾਰ ਸਾਲ ਦੇ ਵਿਚਕਾਰਲੇ ਰਾਜ ਦੇ ਬਾਰੇ ਕੁਝ ਨਹੀਂ ਸੀ ਕਿਹਾ। ਅਜਿਹੀ ਕੋਈ ਵੀ ਡਾਕਟ੍ਰਿਨ ਮਨੁੱਖ ਦੀ ਬਣਾਈ ਹੋਈ ਹੈ।

**ਆਇਤ 25.** ਯਿਸੂ ਨੂੰ ਆਪਣੀ ਕਲੀਸੀਆ ਤੇ **ਰਾਜ ਕਰਨਾ ਚਾਹੀਦਾ ਹੈ**। ਉਹ ਲੋਕਾਂ ਦਾ ਪਾਤਸ਼ਾਹ (ਮੱਤੀ 2:2; 27:11; ਲੂਕਾ 19:38; ਕੁਲੁੱਸੀਆਂ 1:13) ਅਤੇ ਪਲੋਠਿਆਂ ਦੀ ਕਲੀਸਿਯਾ ਦਾ ਸਿਰ ਹੈ (ਇਬਰਾਨੀਆਂ 12:23)। ਕਲੀਸੀਆ ਅਤੇ ਪਰਮੇਸ਼ੁਰ ਦੇ ਰਾਜ ਵਿਚਕਾਰ ਸੂਖਮ ਅੰਤਰ ਬਾਅਦ ਵਿੱਚ ਆਉਣ ਵਾਲੇ ਯੁੱਗ ਦੇ ਲਈ ਹਨ; ਨਵੇਂ ਨੇਮ ਵਿੱਚ, ਅਜਿਹੇ ਅੰਤਰ ਜ਼ਬਦਸਤੀ ਲਾਗੂ ਕੀਤੇ ਗਏ ਹਨ। ਪਿਛਲੀ ਆਇਤ ਵਿੱਚ, ਪੌਲੁਸ ਨੇ ਜ਼ੋਰ ਦਿੱਤਾ ਸੀ ਕਿ ਮਸੀਹ ਹਰੇਕ ਹਕੂਮਤ ਅਤੇ ਇਖ਼ਤਿਆਰ ਨੂੰ ਨਾਸ ਕਰ ਦੇਵੇਗਾ ਜਿਹੜਾ ਉਸ ਦੀ ਪਾਤਸ਼ਾਹੀ ਦੀ ਬਰਾਬਰੀ ਕਰਨ ਦੀ ਕੋਸ਼ਿਸ਼ ਕਰੇਗਾ (1 ਕੁਰਿੰਥੀਆਂ 15:24)। ਫਿਰ ਵੀ, **ਜਿੰਨਾ ਚਿਰ ਉਹ ਸਾਰੇ ਵੈਰੀਆਂ ਨੂੰ ਆਪਣੇ ਪੈਰਾਂ ਹੇਠ ਨਾ ਕਰ ਲਵੇ** ਵਾਕ ਵਿੱਚ, ਪਹਿਲੇ ਪੜਨਾਂਵ ਦਾ ਪਿਛੋਕੜ ਅਨਿਸ਼ਚਤ ਹੈ। ਕੀ ਇਹ ਪਰਮੇਸ਼ੁਰ ਹੈ ਜਿਸ ਨੇ

ਸਾਰੀਆਂ ਚੀਜ਼ਾਂ ਨੂੰ ਮਸੀਹ ਦੇ ਪੈਰਾਂ ਹੇਠ ਕੀਤਾ ਸੀ, ਜਾਂ ਇਹ ਮਸੀਹ ਖੁਦ ਹੈ ਜਿਹੜਾ ਹਰੇਕ ਹਕੂਮਤ ਨੂੰ ਪੈਰਾਂ ਹੇਠ ਕਰਦਾ ਹੈ? **ਕਿਉਂਕਿ** ਸੰਯੋਜਕ 15:25 ਨੂੰ ਪਿਛਲੀ ਆਇਤ ਤੇ ਵਿਚਾਰ ਨਾਲ ਜੋੜਦਾ ਹੈ, ਜੋ ਮਸੀਹ ਬਾਰੇ ਗੱਲ ਕਰ ਰਿਹਾ ਹੈ; ਪਰ ਸਪੱਸ਼ਟ ਤੌਰ ਤੇ ਜ਼ਬੂਰ 8:6 ਵਿੱਚ ਵਿਸ਼ਾ ਪਰਮੇਸ਼ੁਰ ਹੈ, ਜਿਸ ਦਾ 15:27 ਵਿੱਚ ਹਵਾਲਾ ਦਿੱਤਾ ਗਿਆ ਹੈ। ਪਰਤੱਖ ਰੂਪ ਵਿੱਚ, 15:25 ਵਿੱਚ ਵੀ ਵਿਸ਼ਾ ਪਰਮੇਸ਼ੁਰ ਹੀ ਹੈ। ਪਰਮੇਸ਼ੁਰ "ਉਹ [ਮਸੀਹ] ਦੇ ਸਾਰੇ ਵੈਰੀਆਂ ਨੂੰ ਉਹ ਦੇ ਪੈਰਾਂ ਹੇਠ ਕਰ ਦੇਵੇਗਾ।" "ਉਹ ਦੇ ਪੈਰਾਂ ਹੇਠ" ਸ਼ਬਦ ਜ਼ਬੂਰ 8:6 ਅਤੇ 110:1 ਵਿੱਚ ਪਾਏ ਜਾਣ ਵਾਲੇ ਵਿਚਾਰ ਨੂੰ ਹੀ ਦੁਹਰਾਉਂਦੇ ਹਨ। "ਪਰਮੇਸ਼ੁਰ ਸ਼ਕਤੀ ਦਾ ਪ੍ਰਤੀਨਿਧੀ ਅਤੇ ਸ੍ਰੋਤ ਹੈ ਅਤੇ ਮਸੀਹ ਉਹ ਹੈ ਜਿਸ ਦੇ ਅਧੀਨ ਸੱਭੋ ਕੁਝ ਕੀਤਾ ਗਿਆ ਹੈ।"[22]

ਦੇਹਧਾਰੀ ਮਸੀਹ, ਜਿਸ ਨੇ ਪਾਪ ਤੋਂ ਮਰਦਾਂ ਅਤੇ ਔਰਤਾਂ ਨੂੰ ਖਰੀਦਿਆ ਹੈ, ਉਸ ਦੇ ਸੁਰਗ ਨੂੰ ਉਠਾਏ ਜਾਣ ਅਤੇ ਯੁੱਗ ਦੇ ਅੰਤ ਵਿੱਚ ਆਪਣੇ *ਪਰਾਊਸੀਆ* ਦੇ ਵਿਚਕਾਰ ਦਾ ਜੋ ਸਮਾਂ ਹੈ ਉਸ ਦੇ ਵਿੱਚ ਰਾਜ ਕਰਦਾ ਹੈ। ਪਿਤਾ ਦੇ ਰਾਜ ਅਤੇ ਪੁੱਤਰ ਦੇ ਰਾਜ ਵਿਚਕਾਰ ਜੋ ਵੀ ਫ਼ਰਕ ਦਰਸਾਇਆ ਜਾਂਦਾ ਹੈ ਉਹ ਪਰਮੇਸ਼ੁਰ ਵਿੱਚ ਛੁਪਿਆ ਹੋਇਆ ਹੈ। ਸ਼ਾਇਦ ਹੀ ਪੌਲੁਸ ਨੇ ਕੋਈ ਅੰਤਰ ਦਾ ਸੰਕੇਤ ਦਿੱਤਾ ਸੀ। ਜਿਹੜੇ ਪਿਤਾ ਨੂੰ ਸਵੀਕਾਰ ਕਰਦੇ ਹਨ ਪੁੱਤਰ ਨੂੰ ਕਬੂਲ ਕਰਨ ਦੁਆਰਾ ਇਸ ਤਰ੍ਹਾਂ ਕਰਦੇ ਹਨ। ਜਿਹੜੇ ਮਸੀਹ ਦੇ ਰਾਹੀਂ ਪਰਮੇਸ਼ੁਰ ਦੇ ਕੋਲ ਆਉਂਦੇ ਹਨ ਉਸ ਦੀ ਜਿੱਤ ਵਿੱਚ ਸਾਂਝੀ ਹੋਣਗੇ ਜਦੋਂ ਉਹ ਦੁਬਾਰਾ ਵਾਪਸ ਆਵੇਗਾ (ਵੇਖੋ ਰੋਮੀਆਂ 14:9)। ਵਰਤਮਾਨ ਯੁੱਗ ਵਿੱਚ ਬੁਰਾਈ ਜੋ ਕੋਈ ਵੀ ਅਸਥਾਈ ਜਿੱਤ ਹਾਸਲ ਕਰਦੀ ਹੈ ਵਿਅਰਥ ਹੋ ਜਾਵੇਗੀ। ਮਸੀਹ ਦਾ ਜੀ ਉੱਠਣਾ ਆਖ਼ਰੀ ਜਿੱਤ ਦਾ ਭਰੋਸਾ ਹੈ।

**ਆਇਤ 26.** ਦੁਨਿਆਵੀ ਸ਼ਬਦਾਂ ਵਿੱਚ ਸ਼ੁਰੂ ਤੋਂ ਹੀ, ਮੌਤ ਦਾ ਅਰਥ ਸੀ ਸਾਹ ਦਾ ਬੰਦ ਹੋਣਾ, ਚੇਤਨਾ ਅਤੇ ਹਿੱਲ ਜੁੱਲ ਦਾ ਅੰਤ; ਪਰ ਮੌਤ ਅਤੇ ਮਰਨ ਦੇ ਪਹਿਲੇ ਹਵਾਲੇ ਵਿੱਚ ਵੀ (ਉਤਪਤ 2:17), ਪਰਮੇਸ਼ੁਰ ਨੇ ਸੰਕੇਤ ਦਿੱਤਾ ਸੀ ਕਿ ਇਸ ਦਾ ਸਰੀਰਕ ਤੋਂ ਇਲਾਵਾ ਵੀ ਇੱਕ ਪਰਿਮਾਪ ਹੈ। ਭਾਵੇਂ ਇਸ ਨੂੰ ਮੌਤ ਜਾਂ **ਛੇਕੜਲਾ ਵੈਰੀ** ਵਜੋਂ ਪਰਗਟ ਕੀਤਾ ਗਿਆ ਹੈ, ਮੌਤ ਜੀਵਨ ਦੀ ਵਿਰੋਧੀ ਹੈ। ਜੀਵਨ ਅਨੰਦ ਦਾ ਇੱਕ ਪ੍ਰਤੀਕ ਹੈ, ਇਹ ਆਪਣੀ ਥਾਂ, ਪ੍ਰੇਮ, ਪਰਿਵਾਰ, ਸੰਤੋਖ ਅਤੇ ਸੰਤੁਸ਼ਟੀ ਭਾਲਦਾ ਹੈ; ਮੌਤ ਜੀਵਨ ਦੀ ਵਿਰੋਧੀ ਹੈ। ਯਿਸੂ ਨੇ ਮੌਤ ਦੇ ਡੰਗ ਨੂੰ ਖੋਹ ਲਿਆ (15:55, 56)। ਉਹ ਇਸ ਲਈ ਆਇਆ ਤਾਂ ਕਿ ਲੋਕਾਂ ਨੂੰ ਉੱਤਮ ਜੀਵਨ ਮਿਲ ਸਕੇ (ਯੂਹੰਨਾ 5:24; 10:10)।

ਯਿਸੂ ਦੇ ਜੀ ਉੱਠਣ ਰਾਹੀਂ ਵਿਸ਼ਵਾਸੀਆਂ ਨੂੰ ਨਾ ਸਿਰਫ ਸਰੀਰਕ ਰੂਪ ਵਿੱਚ ਜੀ ਉੱਠਣ ਦਾ ਭਰੋਸਾ ਦਿੱਤਾ ਗਿਆ ਹੈ, ਪਰ ਯਿਸੂ ਦਾ ਜੀ ਉੱਠਣਾ ਸਾਰੇ ਵੈਰੀਆਂ ਤੇ, ਸਗੋਂ ਖੁਦ "ਮੌਤ" ਉੱਤੇ ਵੀ ਉਸ ਦੀ ਆਖ਼ਰੀ ਜਿੱਤ ਨੂੰ ਯਕੀਨੀ ਬਣਾਉਣਾ ਹੈ। ਜਦੋਂ ਤੱਕ ਮਸੀਹ ਫੇਰ ਦੁਬਾਰਾ ਵਾਪਸ ਨਹੀਂ ਆਉਂਦਾ, ਪਾਪ ਅਤੇ "ਮੌਤ" ਦਾ ਮਨੁੱਖਾਂ ਦੀ ਦੁਨੀਆ ਵਿੱਚ ਇਖ਼ਤਿਆਰ ਹੈ; ਪਰ ਅੰਤ ਵਿੱਚ, ਉਹ ਵੀ ਖਤਮ ਹੋ ਜਾਵੇਗਾ। ਮੌਤ ਪਾਪ ਦੇ ਰਾਹੀਂ ਆਈ ਸੀ; ਜੀਵਨ ਉਸ ਦੇ ਰਾਹੀਂ ਹੈ ਜਿਸ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਸੀ। ਉਸ ਦੀ ਜਿੱਤ ਪੂਰੀ ਹੋ ਜਾਣ ਤੋਂ ਬਾਅਦ ਮੌਤ ਨਹੀਂ ਰਹੇਗੀ।

ਉਹ ਸ਼ਬਦ ਜਿਨ੍ਹਾਂ ਦਾ ਪੌਲੁਸ ਨੇ ਜ਼ਬੂਰ 8:6 ਦੇ ਸੰਦਰਭ ਵਿੱਚ ਹਵਾਲਾ ਦਿੱਤਾ ਸੀ ਉਨ੍ਹਾਂ ਦੀ ਇੱਕ ਸਧਾਰਣ ਪ੍ਰਾਸੰਗਿਕਤਾ ਹੈ। ਜ਼ਬੂਰ ਲਿਖਣ ਵਾਲੇ ਨੇ ਪੁੱਛਿਆ, "ਇਨਸਾਨ ਕੀ

ਹੈ, ਜੋ ਤੂੰ ਉਸ ਨੂੰ ਚੇਤੇ ਵਿੱਚ ਲਿਆਵੇਂ . . .?" (ਜ਼ਬੂਰ 8:4)। ਪੌਲੁਸ ਨੇ ਇਨ੍ਹਾਂ ਸ਼ਬਦਾਂ ਨੂੰ ਵਿਸ਼ੇਸ਼ ਰੂਪ ਵਿੱਚ ਯਿਸੂ ਨਾਸਰੀ ਤੇ ਲਾਗੂ ਕੀਤਾ ਸੀ (ਵੇਖੋ ਇਬਰਾਨੀਆਂ 2:5-8)। ਜ਼ਬੂਰ ਲਿਖਣ ਵਾਲੇ ਨੇ ਜ਼ੋਰ ਦਿੱਤਾ ਸੀ ਕਿ ਪਰਮੇਸ਼ੁਰ ਨੇ ਆਦਮੀ ਨੂੰ ਇਸ ਲਈ ਬਣਾਇਆ ਕਿ ਉਹ "ਤੇਰੇ ਹੱਥਾਂ ਦੀ ਰਚਨਾ ਤੇ ਰਾਜ ਕਰੇ; ਤੂੰ ਸੱਭੋ ਕੁਝ ਉਹ ਦੇ ਪੈਰਾਂ ਹੇਠ ਕਰ ਦਿੱਤਾ।" ਪੌਲੁਸ ਨੂੰ ਆਖ਼ਰੀ ਮਨੁੱਖ ਅਰਥਾਤ ਦੇਹਧਾਰੀ ਮਸੀਹ ਵਿੱਚ ਸ਼ਬਦਾਂ ਦੀ ਇੱਕ ਅਨੋਖੀ ਪ੍ਰਾਸੰਗਿਕਤਾ ਮਿਲੀ। ਦੇਹ ਧਾਰਣ ਅਤੇ ਪਰਿਣਾਮੀ ਮੌਤ ਅਤੇ ਪੁੱਤਰ ਦੇ ਜੀ ਉੱਠਣ ਦੇ ਕਾਰਣ, ਪਰਮੇਸ਼ੁਰ ਨੇ ਹੁਣ "ਸੱਭੋ ਕੁਝ ਉਹ ਦੇ ਪੈਰਾਂ ਹੇਠ ਕਰ ਦਿੱਤਾ" (1 ਕੁਰਿੰਥੀਆਂ 15:27)। ਯਿਸੂ ਦਾ ਰਾਜ ਆਪਣੇ ਆਪ ਵਿੱਚ ਵਿਸ਼ੇਸ਼ ਤੌਰ ਤੇ ਇੱਕ ਪਵਿੱਤਰ ਪਰਜਾ ਦੇ ਲਈ ਖੁਦ ਨੂੰ ਸ਼ੁੱਧ ਕਰਨ ਵਿੱਚ ਪਰਗਟ ਹੁੰਦਾ ਹੈ (ਵੇਖੋ 1 ਪਤਰਸ 1:14-19)। ਉਹ ਆਪਣੀ ਕਲੀਸੀਆ ਤੇ ਰਾਜ ਕਰਦਾ ਹੈ।

**ਆਇਤ 27.** ਰਸੂਲ ਨੇ ਇਸ ਸੱਚਾਈ ਨੂੰ ਸਪੱਸ਼ਟ ਕੀਤਾ। NASB ਬਾਈਬਲ ਦਾ ਅਨੁਵਾਦ **ਪਰ ਜਾਂ ਉਹ ਕਹਿੰਦਾ ਹੈ** ਅੱਨ ਪੁਰਖ ਇਕਵਚਨ ਕਿਰਿਆ (εἴπῃ, *ਈਪੇ*) ਦੇ ਲਈ ਵਿਸ਼ਾ ਦਿੰਦਾ ਹੈ; ਸੰਦਰਭ ਨੂੰ ਇਹ ਨਿਰਧਾਰਤ ਕਰਨਾ ਚਾਹੀਦਾ ਹੈ ਕਿ "ਉਹ (ਪੁਰਖ)," "ਉਹ (ਇਸਤਰੀ)," ਜਾਂ "ਇਹ" ਕੀ ਕਹਿੰਦਾ ਹੈ। ਕਿਉਂਕਿ ਪੌਲੁਸ ਜ਼ਬੂਰ ਦਾ ਹਵਾਲਾ ਦੇ ਰਿਹਾ ਸੀ, ਬਿਹਤਰ ਅਨੁਵਾਦ "ਪਰ ਜਾਂ ਇਹ ਕਹਿੰਦਾ ਹੈ।" ਅਨੁਵਾਦ ਵਿੱਚ ਫ਼ਰਕ ਬਿਲਕੁਲ ਛੋਟਾ ਜਿਹਾ ਹੈ। ਵਚਨ ਜੋ ਕਹਿੰਦਾ ਹੈ, ਪਰਮੇਸ਼ੁਰ ਨੇ ਕਿਹਾ ਹੈ ਅਤੇ ਜੋ ਪਰਮੇਸ਼ੁਰ ਨੇ ਵਚਨ ਵਿੱਚ ਕਿਹਾ ਹੈ ਉਹ ਪੌਲੁਸ ਦੀ ਗੱਲ ਸੀ। ਰਸੂਲ ਨੇ ਟਿੱਪਣੀ ਕੀਤੀ ਕਿ **ਪਰਗਟ ਹੈ ਕਿ ਜਿਹ ਨੇ ਸੱਭੋ ਕੁਝ ਉਹ ਦੇ ਹੇਠ ਕਰ ਦਿੱਤਾ ਉਹ ਆਪ ਹੇਠ ਹੋਣ ਤੋਂ ਰਹਿਤ ਹੈ**। ਪਿਤਾ ਪਰਮੇਸ਼ੁਰ ਨੂੰ ਪੁੱਤਰ ਦੇ ਅਧੀਨ ਨਹੀਂ ਸੀ ਕੀਤਾ ਗਿਆ। ਜਦ ਕਿ ਪਿਤਾ ਅਤੇ ਪੁੱਤਰ ਰਾਜ ਅਤੇ ਪਰਤਾਪ ਵਿੱਚ ਅਨਿੱਖੜਵੇਂ ਹਨ, ਪੌਲੁਸ ਪਿਤਾ ਦੀ ਪ੍ਰਾਥਮਿਕਤਾ ਤੇ ਜ਼ੋਰ ਦੇਣ ਤੋਂ ਨਹੀਂ ਝਿੱਜਕਿਆ। ਵਚਨ ਕਦੇ ਵੀ ਇਹ ਨਹੀਂ ਕਹਿੰਦਾ ਕਿ ਪਿਤਾ ਪੁੱਤਰ ਦੇ ਅਧੀਨ ਸੀ। ਪਿਤਾ ਨੇ ਪੁੱਤਰ ਨੂੰ ਇੱਕ ਮਿਸ਼ਨ ਸੌਂਪਿਆ ਸੀ (ਯੂਹੰਨਾ 5:36); ਪੁੱਤਰ ਨੇ ਪਿਤਾ ਦੀ ਮਰਜ਼ੀ ਨੂੰ ਪੂਰਾ ਕੀਤਾ (ਯੂਹੰਨਾ 4:34)। ਪੌਲੁਸ ਨੇ ਜ਼ੋਰ ਦਿੱਤਾ ਕਿ ਦੇਹ ਧਾਰਣ ਵਿੱਚ ਯਿਸੂ ਦੇ ਅਨੋਖੇ ਕੰਮ ਨੇ ਉਹ ਨੂੰ ਉਸ ਦੇ ਰਾਜ ਤੇ ਰਾਜ ਕਰਨ ਦੇ ਲਈ ਤਿਆਰ ਕੀਤਾ ਸੀ (ਅਫ਼ਸੀਆਂ 1:22, 23), ਪਰ ਉਸ ਦਾ ਰਾਜ ਪਰਮੇਸ਼ੁਰ ਦੀ ਪ੍ਰਭੂਤਾ ਦੇ ਅਨੁਕੂਲ ਸੀ।

**ਆਇਤ 28.** 1 ਕੁਰਿੰਥੀਆਂ ਵਿੱਚ ਸਿਰਫ ਇਸ ਆਇਤ ਵਿੱਚ ਅਤੇ 1:9 ਵਿੱਚ ਪੌਲੁਸ ਨੇ ਯਿਸੂ ਦਾ ਪਰਮੇਸ਼ੁਰ ਦੇ **ਪੁੱਤ੍ਰ** ਦੇ ਰੂਪ ਵਿੱਚ ਹਵਾਲਾ ਦਿੱਤਾ ਸੀ। ਰਸੂਲ ਨੇ ਪਿਤਾ ਅਤੇ ਪੁੱਤਰ ਦਾ ਇਸ ਤਰ੍ਹਾਂ ਹਵਾਲਾ ਨਹੀਂ ਦਿੱਤਾ ਜਿਵੇਂ ਕਿ ਉਹ ਪ੍ਰਭੂਤਾ ਦੇ ਲਈ ਇੱਕ ਦੂਜੇ ਨਾਲ ਮੁਕਾਬਲਾ ਕਰ ਰਹੇ ਸਨ। ਇਹ ਕਲਪਨਾ ਕਰਨਾ ਮੁਸ਼ਕਲ ਹੈ ਕਿ ਮੁਕਬਲਾ ਤ੍ਰੀਏਕਤਾ ਵਿੱਚ ਕਿਵੇਂ ਇੱਕ ਮੁੱਦਾ ਹੋਵੇਗਾ। ਪਿਤਾ ਅਤੇ ਪੁੱਤਰ ਇੱਕ ਮਨ ਅਤੇ ਇੱਕ ਜਾਨ ਹਨ। ਪਵਿੱਤਰ ਆਤਮਾ ਦੇ ਨਾਲ ਮਿਲ ਕੇ (ਵੇਖੋ 6:19; 12:3), ਉਹ ਇੱਕ ਪਰਮੇਸ਼ੁਰ ਹਨ। ਫ਼ਰਕ ਜੋ ਪੌਲੁਸ ਨੇ ਦਰਸਾਇਆ ਸੀ ਉਸ ਦਾ ਸੰਬੰਧ ਇੱਕ ਮੁਕਤੀਦਾਤਾ ਦੇ ਤੌਰ ਤੇ ਅਤੇ ਉਸ ਦੇ ਲੋਕਾਂ ਤੇ ਯਿਸੂ ਦੀ ਭੂਮਿਕਾ ਦਾ ਸੀ। ਉਹ ਉਨ੍ਹਾਂ ਵਿੱਚੋਂ ਇੱਕ ਵਜੋਂ ਰਾਜ ਕਰਦਾ ਹੈ। ਜਦੋਂ ਉਹ ਨਿਆਂ, ਜੀ ਉੱਠਣ ਅਤੇ ਆਪਣੇ ਲੋਕਾਂ ਨੂੰ ਸਦੀਪਕ ਕਾਲ ਦੇ ਵਿੱਚ ਲਿਜਾਣ ਦੇ ਲਈ ਵਾਪਸ ਆਵੇਗਾ, ਤਾਂ ਇੱਕ ਵਿਚੋਲੇ ਦੇ ਤੌਰ ਤੇ ਉਸ ਦੀ ਭੂਮਿਕਾ ਖਤਮ ਹੋ ਜਾਵੇਗੀ

(1 ਤਿਮੋਥਿਉਸ 2:5; ਵੇਖੋ 1 ਕੁਰਿੰਥੀਆਂ 8:6)। ਉਸ ਸਮੇਂ ਉਹ **ਉਸ ਦੇ ਅਧੀਨ ਹੋਵੇਗਾ ਜਿਹ ਨੇ ਸੱਭੋ ਕੁਝ ਉਹ ਦੇ ਅਧੀਨ ਕਰ ਦਿੱਤਾ ਭਈ ਪਰਮੇਸ਼ੁਰ ਸਭਨਾਂ ਵਿੱਚ ਸਭ ਕੁਝ ਹੋਵੇ**। ਪਰਮੇਸ਼ੁਰ ਜਿਹੜਾ "ਸੱਭੋ ਕੁਝ" ਹੈ ਪਰਮੇਸ਼ੁਰਤਾਈ ਹੈ।

ਇਸ ਦਾ ਅਰਥ ਇਹ ਹੈ ਕਿ ਪੁੱਤਰ ਦੇ ਸੁਰਗ ਨੂੰ ਉਠਾਏ ਜਾਣ ਅਤੇ ਯੁੱਗ ਦੇ ਅੰਤ ਵਿੱਚ ਉਸ ਦੇ *ਪਰਾਊਸੀਆ* ਵਿਚਕਾਰ (15:24), ਪੁੱਤਰ ਕੋਲ ਰਾਜ ਅਤੇ ਇਖ਼ਤਿਆਰ ਦਾ ਇੱਕ ਮਾਪ ਹੈ ਜੋ ਉਸ ਨੂੰ ਮਨੁੱਖੀ ਖੇਤਰ ਵਿੱਚ ਉਸ ਦੇ ਜੀਵਨ ਅਤੇ ਮੌਤ ਨਾਲ ਮਿਲਿਆ ਹੈ। ਸਗੋਂ ਹੁਣ ਵੀ, ਪੁੱਤਰ ਦਾ ਇਖ਼ਤਿਆਰ ਉਸ ਨੂੰ ਪਿਤਾ ਦੇ ਪਰਤਾਪ ਜਾਂ ਪ੍ਰਭੁਤਾ ਦੀ ਕੀਮਤ ਤੇ ਨਹੀਂ ਮਿਲਿਆ ਹੈ। ਪਿਤਾ ਨੇ ਉਸ ਦੇ ਦੇਹ ਧਾਰਣ ਦੇ ਆਧਾਰ ਤੇ ਪੁੱਤਰ ਨੂੰ ਇੱਕ ਮਿਸ਼ਨ ਸੌਂਪਿਆ ਸੀ। ਪਿਤਾ ਅਤੇ ਪੁੱਤਰ ਮਨੁੱਖਜਾਤੀ ਦੇ ਛੁਟਕਾਰੇ ਦੇ ਲਈ ਇੱਕੋ ਸਦੀਪਕ ਯੋਜਨਾ ਵਿੱਚ ਪੂਰੀ ਤਰ੍ਹਾਂ ਇੱਕ ਹਨ।

ਮਸੀਹ ਦਾ ਸੰਦੇਸ਼ ਆਪਣੇ ਪੂਰੇ ਦਿਲ ਨਾਲ ਸਗੋਂ ਮੌਤ ਤੱਕ ਆਪਣੇ ਆਪ ਨੂੰ ਸਮਰਪਣ ਕਰਨ ਦੇ ਸੱਦੇ ਤੋਂ ਘੱਟ ਨਹੀਂ ਹੈ (ਲੂਕਾ 14:26, 27)। ਪੌਲੁਸ ਨੇ ਦਲੀਲ ਦਿੱਤੀ ਕਿ ਮੁਰਦਿਆਂ ਦਾ ਜੀ ਉੱਠਣਾ ਹੀ ਹੈ ਜਿਹੜਾ ਨਿਹਚਾ ਨੂੰ ਗਲੀਲੀ ਉਪਦੇਸ਼ਕ ਵਿੱਚ ਉਹ ਜੀਵਨ ਜੀਉਣ ਨਾਲ ਜੋੜਦਾ ਹੈ ਜਿਸ ਦੀ ਉਸ ਨੇ ਮੰਗ ਕੀਤੀ ਸੀ। ਆਉਣ ਵਾਲੇ ਯੁੱਗ ਵਿੱਚ ਜੀਵਨ ਦੇ ਲਈ ਸੰਭਾਵਨਾ ਤੋਂ ਬਿਨਾਂ, ਸਿਰਫ ਇੱਕ ਮੂਰਖ ਹੀ ਯਿਸੂ ਦਾ ਚੇਲਾ ਬਣਨ ਦੇ ਲਈ ਆਪਣੇ ਆਪ ਨੂੰ ਖ਼ਤਰੇ, ਦੁੱਖ ਅਤੇ ਮੌਤ ਦੇ ਅਧੀਨ ਕਰਨਾ ਚੁਣੇਗਾ। ਸਰੀਰਕ ਰੂਪ ਵਿੱਚ ਜੀ ਉੱਠਣਾ ਮਸੀਹੀ ਇਕਰਾਰ ਦੇ ਲਈ ਅਨੁਬੰਧ ਨਹੀਂ ਹੈ; ਮਸੀਹ ਵਿੱਚ ਸਾਡੀ ਨਿਹਚਾ ਦੇ ਨਾਲ ਸਾਡਾ ਦਿਲ ਵੀ ਹਿੱਸਾ ਲੈਂਦਾ ਹੈ।

## ਇੱਕ ਵੱਡਾ ਜਿਹਾ "ਕਿਉਂ?" (15:29-34)

**29ਨਹੀਂ ਤਾਂ ਜਿਹੜੇ ਮੁਰਦਿਆਂ ਦੇ ਲਈ ਬਪਤਿਸਮਾ ਲੈਂਦੇ ਹਨ ਓਹ ਕੀ ਕਰਨਗੇ? ਜੇ ਮੁਰਦੇ ਮੂਲੋਂ ਜੀ ਨਹੀਂ ਉੱਠਦੇ ਤਾਂ ਉਨ੍ਹਾਂ ਦੇ ਲਈ ਓਹ ਕਾਹਨੂੰ ਬਪਤਿਸਮਾ ਲੈਂਦੇ ਹਨ?
30ਅਸੀਂ ਭੀ ਹਰ ਘੜੀ ਜੋਖੋਂ ਵਿੱਚ ਕਿਉਂ ਪਏ ਰਹਿੰਦੇ ਹਾਂ? 31ਹੇ ਭਰਾਵੋ, ਤੁਹਾਡੇ ਹੱਕ ਵਿੱਚ ਜਿਹੜਾ ਅਭਮਾਨ ਮੈਂ ਮਸੀਹ ਯਿਸੂ ਸਾਡੇ ਪ੍ਰਭੂ ਵਿੱਚ ਕਰਦਾ ਹਾਂ ਉਹ ਦੀ ਸੌਂਹ ਹੈ ਜੋ ਮੈਂ ਹਰ ਰੋਜ ਮਰਦਾ ਹਾਂ। 32ਜੇ ਆਦਮੀ ਵਾਂਙੁ ਮੈਂ ਅਫ਼ਸੁਸ ਵਿੱਚ ਦਰਿੰਦਿਆਂ ਨਾਲ ਲੜਿਆ ਤਾਂ ਮੈਨੂੰ ਕੀ ਲਾਭ ਹੈ? ਜੇ ਮੁਰਦੇ ਨਹੀਂ ਉੱਠਦੇ ਤਾਂ "ਆਓ ਅਸੀਂ ਖਾਈਏ ਪੀਵੀਏ ਕਿਉਂ ਜੋ ਭਲਕੇ ਮਰਨਾ ਹੈ।" 33ਧੋਖਾ ਨਾ ਖਾਓ, ਬੁਰੀਆਂ ਸੰਗਤਾਂ ਚੰਗਿਆਂ ਚਲਣਾਂ ਨੂੰ ਵਿਗਾੜ ਦਿੰਦੀਆਂ ਹਨ। 34ਤੁਸੀਂ ਧਰਮ ਲਈ ਸੁਰਤ ਸਮ੍ਹਾਲੋ ਅਤੇ ਪਾਪ ਨਾ ਕਰੋ ਕਿਉਂ ਜੋ ਕਈਆਂ ਨੂੰ ਪਰਮੇਸ਼ੁਰ ਦਾ ਗਿਆਨ ਨਹੀਂ। ਮੈਂ ਤੁਹਾਡੀ ਸ਼ਰਮ ਲਈ ਇਹ ਆਖਦਾ ਹਾਂ।**

**ਆਇਤ 29.** ਬਾਈਬਲ ਦੀ ਸਿੱਖਿਆ ਲੈਣ ਵਾਲੇ ਵਿਦਿਆਰਥੀਆਂ ਨੇ ਇਸ ਆਇਤ ਦੀਆਂ ਮੁਸ਼ਕਲਾਂ ਦੀ ਵਿਆਖਿਆ ਕਰਨ ਦੇ ਅਨੇਕ ਤਰੀਕੇ ਦਿੱਤੇ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਵਿਆਖਿਆਵਾਂ ਉਨ੍ਹਾਂ ਦੀਆਂ ਚੰਗੀਆਂ ਵਿਆਖਿਆਵਾਂ ਤੋਂ ਵੱਧ ਕੇ ਵਿਆਖਾਕਾਰਾਂ ਦੀ ਵੱਲੋਂ ਚਤੁਰਤਾ ਨੂੰ ਪ੍ਰਦਸ਼ਿਤ ਕਰਦੀਆਂ ਹਨ। ਸਮੁੱਚੀਆਂ ਸਿਧਾਂਤਕ ਪ੍ਰਣਾਲੀਆਂ ਆਇਤ ਦੀ ਸ਼ਾਬਦਿਕ ਵਿਆਖਿਆ ਤੇ ਨਿਰਭਰ ਹੁੰਦੀਆਂ ਹਨ। ਕੁਝ ਹੋਰ ਲੋਕ ਇਹ ਸੁਝਾਅ ਦਿੰਦੇ

ਹਨ ਕਿ ਕੁਰਿੰਥੁਸ ਦੇ ਲੋਕ ਉਨ੍ਹਾਂ ਦੀ ਖ਼ਾਤਰ ਪ੍ਰਤੀਨਿਧਕ ਕਿਸਮ ਦੇ ਕਿਸੇ ਬਪਤਿਸਮੇ ਦਾ ਪਾਲਣ ਕਰ ਰਹੇ ਸਨ ਜਿਹੜੇ ਮਰ ਚੁੱਕੇ ਸਨ। ਜੇਕਰ ਇਹ ਗੱਲ ਹੈ, ਤਾਂ ਨਵੇਂ ਨੇਮ ਵਿੱਚ ਉਸ ਦੇ ਬਾਰੇ ਸਿਰਫ ਇਹੀ ਇੱਕ ਲਿਖਤ ਹੈ। ਇਸ ਤੋਂ ਇਲਾਵਾ, ਇਹ ਵਿਆਖਿਆ ਕਾਫ਼ੀ ਮੁਸ਼ਕਲ ਪੇਸ਼ ਕਰਦੀ ਹੈ, ਉਸ ਆਮ ਤਰੀਕੇ ਨੂੰ ਮੱਦੇ ਨਜ਼ਰ ਰੱਖਦੇ ਹੋਏ ਜਿਸ ਦਾ ਪੌਲੁਸ ਨੇ ਜ਼ਿਕਰ ਕੀਤਾ ਸੀ ਅਤੇ ਫਿਰ ਇਸ ਵਿਸ਼ੇ ਨੂੰ ਛੱਡ ਦਿੱਤਾ। ਜੇਕਰ ਮਸੀਹੀ ਲੋਕ ਉਨ੍ਹਾਂ ਬੇਪਰਤੀਤੇ ਮਿੱਤਰਾਂ ਜਾਂ ਰਿਸ਼ਤੇਦਾਰਾਂ ਦੇ ਲਈ ਬਪਤਿਸਮਾ ਲੈ ਰਹੇ ਸਨ ਜਿਹੜੇ ਮਰ ਚੁੱਕੇ ਸਨ, ਤਾਂ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਪੌਲੁਸ ਨੇ ਇਸ ਰੀਤ ਨੂੰ ਸੁਧਾਰਣ ਦੀ ਕੋਸ਼ਿਸ਼ ਕਰਨ ਤੋਂ ਬਿਨਾਂ ਇਸ ਦਾ ਜ਼ਿਕਰ ਕੀਤਾ ਹੋਵੇ। ਰਸੂਲ ਤੋੜੀ-ਮਰੋੜੀ ਮਸੀਹੀ ਡਾਕਟ੍ਰਿਨ ਦਾ ਸਾਹਮਣਾ ਕਰਨ ਤੋਂ ਨਹੀਂ ਸੀ ਡਰਦਾ। ਹਰ ਉਦਾਹਰਣ ਵਿੱਚ ਜਿੱਥੇ ਪੌਲੁਸ ਨੇ ਬਪਤਿਸਮੇ ਦੇ ਬਾਰੇ ਚਰਚਾ ਕੀਤੀ ਸੀ (ਰੋਮੀਆਂ 6:3-7; 1 ਕੁਰਿੰਥੀਆਂ 6:11; ਗਲਾਤੀਆਂ 3:27; ਕੁਲੁੱਸੀਆਂ 2:12; ਤੀਤੁਸ 3:5) ਉਹ ਉਨ੍ਹਾਂ ਲੋਕਾਂ ਦੀ ਵੱਲੋਂ ਜਿਹੜੇ ਬਪਤਿਸਮੇ ਲੈ ਰਹੇ ਸਨ ਨਿਹਚਾ ਦੇ ਜਵਾਬ ਦੇ ਬਾਰੇ ਗੱਲ ਕਰ ਰਿਹਾ ਸੀ।

ਇਸ ਵਿਚਾਰ ਦੀਆਂ ਮੁਸ਼ਕਲਾਂ ਦੇ ਬਾਵਜੂਦ ਕਿ ਕੁਰਿੰਥੁਸ ਦੇ ਲੋਕ ਪ੍ਰਤੀਨਿਧਕ ਬਪਤਿਸਮੇ ਦਾ ਪਾਲਣ ਕਰ ਰਹੇ ਸਨ, ਕੁਝ ਵਿਆਖਿਆਕਾਰਾਂ ਦੇ ਲਈ ਇਸ ਨੇ ਬੰਦ ਦੀ ਸਭ ਤੋਂ ਮੁਨਾਸਬ ਵਿਆਖਿਆ ਦਿੱਤੀ ਸੀ। ਹਰਮਨ ਰਿਡਰਬੋਸ ਨੇ ਲਿਖਿਆ, "ਇਹ ਸੰਭਵ ਹੈ ਕਿ ਉਹ ਆਪਣੇ ਵਿਰੋਧੀਆਂ ਵਿੱਚ ਉਸ ਦਸਤੂਰ ਦੀ ਅਪੀਲ ਕਰ ਸਕਦਾ ਸੀ ਜਿਸ ਦੀ ਉਹ ਖੁਦ ਮੰਜੂਰੀ ਨਹੀਂ ਸੀ ਦਿੰਦਾ।"[23] ਇਹ ਸੱਚ ਸਾਬਤ ਹੋਣ ਦੇ ਲਈ, ਪੌਲੁਸ ਨੇ ਇਸ ਰੀਤ ਨੂੰ ਨੁਕਸਾਹਦੇਹ ਜਾਣਿਆ ਹੋਵੇਗਾ ਭਾਵੇਂ ਉਹ ਜਾਣਦਾ ਸੀ ਕਿ ਇਸ ਦਾ ਕੋਈ ਲਾਭ ਨਹੀਂ ਸੀ। ਸ਼ਾਇਦ ਪੌਲੁਸ ਦੇ ਇਹ ਸ਼ਬਦ ਕਿ **ਜੇ ਮੁਰਦੇ ਮੂਲੋਂ ਜੀ ਨਹੀਂ ਉੱਠਦੇ ਤਾਂ ਉਨ੍ਹਾਂ ਦੇ ਲਈ ਓਹ ਕਾਹਨੂੰ ਬਪਤਿਸਮਾ ਲੈਂਦੇ ਹਨ** ਇਸ ਰੀਤ ਦੇ ਸੰਬੰਧ ਵਿੱਚ ਉਸ ਦੀ ਨਾਪਸੰਦ ਦਾ ਸੁਝਾਅ ਦਿੰਦੇ ਹਨ। ਕੋਈ ਵੀ ਵਿਅਕਤੀ ਇਸ ਡਾਕਟ੍ਰਿਨ ਦੇ ਸਪੱਸ਼ਟ ਠੁਕਰਾਏ ਜਾਣ ਦੀ ਉਮੀਦ ਕਰ ਸਕਦਾ ਹੈ, ਭਾਵੇਂ ਕਿ ਇਹ ਜੀ ਉੱਠਣ ਬਾਰੇ ਉਸ ਦੀ ਸਿੱਖਿਆ ਨਾਲ ਮਜ਼ਬੂਤ ਕੀਤੀ ਗਈ ਸੀ। **ਓਹ ਕੀ ਕਰਨਗੇ . . .** ? ਉਸ ਨੇ ਇਹ ਨਹੀਂ ਪੁੱਛਿਆ ਕਿ "ਅਸੀਂ ਕੀ ਕਰਾਂਗੇ . . . ?" ਇਸ ਸਵਾਲ ਦਾ ਅਰਥ ਇਹ ਪ੍ਰਤੀਤ ਹੁੰਦਾ ਹੈ ਕਿ "ਜੇਕਰ ਮੁਰਦਿਆਂ ਦਾ ਜੀ ਉੱਠਣਾ ਨਹੀਂ ਹੈ ਤਾਂ 'ਮੁਰਦਿਆਂ ਦੇ ਲਈ' ਬਪਤਿਸਮਾ ਲੈਣ ਦਾ ਕੀ ਲਾਭ ਹੈ?" ਇਸ ਦੀ ਸਹੀ ਵਿਆਖਿਆ ਇਹ ਹੋਵੇਗੀ: "ਉਹੀ ਲੋਕ ਜਿਹੜੇ ਜੀ ਉੱਠਣ ਦਾ ਇਨਕਾਰ ਕਰਦੇ ਹਨ ਮੁਰਦਿਆਂ ਦੀ ਖ਼ਾਤਰ ਬਪਤਿਸਮਾ ਲੈਂਦੇ ਹਨ। ਇਸ ਦਾ ਕੀ ਅਰਥ ਨਿੱਕਲਦਾ ਹੈ?"[24]

ਵਿਕਲਪਕ ਰੂਪ ਵਿੱਚ, ਸ਼ਾਇਦ ਪੌਲੁਸ ਉਨ੍ਹਾਂ ਬਾਰੇ ਸੋਚਣ ਤੋਂ ਬਾਅਦ ਜਿਹੜੇ ਮਰ ਚੁੱਕੇ ਸਨ ਬਪਤਿਸਮੇ ਦੇ ਮਹੱਤਵ ਬਾਰੇ ਇੱਕ ਵਿਅਕਤੀ ਦੀ ਸਮਝ ਦਾ ਹਵਾਲਾ ਦੇ ਰਿਹਾ ਹੋਵੇਗਾ। ਉਹ ਵਿਅਕਤੀ ਜਿਸ ਨੇ ਮਸੀਹ ਉੱਤੇ ਵਿਸ਼ਵਾਸ ਕਰ ਲਿਆ ਹੈ ਇਹ ਸਮਝਣ ਤੋਂ ਬਾਅਦ ਬਪਤਿਸਮਾ ਲੈਣਾ ਚਾਹ ਸਕਦਾ ਹੈ ਕਿ ਜਿਵੇਂ ਦੂਜੇ ਲੋਕ ਮਰ ਚੁੱਕੇ ਹਨ, ਉਸੇ ਤਰ੍ਹਾਂ ਉਹ ਵੀ ਮਰੇਗਾ ਅਤੇ ਪ੍ਰਭੂ ਦਾ ਸਾਹਮਣਾ ਕਰੇਗਾ ਜਦੋਂ ਆਖ਼ਰੀ ਤੁਰ੍ਹੀ ਫੂਕੀ ਜਾਵੇਗੀ। ਡੇਵਿਡ ਈ. ਗਾਰਲੈਂਡ ਨੇ ਪੌਲੁਸ ਦੇ ਵਿਚਾਰ ਦੀ ਵਿਆਖਿਆ ਕੁਝ ਇਸ ਤਰ੍ਹਾਂ ਕੀਤੀ ਹੈ: "ਜੇਕਰ ਮੁਰਦਿਆਂ ਦਾ ਜੀ ਉੱਠਣਾ ਨਹੀਂ ਹੈ, ਤਾਂ ਬਪਤਿਸਮਾ ਇੱਕ ਬੇਮਤਲਬ ਰੀਤ ਹੈ ਜੋ ਝੂਠੇ ਤੌਰ ਤੇ ਕਿਸੇ ਅਜਿਹੀ ਚੀਜ਼ ਦੀ ਨੁਮਾਇੰਦਗੀ ਕਰਦੀ ਹੈ ਜੋ ਕਦੇ ਨਹੀਂ ਹੋਵੇਗੀ।"[25] ਮੰਨ ਲਿਆ,

"ਅੱਗੇ ਦੇ ਵਿਚਾਰ ਨਾਲ" ਪੂਰਵਸਰਗ ὑπέρ (*ਹੁਪਰ*) ਦੇ ਅਰਥ ਤੇ ਜ਼ੋਰ ਦੇਣਾ ਮੁਸ਼ਕਲ ਹੈ, ਪਰ ਸ਼ਾਇਦ ਹੀ ਪੌਲੁਸ ਆਮ ਤੌਰ ਤੇ ਵਰਤੇ ਜਾਣ ਵਾਲੇ ਸ਼ਬਦਾਂ ਦੇ ਅਰਥ ਨੂੰ ਲੰਬਾ ਖਿੱਚਣ ਦਾ ਆਦੀ ਸੀ।

ਫਿਰ ਵੀ ਇੱਕ ਸੰਭਾਵਨਾ ਇਹ ਹੈ ਕਿ ਵਿਸ਼ਵਾਸੀਆਂ ਦੇ ਬਪਤਿਸਮੇ ਤੋਂ ਪੌਲੁਸ ਦਾ ਅਰਥ ਉਸ ਵਿਅਕਤੀ ਦੀ ਨਿਹਚਾ ਦੀ ਸਾਖੀ ਹੈ ਜਿਹੜਾ ਅਚਾਣਕ ਮਰ ਗਿਆ ਸੀ। ਧਰਮੀ ਵਿਸ਼ਵਾਸੀ ਨੇ ਉਸ ਵਿਅਕਤੀ ਦੀ ਨਿਹਚਾ ਨੂੰ ਵਿਅਕਤ ਕਰਨ ਦੇ ਲਈ ਜਿਹੜਾ ਮਰ ਚੁੱਕਾ ਸੀ ਖੁਦ ਬਪਤਿਸਮਾ ਲਿਆ ਹੋਵੇਗਾ। ਉਸ ਨੇ ਪਰਮੇਸ਼ੁਰ ਦੀ ਦਯਾ ਅਤੇ ਕਿਰਪਾ ਦੇ ਪ੍ਰਤੀ ਹਤਾਸ਼ ਅਪੀਲ ਵਜੋਂ ਅਜਿਹਾ ਕਦਮ ਉਠਾਇਆ ਹੋਵੇਗਾ। ਅਜਿਹਾ ਮਾਹੌਲ ਇਹ ਵਿਆਖਿਆ ਕਰ ਸਕਦਾ ਹੈ ਕਿ ਪੌਲੁਸ ਨੇ ਕਿਉਂ ਕਰਨ ਨਾਲੋਂ ਜ਼ਿਆਦਾ ਕਿਹਾ ਸੀ। ਸ਼ਾਇਦ ਉਹ ਉਨ੍ਹਾਂ ਦੇ ਦੁੱਖ ਨੂੰ ਟਾਲ ਰਿਹਾ ਸੀ ਜਿਨ੍ਹਾਂ ਨੇ ਮੁਰਦਿਆਂ ਦੇ ਲਈ ਬਪਤਿਸਮਾ ਲਿਆ ਸੀ।

ਪੌਲੁਸ ਦੇ ਸ਼ਬਦਾਂ ਦੀ ਕੋਈ ਵੀ ਵਿਆਖਿਆ ਸੰਤੋਸ਼ਜਨਕ ਨਹੀਂ ਹੈ। ਫਿਰ ਵੀ, ਲੋਕਾਂ ਨੇ ਇਸ ਆਇਤ ਤੋਂ ਕੁਝ ਸਿੱਟੇ ਕੱਢੇ ਹਨ ਜਿਨ੍ਹਾਂ ਨੂੰ ਖਾਰਿਜ ਕੀਤਾ ਜਾ ਸਕਦਾ ਹੈ। (1) ਕਿਉਂਕਿ ਯੂਨਾਨੀ ਭਾਸ਼ਾ ਵਿੱਚ "ਮੁਰਦੇ" ਸ਼ਬਦ ਬਹੁਵਚਨ ਹੈ, ਇਸ ਆਇਤ ਦਾ ਅਰਥ ਮਰੇ ਹੋਏ ਯਿਸੂ ਦੀ ਖ਼ਾਤਰ ਬਪਤਿਸਮਾ ਲੈਣਾ ਨਹੀਂ ਹੋ ਸਕਦਾ, ਜਿਵੇਂ ਕਿ ਕਈਆਂ ਨੇ ਸੁਝਾਅ ਦਿੱਤਾ ਹੈ। (2) ਮੁਰਦਿਆਂ ਦੇ ਲਈ ਨਵੇਂ ਨੇਮ ਵਿੱਚ ਹੋਰ ਕੋਈ ਸਿੱਖਿਆ ਨਾ ਹੋਣ ਦੇ ਕਾਰਣ, ਅਸੀਂ ਸੁਰੱਖਿਅਤ ਰੂਪ ਵਿੱਚ ਇਸ ਵਿਚਾਰ ਦਾ ਤਿਰਸਕਾਰ ਕਰ ਸਕਦੇ ਹਾਂ ਕਿ ਕਿਸੇ ਵੀ ਵਿਅਕਤੀ ਵਿੱਚ ਇੰਨੀ ਯੋਗਤਾ ਨਹੀਂ ਹੈ ਕਿ ਉਹ ਕਿਸੇ ਦੂਜੇ ਦੇ ਪਾਪਾਂ ਨੂੰ ਧੋਣ ਦੇ ਲਈ ਖੁਦ ਬਪਤਿਸਮਾ ਲਵੇ (ਵੇਖੋ ਰਸੂਲਾਂ ਦੇ ਕਰਤੱਬ 22:16)। ਬਪਤਿਸਮਾ ਜਿਹੜਾ ਬਚਾਉਂਦਾ ਹੈ ਉਸ ਪਛਚਾਤਾਪੀ ਵਿਸ਼ਵਾਸੀ ਦੀ ਵੱਲੋਂ ਨਿਹਚਾ ਦਾ ਜਵਾਬ ਹੈ ਜਿਹੜਾ ਬਪਤਿਸਮਾ ਲੈ ਰਿਹਾ ਹੈ।

**ਆਇਤ 30.** ਕੁਰਿੰਥੁਸ ਦੇ ਲੋਕਾਂ ਦੀ ਵੱਲੋਂ ਆਪਣਾ ਧਿਆਨ ਮੋੜ ਕੇ ਖੁਦ ਦੀ ਵੱਲ ਲਾ ਕੇ, ਪੌਲੁਸ ਨੇ ਪੁੱਛਿਆ ਕਿ ਜੇਕਰ ਮੁਰਦਿਆਂ ਵਿੱਚੋਂ ਜੀ ਉੱਠਣਾ ਨਹੀਂ ਹੈ ਤਾਂ ਉਹ ਅਤੇ ਹੋਰ ਪਰਚਾਰਕ ਮਸੀਹ ਦੀ ਖ਼ਾਤਰ ਕਿਉਂ ਆਪਣੇ ਜੀਵਨਾਂ ਨੂੰ ਖ਼ਤਰੇ ਵਿੱਚ ਪਾਉਣਗੇ। ਜੇਕਰ ਰਸੂਲ ਨੇ ਸਰੀਰਕ ਜੀ ਉੱਠਣ ਤੋਂ ਬਿਨਾਂ ਮੌਤ ਤੋਂ ਬਾਅਦ ਜੀਵਨ ਦੀ ਸੰਭਾਵਨਾ ਤੇ ਵਿਚਾਰ ਵੀ ਕੀਤਾ ਸੀ, ਤਾਂ ਉਸ ਨੇ ਪਰਤੱਖ ਰੂਪ ਵਿੱਚ ਮੌਤ ਤੋਂ ਬਾਅਦ ਅਜਿਹੇ ਜੀਵਨ ਦੀ ਵੈਧਤਾ ਜਾਂ ਅਪੀਲ ਨਹੀਂ ਸੀ ਵੇਖੀ।

ਯੂਨਾਨੀ ਸੂਝਵਾਨ ਵਿਅਕਤੀਆਂ ਦੇ ਲਈ, ਇਹ ਵਿਚਾਰ ਕਿ ਸਰੀਰਕ ਦੇਹ ਮੌਤ ਤੋਂ ਬਚ ਜਾਵੇਗੀ ਸੱਚੀ ਅਗਿਆਨਤਾ ਦੀ ਉਚਾਈ ਸੀ। ਉਦਾਹਰਣ ਦੇ ਲਈ, ਅਥੇਨੈ ਵਿੱਚ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਰਸੂਲ ਨੂੰ ਲੋਕਾਂ ਵੱਲੋਂ ਤਦ ਤੱਕ ਆਪਣੇ ਪਰਚਾਰ ਦਾ ਸਕਾਰਾਤਮਕ ਜਵਾਬ ਮਿਲਿਆ ਸੀ ਜਦੋਂ ਤੱਕ ਉਸ ਨੇ ਮੁਰਦਿਆਂ ਦੇ ਜੀ ਉੱਠਣ ਦੀ ਗੱਲ ਨਹੀਂ ਸੀ ਕੀਤੀ (ਰਸੂਲਾਂ ਦੇ ਕਰਤੱਬ 17:32)। ਪੌਲੁਸ ਦੇ ਕੁਝ ਵਿਰੋਧੀਆਂ ਨੇ ਉਸ ਦੇ ਰਸੂਲੀ ਇਖ਼ਤਿਆਰ ਤੇ ਸ਼ੱਕ ਕੀਤਾ ਹੋਵੇਗਾ ਕਿਉਂਕਿ ਉਹ ਬੋਲਣ ਵਿੱਚ ਇੰਨਾ ਬੁਲੰਦ ਨਹੀਂ ਸੀ (2 ਕੁਰਿੰਥੀਆਂ 10:10)। ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਉਸ ਦੇ ਕੋਲ ਕੋਈ ਦਾਰਸ਼ਨਿਕ ਪਰਕਾਸ਼ ਨਹੀਂ ਸੀ (ਵੇਖੋ 1 ਕੁਰਿੰਥੀਆਂ 2:6)। ਉਸ ਦੇ ਆਲੋਚਕਾਂ ਪ੍ਰਤੀ ਰਸੂਲ ਦਾ ਜਵਾਬ ਇਹ ਸੀ ਕਿ ਬੁੱਧ ਵਿੱਚ ਉਸ ਦੀ ਜੋ ਕੋਈ ਵੀ ਕਮੀ ਸੀ, ਉਸ ਨੇ ਉਸ ਕਮੀ ਨੂੰ ਨਾ ਸਮਝੌਤਾ ਕਰਨ ਵਾਲੀ ਨਿਹਚਾ ਦੇ ਨਾਲ ਪੂਰਾ ਕੀਤਾ ਸੀ। ਉਹ ਉਸ ਦੇ ਲਈ

ਮਰਨ ਵਾਸਤੇ ਵੀ ਤਿਆਰ ਸੀ ਜੋ ਉਸ ਨੇ ਪਰਤੀਤ ਕੀਤੀ ਸੀ। ਜਦ ਕਿ ਨਿਪੁੰਨ ਫਿਲਾਸਫਰ ਮਰਨ ਦੇ ਲਈ ਤਿਆਰ ਨਹੀਂ ਸਨ।

ਪੌਲੁਸ ਆਪਣੇ ਆਲੋਚਕਾਂ ਦਾ ਖੰਡਣ ਕਰਨ ਤੋਂ ਨਹੀਂ ਝਿੱਜਕਿਆ। ਜੇਕਰ ਉਸ ਦੇ ਅੰਦਰ ਬੁੱਧ ਦੀ ਕਮੀ ਸੀ, ਇਹ ਦੁਨਿਆਵੀ ਗਿਆਨ ਦੀ ਸੀ। ਉਸ ਨੇ ਪਰਮੇਸ਼ੁਰ ਦੇ ਕੰਮ ਰਾਹੀਂ ਆਪਣੀ ਨਿਰਬਲਤਾ ਨੂੰ ਪਰਮੇਸ਼ੁਰ ਦੀ ਮਹਿਮਾ ਦਾ ਇੱਕ ਚਿੰਨ੍ਹ ਸਮਝਿਆ। ਉਸ ਨੇ ਦਾਰਸ਼ਨਿਕ ਸਿੱਖਿਆ ਦੇ ਲਈ ਕੋਈ ਬਹਾਨਾ ਨਹੀਂ ਬਣਾਇਆ। ਇਸ ਤੋਂ ਇਲਾਵਾ, ਉਸ ਦੇ ਦੁਆਰਾ ਲਗਾਤਾਰ ਖ਼ਤਰਿਆਂ ਦਾ ਸਾਹਮਣਾ ਕਰਨਾ ਪਰਮੇਸ਼ੁਰ ਦੇ ਰੱਬੀ ਪ੍ਰਬੰਧ ਤੇ ਉਸ ਦੀ ਨਿਰਭਰਤਾ ਦਾ ਸਬੂਤ ਸੀ। ਪੌਲੁਸ ਨੇ ਕੁਰਿੰਥੁਸ ਦੇ ਲੋਕਾਂ ਨੂੰ ਪੁੱਛਿਆ ਕਿ ਉਹ ਕਿਉਂ ਸੋਚਦੇ ਸਨ ਕਿ ਉਹ ਇਸ ਤਰ੍ਹਾਂ ਜੀਵੇਗਾ ਅਤੇ ਸਿੱਖਿਆ ਦੇਵੇਗਾ ਜਿਵੇਂ ਕਿ ਕੋਈ ਮੁਰਦਿਆਂ ਦਾ ਜੀ ਉੱਠਣਾ ਹੈ ਹੀ ਨਹੀਂ ਸੀ। ਉਹ ਆਪਣੇ ਆਪ ਨੂੰ ਹਰ **ਘੜੀ ਜੋਖੋਂ ਵਿੱਚ ਕਿਉਂ ਪਾਵੇਗਾ?**

**ਆਇਤ 31.** ਜਦੋਂ ਪੌਲੁਸ ਨੇ ਕਿਹਾ, **ਮੈਂ ਹਰ ਰੋਜ ਮਰਦਾ ਹਾਂ**, ਉਸ ਦਾ ਅਰਥ ਇਹ ਸੀ ਕਿ ਉਹ ਸਦਾ ਖ਼ਤਰੇ ਵਿੱਚ ਰਹਿੰਦਾ ਸੀ। ਉਸ ਨੇ ਕਿਸੇ ਵੀ ਪਲ ਸੰਭਵ ਤੌਰ ਤੇ ਕੈਦ ਜਾਂ ਮੌਤ ਦਾ ਸਾਹਮਣਾ ਕੀਤਾ ਸੀ। ਉਹ ਜਿੱਥੇ ਕਿਤੇ ਵੀ ਗਿਆ ਉੱਥੇ ਹੀ ਉਸ ਦੇ ਦੁਸ਼ਮਣ ਸਨ, ਪਰ ਰਸੂਲ ਨੇ ਆਪਣੇ ਦੁੱਖ ਨੂੰ ਇੰਜੀਲ ਦੇ ਲਈ ਬੋਝ ਨਹੀਂ ਸਮਝਿਆ (ਵੇਖੋ ਰਸੂਲਾਂ ਦੇ ਕਰਤੱਬ 9:16; 2 ਕੁਰਿੰਥੀਆਂ 11:23-27)। ਉਹ ਉਸ ਸੰਤੁਸ਼ਟੀ ਅਤੇ ਅਨੰਦ ਦੇ ਲਈ ਆਪਣੇ ਜੀਵਨ ਨੂੰ ਵੀ ਦਾਅ ਤੇ ਲਾਉਣ ਦੇ ਲਈ ਤਿਆਰ ਸੀ ਜਿਸ ਦੇ ਨਤੀਜੇ ਵਜੋਂ ਪਰਮੇਸ਼ੁਰ ਦੀ ਮਹਿਮਾ ਦੇ ਲਈ ਅਤੇ ਰੂਹਾਂ ਦੀ ਮੁਕਤੀ ਦੇ ਲਈ ਉਨ੍ਹਾਂ ਵਰਗੇ ਮਸੀਹੀ ਲੋਕਾਂ ਵਿੱਚ ਨਿਹਚਾ ਜਾਗੀ ਸੀ ਜਿਹੜੇ ਕੁਰਿੰਥੁਸ ਵਿੱਚ ਸਨ। ਸ਼ਬਦ νή (ਨੇ, "ਤਸਦੀਕ ਕਰਨਾ"), ਵਿਸ਼ੇਸ਼ ਰੂਪ ਵਿੱਚ ਉਸ ਸੌਂਹ ਨਾਲ ਜਾਣ-ਪਛਾਣ ਕਰਾਉਂਦਾ ਹੈ ਜੋ ਨਵੇਂ ਨੇਮ ਵਿੱਚ ਸਿਰਫ ਇੱਥੇ ਪਾਈ ਜਾਂਦੀ ਹੈ। ਇਸ ਦੇ ਨਾਲ ਰਸੂਲ ਨੇ ਦ੍ਰਿੜ੍ਹਤਾਪੂਰਵਕ ਅਤੇ ਮਜ਼ਬੂਤੀ ਨਾਲ ਉਸ ਸੱਚਾਈ ਦੀ ਤਸਦੀਕ ਕੀਤੀ ਸੀ ਜਿਸ ਦੇ ਬਾਰੇ ਉਸ ਨੇ ਲਿਖਿਆ ਸੀ। REB ਬਾਈਬਲ ਵਿੱਚ ਇਸ ਆਇਤ ਦਾ ਅਰਥ ਇਹ ਹੈ, "ਹਰ ਰੋਜ਼ ਮੈਂ ਮਰਦਾ ਹਾਂ: ਮੈਂ ਤੁਹਾਡੇ ਵਿੱਚ ਆਪਣੇ ਅਭਮਾਨ ਦੇ ਦੁਆਰਾ ਇਸ ਦੀ ਸੌਂਹ ਖਾਂਦਾ ਹਾਂ, ਮੇਰੇ ਮਿੱਤਰੋ – ਕਿਉਂਕਿ ਮਸੀਹ ਯਿਸੂ ਸਾਰੇ ਪ੍ਰਭੂ ਵਿੱਚ ਮੈਨੂੰ ਤੁਹਾਡੇ ਤੇ ਅਭਮਾਨ ਹੈ।"

**ਤੁਹਾਡੇ ਹੱਕ ਵਿੱਚ ਜਿਹੜਾ ਅਭਮਾਨ** ਦਾ ਅਰਥ ਬਹੁਤ ਸਾਰੇ ਸਵਾਲ ਖੜ੍ਹੇ ਕਰਦਾ ਹੈ। ਵਾਕ ਵਿੱਚ "ਤੁਹਾਡੇ" (KJV) ਜਾਂ "ਤੁਹਾਡੇ ਵਿੱਚ" ਜ਼ੋਰਦਾਰ ਹੈ। ਭਾਵ ਇਹ ਹੈ ਕਿ "ਗੰਭੀਰ ਸੌਂਹ ਦੇ ਦੁਆਰਾ, ਮੈਂ ਤੁਹਾਡੇ ਅਭਮਾਨ ਦੇ ਸੰਬੰਧ ਵਿੱਚ ਅਪੀਲ ਕਰਦਾ ਹਾਂ।" ਰਸੂਲ ਦ੍ਰਿੜ੍ਹਤਾਪੂਰਵਕ ਉਸ ਖ਼ਤਰੇ ਦੀ ਪੁਸ਼ਟੀ ਕਰ ਰਿਹਾ ਹੋਵੇਗਾ ਜਿਸ ਦੇ ਵਿੱਚ ਉਹ ਇਹ ਕਹਿਣ ਦੁਆਰਾ ਜੀਇਆ ਸੀ ਕਿ ਇਹ ਨਿਸ਼ਚਤ ਤੌਰ ਤੇ ਉੱਨਾ ਹੀ ਸੱਚ ਸੀ ਜਿਨ੍ਹਾਂ ਕਿ ਮਸੀਹ ਵਿੱਚ ਉਨ੍ਹਾਂ ਦੀਆਂ ਬਰਕਤਾਂ ਦਾ "ਅਭਮਾਨ।" ਯੂਨਾਨੀ ਭਾਸ਼ਾ ਇੱਕ ਹੋਰ ਸੰਭਾਵਨਾ ਦਿੰਦੀ ਹੈ ਕਿ ਪੌਲੁਸ ਦਾ ਹਵਾਲਾ ਉਸ ਸੰਤੁਸ਼ਟੀ ਅਤੇ ਅਨੰਦ ਦੇ ਲਈ ਹੋ ਸਕਦੀ ਹੈ ਜੋ ਕੁਰਿੰਥੁਸ ਦੇ ਮਸੀਹੀ ਲੋਕਾਂ ਨੂੰ ਉਨ੍ਹਾਂ ਦੀ ਨਿਹਚਾ ਦੇ ਇਕਰਾਰ ਵਿੱਚ ਮਿਲੀ ਸੀ। ਹੋਰ ਸੰਭਾਵਨਾ ਇਹ ਹੈ ਕਿ ਰਸੂਲ ਉਨ੍ਹਾਂ ਵਿੱਚ ਉਸ ਦੇ ਆਪਣੇ ਅਭਮਾਨ, ਉਸ ਦੀ ਆਪਣੀ ਸੰਤੁਸ਼ਟੀ ਅਤੇ ਅਨੰਦ ਦਾ ਹਵਾਲਾ ਦੇ ਰਿਹਾ ਸੀ। ਆਇਤ ਦਾ ਆਖ਼ਰੀ ਹਿੱਸਾ ਇਹ ਸਪੱਸ਼ਟ ਕਰਦਾ ਹੈ ਕਿ "ਅਭਮਾਨ" ਦਾ ਜਿਹੜਾ ਮੁੱਦਾ ਉਹ ਘਮੰਡ ਸੀ ਜੋ ਉਸ ਨੂੰ **ਮਸੀਹ ਯਿਸੂ ਸਾਡੇ ਪ੍ਰਭੂ ਵਿੱਚ** ਉਨ੍ਹਾਂ ਦੇ ਵਿੱਚ ਸੀ। ਰਸੂਲ ਨੇ ਉਸ ਸੱਚਾਈ ਨੂੰ ਪਰਗਟ ਕੀਤਾ ਜੋ ਉਸ ਨੇ

ਸੌਂਹ ਦੀ ਮਦਦ ਲੈਣ ਦੁਆਰਾ ਕਹੀ ਕਿ ਉਸ ਦੇ ਪਰਚਾਰ ਦੇ ਰਾਹੀਂ ਉਹ ਮਸੀਹ ਦੇ ਵਿੱਚ ਸਾਂਝੀ ਸਨ। ਇਹ ਅਭਮਾਨ ਦੁਆਰਾ ਸਪੱਸ਼ਟ ਕੀਤਾ ਗਿਆ ਅਤੇ ਉਨ੍ਹਾਂ ਦੇ ਮਸੀਹ ਵਿੱਚ ਹੋਣ ਦੁਆਰਾ ਸੰਭਵ ਬਣਾਇਆ ਗਿਆ ਸੀ।

**ਆਇਤ 32.** ਜੀ ਉੱਠਣ ਅਤੇ ਇਸ ਦੇ ਨਾਲ ਜੁੜੀ ਸਦੀਪਕ ਜੀਵਨ ਦੀ ਆਸ ਨੂੰ ਇੱਕ ਪਾਸੇ ਰੱਖਦੇ ਹੋਏ, ਪੌਲੁਸ ਨੇ ਇਹ ਸਵੀਕਾਰ ਕੀਤਾ ਸੀ ਕਿ ਉਹ ਇਸ ਗੱਲ ਤੋਂ ਜਾਣੂ ਸੀ ਕਿ ਕੁਝ ਲੋਕ ਉਸ ਦੇ ਜੀਵਨ ਨੂੰ ਜੋਖਿਮ ਵਿੱਚ ਪਾਉਣ ਦੀ ਇੱਛਾ ਵਿੱਚ ਵੀ ਗੁਪਤ ਉਦੇਸ਼ਾਂ ਨੂੰ ਵੇਖਣਗੇ। ਕੁਝ ਲੋਕ ਕਹਿਣਗੇ ਕਿ ਰਸੂਲ ਨੇ **ਆਦਮੀ ਵਾਂਙੁ** (κατὰ ἄνθρωπον, *ਕਾਟਾ ਐਨਥਰੋਪੋਨ*; 15:32) ਕੰਮ ਕੀਤਾ ਸੀ, ਅਰਥਾਤ, ਉਸ ਪ੍ਰਤਿਸ਼ਠਾ ਅਤੇ ਇੱਛਾਵਾਂ ਦੇ ਲਈ ਜੋ ਉਸ ਦੀਆਂ ਮਸੀਹੀ ਸਮਾਜ ਵਿੱਚ ਇੱਕ ਆਗੂ ਦੇ ਤੌਰ ਤੇ ਸਨ। ਰਸੂਲ ਨੇ ਇਸ ਗੱਲ ਦਾ ਇਨਕਾਰ ਕੀਤਾ ਕਿ "ਮਨੁੱਖੀ ਉਦੇਸ਼" ਹੀ ਉਸ ਦੇ ਲਈ ਜ਼ਿੰਮੇਵਾਰ ਸਨ ਜੋ ਉਸ ਨੇ ਸਹਿਣ ਕੀਤਾ ਸੀ। ਕੁਰਿੰਥੁਸ ਵਿੱਚ ਉਸ ਦਾ ਜੀਵਨ ਖ਼ਤਰੇ ਵਿੱਚ ਸੀ (ਰਸੂਲਾਂ ਦੇ ਕਰਤੱਬ 18:12); ਹੁਣ, ਦੋ ਸੌ ਮੀਲ ਦੂਰ ਜਾਂ ਏਜ਼ੀਅਨ ਸਮੁੰਦਰ ਤੋਂ ਇੰਨੀ ਦੂਰ ਪਾਰ ਵੀ, ਇਹ ਖ਼ਤਰਾ ਟਲਿਆ ਨਹੀਂ ਸੀ। ਪਹਿਲਾਂ ਤੋਂ ਹੀ ਉਹ ਕਹਿ ਸਕਦਾ ਸੀ, **ਮੈਂ ਅਫ਼ਸੁਸ ਵਿੱਚ ਦਰਿੰਦਿਆਂ ਨਾਲ ਲੜਿਆ**।

ਉਹ ਲੇਖਕ ਜਿਨ੍ਹਾਂ ਦੀ ਸਤੋਇਕੀ ਮਾਨਸਿਕਤਾ ਸੀ, ਆਮ ਤੌਰ ਤੇ "ਦਰਿੰਦਿਆਂ ਨਾਲ ਲੜਨ" ਦੇ ਮੁਸ਼ਕਲ ਜਾਂ ਖ਼ਤਰਨਾਕ ਅਨੁਭਵ ਦੀ ਗੱਲ ਕਰਨ ਦੇ ਆਦੀ ਸਨ।[26] ਇਹ ਅਸੰਭਵ ਹੈ ਕਿ ਪੌਲੁਸ ਦਾ ਅਰਥ ਇਹ ਸੀ ਕਿ ਉਸ ਨੂੰ ਦਰਿੰਦਿਆਂ ਦੇ ਨਾਲ ਲੜਨ ਦੇ ਲਈ ਸੱਚਮੁੱਚ ਅਖਾੜੇ ਵਿੱਚ ਲਿਜਾਇਆ ਗਿਆ ਸੀ, ਹਾਲਾਂਕਿ ਕੁਝ ਲੋਕਾਂ ਨੇ ਇਹ ਸਮਝਿਆ ਹੈ ਕਿ ਉਸ ਦੇ ਕਹਿਣ ਦਾ ਅਰਥ ਇਹੀ ਸੀ। ਸ਼ਾਇਦ ਉਸ ਨੇ ਅਜਿਹੀ ਅਗਨੀ ਪਰੀਖਿਆ ਵਿੱਚੋਂ ਨਹੀਂ ਸੀ ਬਚਣਾ; ਕੁਝ ਲੋਕ ਬਚ ਗਏ ਸਨ। ਪੌਲੁਸ ਨੇ ਅਫ਼ਸੁਸ ਵਿੱਚ ਕਠਿਨ ਅਜਮਾਇਸ਼ਾਂ ਦਾ ਸਾਹਮਣਾ ਕੀਤਾ ਸੀ, ਹਾਲਾਂਕਿ ਇਹ ਅਜਮਾਇਸ਼ਾਂ ਕੀ ਸਨ ਇਸ ਦੇ ਬਾਰੇ ਉਸ ਨੇ ਕੋਈ ਵੇਰਵਾ ਨਹੀਂ ਦਿੱਤਾ। ਉਸ ਨੇ ਅਫ਼ਸੁਸ ਵਿੱਚ ਤਿੰਨ ਵਰਹੇ ਬਿਤਾਏ ਸਨ (ਵੇਖੋ ਰਸੂਲਾਂ ਦੇ ਕਰਤੱਬ 20:31), ਪਰ ਇਹ ਸਪੱਸ਼ਟ ਨਹੀਂ ਹੈ ਕਿ ਉਹ 1 ਕੁਰਿੰਥੀਆਂ ਲਿਖਣ ਤੋਂ ਪਹਿਲਾਂ ਉੱਥੇ ਕਿੰਨੀ ਦੇਰ ਰਿਹਾ ਸੀ। ਉਹ ਨਿਸ਼ਚਤ ਤੌਰ ਤੇ ਉਸ ਦੰਗੇ ਦਾ ਹਵਾਲਾ ਨਹੀਂ ਸੀ ਦੇ ਰਿਹਾ ਜੋ ਉਨ੍ਹਾਂ ਲੋਕਾਂ ਦੁਆਰਾ ਕੀਤਾ ਗਿਆ ਸੀ ਜਿਹੜੇ ਧਾਤੂ ਦਾ ਕੰਮ ਕਰਦੇ ਸਨ, ਕਿਉਂਕਿ ਉਹੀ ਮੌਕਾ ਸੀ ਜਦੋਂ ਉਹ ਸ਼ਹਿਰ ਨੂੰ ਛੱਡ ਕੇ ਗਿਆ (ਰਸੂਲਾਂ ਦੇ ਕਰਤੱਬ 19:24, 25; 20:1; ਵੇਖੋ 2 ਤਿਮੋਥਿਉਸ 4:14)।

ਪੌਲੁਸ ਦੀਆਂ ਅਜਮਾਇਸ਼ਾਂ ਇਸ ਗੱਲ ਦੀ ਸਾਖੀ ਦਿੰਦੀਆਂ ਸਨ ਕਿ ਜੇਕਰ ਮੁਰਦਿਆਂ ਦਾ ਜੀ ਉੱਠਣਾ ਨਹੀਂ ਸੀ ਤਾਂ ਆਪਣੇ ਆਪ ਨੂੰ ਅਜਿਹੀਆਂ ਕਠਿਨ ਅਜਮਾਇਸ਼ਾਂ ਵਿੱਚ ਪਾਉਣ ਦਾ ਕੋਈ ਕਾਰਣ ਹੀ ਨਹੀਂ ਸੀ। ਆਉਣ ਵਾਲੇ ਜੀਵਨ ਦੀ ਆਸ ਤੋਂ ਬਿਨਾਂ, ਅਜਿਹੇ ਕਸ਼ਟਾਂ ਨੂੰ ਸਹਿਣ ਦਾ ਕੋਈ ਲਾਭ ਨਹੀਂ ਸੀ। ਬਜਾਇ ਇਸ ਦੇ, ਉੱਤਮ ਕਿਰਿਆ ਵਿਧੀ ਸੁਖਵਾਦੀਆਂ[27] ਦੇ ਵਰਗੀ ਹੋਵੇਗੀ: "ਆਓ ਅਸੀਂ ਖਾਈਏ ਪੀਵੀਏ ਕਿਉਂ ਜੋ ਭਲਕੇ ਮਰਨਾ ਹੈ" (ਯਸਾਯਾਹ 22:13d)। ਇਸ ਗੱਲ ਦੀ ਘਾਤਕਤਾ ਯੂਨਾਨੀ-ਰੋਮੀ ਸੰਸਾਰ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਲੋਕਾਂ ਦੀ ਮਾਨਸਿਕਤਾ ਵਿੱਚ ਗਹਿਰਾਈ ਨਾਲ ਸਮਾ ਚੁੱਕੀ ਸੀ। ਭਾਵ ਇਹ ਹੈ "ਜੇਕਰ ਤੁਸੀਂ ਮੁਰਦਿਆਂ ਦੇ ਜੀ ਉੱਠਣ ਵਿੱਚ ਵਿਸ਼ਵਾਸ ਨਹੀਂ ਕਰਦੇ, ਤਾਂ ਆਪਣੇ ਵਿਚਾਰ ਨੂੰ ਇਸ ਦੇ ਤਰਕਪੂਰਣ ਸਿੱਟੇ ਤੱਕ ਲਿਜਾਣ ਲਈ ਦਲੇਰ ਬਣੋ। ਫਿਲਹਾਲ ਜੋ ਕੋਈ

ਵੀ ਵਿਅਰਥ ਖੁਸ਼ੀਆਂ ਤੁਹਾਨੂੰ ਮਿਲ ਸਕਦੀਆਂ ਹਨ ਉਨ੍ਹਾਂ ਦਾ ਅਨੰਦ ਮਾਣੋ ਕਿਉਂਕਿ ਭਵਿੱਖ ਵਿੱਚ ਤੁਹਾਡੇ ਲਈ ਸਿਰਫ ਮੌਤ ਹੈ।" ਕਾਰਪੇ ਡੀਏਮ ("ਦਿਨ ਨੂੰ ਫੜੋ") ਵਰਗੇ ਵਾਕ ਇਸੇ ਫਿਲਾਸਫੀ ਵਿੱਚ ਬੈਠ ਗਏ ਹਨ। ਜੇਕਰ ਸਿਰਫ ਮੌਤ ਅਤੇ ਕਬਰ ਹੀ ਭਵਿੱਖ ਜਿਸ ਦੀ ਕੋਈ ਵੀ ਉਮੀਦ ਕਰ ਸਕਦਾ ਹੈ, ਤਾਂ ਉਹ ਪਲ ਹੀ ਮਾਇਨੇ ਰੱਖਦਾ ਹੈ।

**ਆਇਤ 33.** ਜਿਹੜੇ ਯੁੱਗ ਦੇ ਅੰਤ ਵਿੱਚ ਵਿਸ਼ਵਾਸੀਆਂ ਦੇ ਸਰੀਰਕ ਰੂਪ ਵਿੱਚ ਜੀ ਉੱਠਣ ਦਾ ਇਨਕਾਰ ਕਰਦੇ ਸਨ ਉਨ੍ਹਾਂ ਤੇ ਬੁਰਾਈ ਦੇ ਪ੍ਰਭਾਵ ਸਨ ਜਿਨ੍ਹਾਂ ਤੋਂ ਪੌਲੁਸ ਚਾਹੁੰਦਾ ਸੀ ਕਿ ਉਸ ਦੇ ਪਾਠਕ ਬਚ ਕੇ ਰਹਿਣ। ਪਰਤੱਖ ਰੂਪ ਵਿੱਚ, ਕੁਰਿੰਥੁਸ ਦੇ ਕੁਝ ਲੋਕਾਂ ਨੇ ਸਰੀਰਕ ਜੀ ਉੱਠਣ ਨੂੰ ਐਵੇਂ ਹੀ ਖਾਰਿਜ ਕਰ ਦਿੱਤਾ ਸੀ। ਉਨ੍ਹਾਂ ਸਟੀਕ ਕਸ਼ਟਾਂ ਨੂੰ ਬਦਲਣਾ ਮੁਸ਼ਕਲ ਹੈ ਜਿਨ੍ਹਾਂ ਦਾ ਪੌਲੁਸ ਨੇ ਕੁਰਿੰਥੁਸ ਵਿੱਚ ਸਾਹਮਣਾ ਕੀਤਾ ਸੀ। ਆਧੁਨਿਕ ਪਾਠਕਾਂ ਨੂੰ ਕਿਆਸ ਲਗਾਉਣ ਦੇ ਲਈ ਛੱਡ ਦਿੱਤਾ ਗਿਆ ਹੈ, ਪਰ ਕੁਰਿੰਥੁਸ ਦੇ ਕੁਝ ਵਿਸ਼ਵਾਸੀਆਂ ਨੇ ਦਾਅਵਾ ਕੀਤਾ ਹੋਵੇਗਾ ਕਿ ਉਨ੍ਹਾਂ ਨੇ ਜੀ ਉੱਠਣ ਨੂੰ ਪਹਿਲਾਂ ਤੋਂ ਹੀ ਸਮਝ ਲਿਆ ਸੀ। ਕਿਸੇ ਗਲਤਫਹਿਮੀ ਅਤੇ ਜਾਣਬੁੱਝ ਕੇ ਕੀਤੀ ਗਈ ਤੋੜ-ਮਰੋੜ ਦੇ ਸੁਮੇਲ ਦੁਆਰਾ, ਉਨ੍ਹਾਂ ਨੇ ਦਾਅਵਾ ਕੀਤਾ ਹੋਵੇਗਾ ਕਿ ਪੌਲੁਸ ਨੇ ਬਪਤਿਸਮਾ ਪਾਉਣ ਦੇ ਬਾਰੇ ਸਿੱਖਿਆ ਦਿੱਤੀ ਸੀ ਜਿਸ ਦਾ ਨਤੀਜਾ ਜੀ ਉੱਠਣ ਵਿੱਚ ਇੱਕ ਨਵੇਂ ਜੀਵਨ ਦੇ ਵੱਲ ਜਾਣਾ ਸੀ (ਵੇਖੋ ਰੋਮੀਆਂ 6:4)। ਕਿਉਂਕਿ ਆਪਣੇ ਆਪ ਵਿੱਚ ਉਨ੍ਹਾਂ ਦਾ ਮੰਨਣਾ ਸੀ ਕਿ ਉਹ ਪਹਿਲਾਂ ਤੋਂ ਹੀ ਜੀ ਉੱਠੇ ਸਨ ਅਤੇ ਮਸੀਹ ਦੇ ਨਾਲ ਬੈਠੇ ਹੋਏ ਹਨ, ਉਨ੍ਹਾਂ ਨੂੰ ਹਰਾਮਕਾਰੀ ਜਾਂ ਪਾਪ ਦਾ ਕੋਈ ਡਰ ਨਹੀਂ ਸੀ। ਪੌਲੁਸ ਨੇ ਇੱਕ ਮਹੱਤਵਪੂਰਣ ਸਿਧਾਂਤ ਨੂੰ ਦੁਹਰਾਉਣ ਦੇ ਦੁਆਰਾ ਇਸ ਵਿਚਾਰ ਦਾ ਖੰਡਣ ਕੀਤਾ ਸੀ; ਉਸ ਨੇ ਇਹ ਸਪੱਸ਼ਟ ਕੀਤਾ ਸੀ ਕਿ ਇਕਰਾਰ ਜੋ ਮਸੀਹੀ ਲੋਕ ਕਰਦੇ ਹਨ ਉਸ ਨੂੰ ਉਸ ਨੈਤਿਕਤਾ ਤੋਂ ਅਲੱਗ ਨਹੀਂ ਸੀ ਕੀਤਾ ਜਾ ਸਕਦਾ ਜਿਸ ਦਾ ਉਹ ਪਾਲਣ ਕਰਦੇ ਹਨ।

ਇਹ ਕਹਾਵਤ ਕਿ "**ਬੁਰੀਆਂ ਸੰਗਤਾਂ ਚੰਗਿਆਂ ਚਲਣਾਂ ਨੂੰ ਵਿਗਾੜ ਦਿੰਦੀਆਂ ਹਨ**" ਪ੍ਰਾਚੀਨ ਦੁਨਿਆਵੀ ਸਾਹਿਤ ਵਿੱਚ ਕਈ ਥਾਵਾਂ ਤੋਂ ਆਧੁਨਿਕ ਯੁੱਗ ਵਿੱਚ ਆਈ ਹੈ। ਸ਼ਬਦ ਜਿਨ੍ਹਾਂ ਦਾ ਪੌਲੁਸ ਨੇ ਇੱਥੇ ਹਵਾਲਾ ਦਿੱਤਾ ਸੀ ਆਮ ਤੌਰ ਤੇ ਉਨ੍ਹਾਂ ਦੀ ਸੋਭਾ ਅਥੇਨੈ ਦੇ ਮੀਨਾਨਡਰ (c. 300 ਈ. ਵੀ.) ਨੂੰ ਦਿੱਤੀ ਗਈ ਸੀ। ਵਿਚਾਰ ਅਧੀਨ "ਬੁਰੀ ਸੰਗਤ" (ὁμιλίαι κακαί, *ਹੋਮਿਲੀਈਆਈ ਕਕਾਈ*) ਉਸ ਸੰਗਤ ਨਾਲ ਜੋ ਇੱਕ ਵਿਅਕਤੀ ਰੱਖਦਾ ਹੈ ਅਤੇ ਆਗਾਮੀ ਮੱਤਾਂ ਨਾਲ ਸੰਬੰਧਤ ਹੈ ਜਿਨ੍ਹਾਂ ਨੂੰ ਇੱਕ ਵਿਅਕਤੀ ਸਵੀਕਾਰ ਕਰਦਾ ਹੈ। KJV ਬਾਈਬਲ ਦੇ ਅਨੁਵਾਦ "ਬੁਰੀਆਂ ਗੱਲਾਂ ਬਾਤਾਂ ਚੰਗੇ ਤੌਰ ਤਰੀਕਿਆਂ ਨੂੰ ਵਿਗਾੜ ਦਿੰਦੀਆਂ ਹਨ" ਵਿੱਚ ਇਸ ਦੇ ਨਾਲ ਇੱਕ ਸੱਚਾਈ ਦੀ ਅੰਗੂਠੀ ਹੈ; ਪਰ ਰਸੂਲ ਦਾ ਵਿਸ਼ਾ ਬੋਲੇ ਗਏ ਸ਼ਬਦਾਂ ਨਾਲੋਂ ਜ਼ਿਆਦਾ ਸੰਯੁਕਤ ਹੈ। "ਚੰਗਿਆਂ" ਵਿਸ਼ੇਸ਼ਣ χρηστός (*ਚਰੇਸਟੋਸ*) ਦਾ ਅਨੁਵਾਦ ਕਰਦਾ ਹੈ, ਜਿਹੜਾ "ਨੈਤਿਕ ਸਿਧਾਂਤਾਂ" ਨੂੰ ਬਦਲਾਅ ਲਿਆਉਂਦਾ ਹੈ। ਇਸ ਸ਼ਬਦ ਦਾ ਆਮ ਤੌਰ ਤੇ ਅਰਥ ਹੈ "ਉਪਯੋਗੀ," ਪਰ ਇਸ ਸੰਦਰਭ ਵਿੱਚ ਇਸ ਦਾ ਅਰਥ ਹੈ "*ਨੈਤਿਕ ਤੌਰ ਤੇ ਚੰਗੇ ਅਤੇ ਭਲਾ ਕਰਨ ਵਾਲੇ ਬਣਨਾ* ।"[28] ਬੁਰਾਈ ਦੇ ਨਾਲ ਜੁੜਨਾ ਅਤੇ ਇਸ ਦੀ ਪ੍ਰਵਾਨਗੀ ਦੇਣਾ – ਭਾਵੇਂ ਇਹ ਮੌਖਿਕ ਹੀ ਹੋਵੇ, ਪੌਲੁਸ ਦਾ ਅਰਥ ਸੀ – ਬੁਰਾਈ ਵਿੱਚ ਸ਼ਰੀਕ ਹੋਣਾ ਹੈ। ਇਹ ਸ਼ਬਦ ਨਿਸ਼ਚਤ ਰੂਪ ਵਿੱਚ ਵਿਅਕਤੀ ਦੇ ਜੀਵਨ ਦੇ ਫਲਾਂ ਵਿੱਚ ਰਸ ਜਾਂਦੇ ਹਨ। ਇਹ ਅਰਥ "ਨੈਤਿਕਤਾ ਦੀ ਇਸਰਾਏਲੀ ਅਤੇ ਯੂਨਾਨੀ ਆਦਰਸ਼ ਦੇ ਸਮਾਜਿਕ-ਰਾਜਨੀਤਿਕ ਢਾਂਚੇ ਅੰਦਰ ਉਪਯੋਗਤਾ

ਦੇ ਪ੍ਰਦਰਸ਼ਣ ਦੇ ਰੂਪ ਵਿੱਚ ਦਿੱਤਾ ਗਿਆ ਹੈ।"[29]

**ਆਇਤ 34.** ਪੌਲੁਸ ਨੇ ਕੁਰਿੰਥੁਸ ਦੇ ਲੋਕਾਂ ਨੂੰ ਜਦੋਂ ਪ੍ਰਭੂ ਵਾਪਸ ਆਵੇਗਾ ਤਾਂ ਸਰੀਰਕ ਰੂਪ ਵਿੱਚ ਜੀ ਉੱਠਣ ਨੂੰ ਠੁਕਰਾਉਣ ਦੀ ਉਨ੍ਹਾਂ ਦੀ ਮੂਰਖਤਾ ਨੂੰ ਛੱਡਣ ਦੀ ਅਪੀਲ ਕੀਤੀ ਸੀ। ਉਸ ਨੇ ਲਿਖਿਆ, **ਤੁਸੀਂ ਧਰਮ ਲਈ ਸੁਰਤ ਸਮ੍ਹਾਲੋ ਅਤੇ ਪਾਪ ਨਾ ਕਰੋ**। ਯੂਨਾਨੀ ਵਰਤਮਾਨ ਵਾਕ ਇਹ ਸੁਝਾਅ ਦਿੰਦਾ ਹੈ ਕਿ ਜਦੋਂ ਤੱਕ ਉਹ ਝੂਠੀ ਡਾਕਟ੍ਰਿਨ ਨੂੰ ਸਹਿੰਦੇ ਰਹੇ, ਮਸੀਹ ਨਾਲ ਉਨ੍ਹਾਂ ਦਾ ਰਿਸ਼ਤਾ ਖ਼ਤਰੇ ਵਿੱਚ ਸੀ। ਪਾਪ ਚੋਰੀ ਕਰਨ ਜਾਂ ਝੂਠ ਮਾਰਨ ਵਰਗੇ ਅਪਰਾਧਾਂ ਤੱਕ ਹੀ ਸੀਮਤ ਨਹੀਂ ਹੈ। ਮੱਤ ਪਾਪ ਭਰੇ ਹੋ ਸਕਦੇ ਹਨ, ਜਿਵੇਂ ਕਿ ਉਨ੍ਹਾਂ ਮੱਤਾਂ ਦਾ ਸਵੀਕਾਰ ਕਰਨਾ ਹੈ ਜਿਹੜੇ ਮੂਲ ਡਾਕਟ੍ਰਿਨਾਂ ਦਾ ਇਨਕਾਰ ਕਰਦੇ ਹਨ। ਕੁਰਿੰਥੁਸ ਦੇ ਲੋਕਾਂ ਦੇ ਲਈ ਸ਼ਰਮਿੰਦਗੀ ਦੀ ਗੱਲ ਇਹ ਸੀ ਕਿ ਉਨ੍ਹਾਂ ਨੇ ਉਨ੍ਹਾਂ ਸਿੱਖਿਆਵਾਂ ਨਾਲ ਮਿਲਾਪ ਅਤੇ ਸਮਝੌਤਾ ਕੀਤਾ ਸੀ ਜੋ ਪਰਮੇਸ਼ੁਰ ਦੇ ਗਿਆਨ ਦੀ ਕਮੀ ਨੂੰ ਪਰਗਟ ਕਰਦੀਆਂ ਸਨ। ਪੌਲੁਸ ਆਪਣੇ ਪਾਠਕਾਂ ਦੇ ਫਾਇਦੇ ਦੇ ਲਈ ਉਨ੍ਹਾਂ ਦੀ ਮਿੰਨਤ ਕਰਨ ਨੂੰ ਵੀ ਤਿਆਰ ਸੀ। ਉਸੇ ਤਰ੍ਹਾਂ, ਉਸ ਨੇ ਧੰਨਵਾਦ ਵੀ ਦਿੱਤਾ ਜਦੋਂ ਉਨ੍ਹਾਂ ਨੇ ਤਾਰੀਫਯੋਗ ਗੱਲਾਂ ਕੀਤੀਆਂ ਅਤੇ ਉਨ੍ਹਾਂ ਨੂੰ ਨਾਪਸੰਦ ਵੀ ਕੀਤਾ ਜਦੋਂ ਕੁਝ ਅਜਿਹੇ ਹਾਲਾਤ ਪੈਦਾ ਹੋਏ। ਉਸ ਦਾ ਉਦੇਸ਼ ਪ੍ਰਸਿੱਧ ਹੋਣਾ ਨਹੀਂ ਸੀ, ਪਰ ਇਨ੍ਹਾਂ ਭਰਾਵਾਂ ਨੂੰ ਧਰਮੀ ਬਣਨ ਵੱਲ ਲੈ ਕੇ ਜਾਣਾ ਸੀ।

## ਵੱਖ-ਵੱਖ ਤਰ੍ਹਾਂ ਦੀਆਂ ਦੇਹੀਆਂ (15:35-41)

**35ਪਰ ਕੋਈ ਆਖੇਗਾ ਭਈ "ਮੁਰਦੇ ਕਿੱਕੁਰ ਜੀ ਉੱਠਦੇ ਅਤੇ ਕਿਹੋ ਜਿਹੀ ਦੇਹੀ ਨਾਲ ਆਉਂਦੇ ਹਨ?" 36ਨਦਾਨ, ਜੋ ਕੁਝ ਤੂੰ ਬੀਜਦਾ ਹੈਂ ਜੇਕਰ ਉਹ ਨਾ ਮਰੇ ਤਾਂ ਜੰਮੇਗਾ ਨਹੀਂ। 37ਅਤੇ ਜਿਹੜਾ ਤੂੰ ਬੀਜਦਾ ਹੈਂ ਤੂੰ ਉਹ ਰੂਪ ਨਹੀਂ ਬੀਜਦਾ ਜੋ ਹੋਵੇਗਾ ਪਰ ਨਿਰਾ ਇੱਕ ਦਾਣਾ ਭਾਵੇਂ ਕਣਕ ਦਾ ਭਾਵੇਂ ਹੋਰ ਕਾਸੇ ਦਾ। 38ਪਰੰਤੂ ਪਰਮੇਸ਼ੁਰ ਜਿਵੇਂ ਉਹ ਨੂੰ ਭਾਇਆ ਉਹ ਉਸ ਨੂੰ ਰੂਪ ਦਿੰਦਾ ਹੈ ਅਤੇ ਹਰ ਪਰਕਾਰ ਦੇ ਬੀ ਨੂੰ ਆਪੋ ਆਪਣਾ ਰੂਪ। 39ਸੱਭੋ ਮਾਸ ਇੱਕੋ ਜਿਹਾ ਮਾਸ ਨਹੀਂ ਸਗੋਂ ਮਨੁੱਖਾਂ ਦਾ ਹੋਰ ਅਤੇ ਪਸੂਆਂ ਦਾ ਮਾਸ ਹੋਰ ਅਤੇ ਪੰਛੀਆਂ ਦਾ ਮਾਸ ਹੋਰ ਅਤੇ ਮੱਛੀਆਂ ਦਾ ਹੋਰ। 40ਸੁਰਗੀ ਸਰੀਰ ਭੀ ਹਨ ਅਤੇ ਜਮੀਨੀ ਸਰੀਰ ਭੀ ਹਨ ਪਰ ਸੁਰਗੀਆਂ ਦਾ ਪਰਤਾਪ ਹੋਰ ਹੈ ਅਤੇ ਜਮੀਨੀਆਂ ਦਾ ਹੋਰ ਹੈ। 41ਸੂਰਜ ਦਾ ਪਰਤਾਪ ਹੋਰ ਹੈ ਅਤੇ ਚੰਦਰਮਾ ਦਾ ਪਰਤਾਪ ਹੋਰ ਅਰ ਤਾਰਿਆਂ ਦਾ ਪਰਤਾਪ ਹੋਰ ਕਿਉਂ ਜੋ ਪਰਤਾਪ ਕਰਕੇ ਇੱਕ ਤਾਰਾ ਦੂਏ ਤਾਰੇ ਤੋਂ ਭਿੰਨ ਹੈ।**

**ਆਇਤ 35.** ਕੁਝ ਲੋਕਾਂ ਨੇ ਜੀ ਉੱਠਣ ਦੇ ਬਾਰੇ ਆਪਣੇ ਇਨਕਾਰ ਨੂੰ ਤਰਕਪੂਰਣ ਸ਼ਬਦਾਂ ਵਿੱਚ ਵਿਆਖਿਆ ਕਰਨ ਦੇ ਲਈ ਉਨ੍ਹਾਂ ਦੇ ਵਿਰੋਧੀਆਂ ਦੀ ਅਯੋਗਤਾ ਤੇ ਅਧਾਰਿਤ ਕੀਤਾ ਸੀ। ਕੋਈ ਵੀ ਸਰੀਰਕ ਦੇਹ ਨੂੰ ਸੜਦਿਆਂ ਜਾਂ ਗਲਦਿਆਂ ਵੇਖ ਸਕਦਾ ਸੀ। ਫਿਰ ਉਹ ਸਰੀਰ ਕਿਵੇਂ ਜ਼ਿੰਦਾ ਹੋ ਸਕਦਾ ਸੀ? ਗਾਰਲੈਂਡ ਦੀ ਗੱਲ ਅੱਧੀ ਸਹੀ ਹੈ:

> ਕੁਰਿੰਥੁਸ ਦੇ ਲੋਕਾਂ ਦੇ ਯੂਨਾਨੀ ਸੰਸਾਰ ਦੇ ਨਜ਼ਰੀਏ ਨੂੰ ਵੇਖਦੇ ਹੋਏ, ਉਨ੍ਹਾਂ ਦੀ ਗਲਤੀ ਦਾ ਆਧਾਰ ਕੋਈ ਜਾਣਬੁੱਝ ਕੇ ਕੀਤੇ ਜਾਣ ਵਾਲੇ ਵਿਦਰੋਹ ਵਿੱਚ ਨਹੀਂ ਸੀ ਪਰ ਖਰੀ ਉਲਝਣ ਵਿੱਚ ਸੀ। ਉਹ ਇਹ ਸਮਝਣ ਵਿੱਚ ਅਸਫ਼ਲ ਹੋਏ ਕਿ ਜ਼ਮੀਨੀ ਸਰੀਰ ਜਿਹੜਾ ਕਿ ਸਰੀਰਕ ਅਤੇ ਨਾਸਵਾਨ ਹੈ ਉਸ ਨੂੰ ਸੁਰਗੀ ਖੇਤਰ ਦੇ ਲਈ ਜਿਹੜਾ ਕਿ ਆਤਮਿਕ ਅਤੇ ਅਵਿਨਾਸੀ ਹੈ ਕਿਵੇਂ ਢੁਕਵਾਂ ਬਣਾਇਆ ਜਾ ਸਕਦਾ ਹੈ।[30]

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਉਲਝਣ ਇੱਕ ਪਹਿਲੂ ਸੀ; ਪਰ 15:34 ਵਿੱਚ ਪੌਲੁਸ ਦਾ ਇਹ ਮੰਗ ਕਰਨਾ ਕਿ "ਪਾਪ ਨਾ ਕਰੋ" ਇਹ ਇਸ਼ਾਰਾ ਕਰਦਾ ਹੈ ਕਿ ਉਸ ਵਿੱਚ ਉਲਝਣ ਨਾਲੋਂ ਵੀ ਵੱਖ ਕੇ ਕੁਝ ਸ਼ਾਮਲ ਸੀ।

ਪੌਲੁਸ ਨੇ ਕੁਰਿੰਥੁਸ ਦੇ ਲੋਕਾਂ ਨੂੰ ਮਨਾਉਣ ਦੇ ਲਈ ਇੱਕ ਰੂਪ ਜੰਤਰ ਦੀ ਵਰਤੋਂ ਕੀਤੀ ਸੀ ਜਿਸ ਨੂੰ "ਨਿੰਦਾ" ਦੇ ਤੌਰ ਤੇ ਜਾਣਿਆ ਜਾਂਦਾ ਸੀ। ਉਸ ਨੇ ਕਾਲਪਨਿਕ ਵਿਰੋਧੀ ਦੇ ਮੂੰਹ ਵਿੱਚ ਪ੍ਰਸ਼ੰਸਾ ਕਰਨ ਵਾਲੇ ਸ਼ਬਦ ਪਾਏ (ਵੇਖੋ ਰੋਮੀਆਂ 9:19; 11:19; ਯਾਕੂਬ 2:18) ਅਤੇ ਫਿਰ ਤਰਕਾਂ ਨਾਲ ਗੱਲਬਾਤ ਕੀਤੀ। ਉਸ ਦਾ ਉਦੇਸ਼ ਕੁਰਿੰਥੁਸ ਦੇ ਲੋਕਾਂ ਨੂੰ ਇਹ ਮਨਾਉਣਾ ਸੀ ਕਿ ਪਰਮੇਸ਼ੁਰ ਆਪਣੇ ਲੋਕਾਂ ਨੂੰ ਇੱਕ ਸੁਰਗੀ ਸਰੀਰ – ਉਹ ਸਰੀਰ ਜਿਸ ਦੇ ਵਿੱਚ ਸਦੀਪਕ ਜੀਵਨ ਨੂੰ ਆਤਮਿਕ ਖੇਤਰ ਵਿੱਚ ਪ੍ਰਾਪਤ ਕੀਤਾ ਜਾ ਸਕਦਾ ਹੈ – ਦੇ ਵਿੱਚ ਪੂਰੀ ਤਰ੍ਹਾਂ ਸਮਰੱਥ ਹੈ। ਜਦ ਕਿ ਅੱਗੇ ਆਉਣ ਵਾਲੇ ਸਵਾਲ ਅਸਲ ਵਿੱਚ ਕੁਰਿੰਥੁਸ ਵਿੱਚ ਕੁਝ ਲੋਕਾਂ ਦੁਆਰਾ ਉਠਾਏ ਗਏ ਹੋਣਗੇ, ਪੌਲੁਸ ਦੇ ਮਨ ਵਿੱਚ ਕੋਈ ਵਿਸ਼ੇਸ਼ ਵਿਅਕਤੀ ਨਹੀਂ ਸੀ। ਹੋ ਸਕਦਾ ਹੈ ਸੰਦੇਹਵਾਦੀ ਨੇ ਸਵਾਲ ਪੁੱਛਿਆ ਹੋਵੇ, "**ਮੁਰਦੇ ਕਿੱਕੁਰ ਜੀ ਉੱਠਦੇ ਅਤੇ ਕਿਹੋ ਜਿਹੀ ਦੇਹੀ ਨਾਲ ਆਉਂਦੇ ਹਨ**?" ਅਧਿਆਇ ਵਿੱਚ ਪਹਿਲੀ ਵਾਰ, ਪੌਲੁਸ ਨੇ "ਦੇਹੀ" ਸ਼ਬਦ ਦੀ ਵਰਤੋਂ ਕਰਨਾ ਚੁਣਿਆ ਸੀ। ਇਨ੍ਹਾਂ ਸਵਾਲਾਂ ਵਿੱਚ ਵਿਅਕਤ ਕੀਤਾ ਗਿਆ ਸੰਦੇਹ ਦਾ ਰੂਪ ਗਿਆਨ ਦੀ ਵਾਸਤਵਿਕਤਾ ਨਾਲੋਂ ਵੱਧ ਕੇ ਸੀ। ਉਹ ਸਵਾਲ ਉਠਾਏ ਗਏ ਸਨ, ਪੌਲੁਸ ਨੇ ਖੁਦ ਬਾਰੇ ਪਰਮੇਸ਼ੁਰ ਦੇ ਪਰਕਾਸ਼ ਦੇ ਛੋਟੇ ਜਿਹੇ ਵਿਚਾਰ ਨਾਲ ਜ਼ੋਰ ਦਿੱਤਾ; ਨਾ ਹੀ ਉਨ੍ਹਾਂ ਨੇ ਆਮ ਮਨੁੱਖੀ ਅਨੁਭਵ ਤੇ ਵਿਚਾਰ ਕੀਤਾ।

**ਆਇਤ 36.** ਕਠੋਰ, ਧਿਆਨ ਖਿੱਚਣ ਵਾਲੇ ਸ਼ਬਦ ਨਦਾਨਾ (ἄφρων, *ਅਫਰੋਨ*) ਨਾਲ, ਪੌਲੁਸ ਨੇ ਉਨ੍ਹਾਂ ਦਾ ਸਾਹਮਣਾ ਕੀਤਾ ਜਿਹੜੇ ਸੋਚਦੇ ਸਨ ਕਿ ਉਨ੍ਹਾਂ ਦੇ ਚਤੁਰਾਈ ਵਾਲੇ ਸਵਾਲ ਜੀ ਉੱਠਣ ਬਾਰੇ ਕਿਸੇ ਵੀ ਤਰ੍ਹਾਂ ਦੀ ਚਰਚਾ ਨੂੰ ਸ਼ਾਂਤ ਕਰ ਦੇਣਗੇ। REB ਬਾਈਬਲ ਦਾ ਅਨੁਵਾਦ ਉਸ ਦੇ ਜਵਾਬ ਦੇ ਪ੍ਰਭਾਵ ਨੂੰ ਫੜਦਾ ਹੈ: "ਇਹ ਸਵਾਲ ਕਿੰਨੀ ਮੂਰਖਤਾ ਵਾਲੇ ਹਨ!"

**ਆਇਤ 37.** ਪੌਲੁਸ ਨੇ ਦਾਅਵਾ ਕੀਤਾ ਸੀ ਕਿ ਇਹ ਸੰਦੇਹਵਾਦੀ ਕੁਦਰਤ ਦੁਆਰਾ ਦਿੱਤੀਆਂ ਉਦਾਹਰਣਾਂ ਨਾਲ ਆਪਣੇ ਇਰਦ-ਗਿਰਦ ਵੇਖਦੇ ਸਨ। **ਤੂੰ** ਸ਼ਬਦ ਜ਼ੋਰਦਾਰ ਹੈ। "ਤੂੰ ਵੀ," ਪੌਲੁਸ ਕਹਿ ਰਿਹਾ ਸੀ, "ਤੂੰ ਕਣਕ ਦਾ ਦਾਣਾ ਨਾ ਬੀਜ ਅਤੇ ਇਸ ਕਣਕ ਦੇ ਦਾਣੇ ਤੋਂ ਕਣਕ ਦਾ ਦਾਣਾ ਪੈਦਾ ਕਰਨ ਦੀ ਉਮੀਦ ਨਾ ਕਰਨਾ।" ਜਦੋਂ ਇੱਕ ਬੀਜ ਬੀਜਿਆ ਜਾਂਦਾ ਹੈ, ਇਸ ਦੇ ਸੜਨ ਲਈ ਇਸ ਦਾ ਮਰਨਾ ਜ਼ਰੂਰੀ ਹੈ; ਪਰ ਇਹ ਪ੍ਰਕਿਰਿਆ ਇੱਕ ਨਵਾਂ ਜੀਵਨ ਲੈ ਕੇ ਆਉਂਦੀ ਹੈ। ਮੌਤ ਵਿੱਚੋਂ ਹੀ ਜੀਵਨ ਨਿੱਕਲਦਾ ਹੈ। ਬੀਜ ਦੁਆਰਾ ਉੱਗਿਆ ਬੂਟਾ ਬੀਜ ਤੋਂ ਭਿੰਨ ਹੁੰਦਾ ਹੈ, ਫਿਰ ਵੀ ਬੀਜ ਅਤੇ ਪੌਦੇ ਵਿਚਕਾਰ ਨਿਰੰਤਰਤਾ ਹੁੰਦੀ ਹੈ। ਮਨੁੱਖ ਨੂੰ ਵੀ ਜੀਉਣ ਦੇ ਲਈ ਮਰਨਾ ਪਵੇਗਾ। ਸਰੀਰ ਮਰ ਜਾਵੇਗਾ, ਪਰ ਇਸ ਦੇ ਸੜਨ ਵਿੱਚ ਇੱਕ ਨਵੇਂ ਆਤਮਿਕ ਸਰੀਰ ਦੀ ਸੰਭਾਵਨਾ ਹੁੰਦੀ ਹੈ। ਸਰੀਰ ਦੇ ਮਰਨ ਲਈ ਸਰੀਰਕ ਜੀਉਣ ਦੇ ਖਾਤਮੇ ਦੀ ਲੋੜ ਨਹੀਂ ਹੁੰਦੀ। ਉਨ੍ਹਾਂ ਲੋਕਾਂ ਦੁਆਰਾ ਉਠਾਏ ਗਏ ਸਵਾਲ ਜਿਨ੍ਹਾਂ ਨੇ ਸਰੀਰਕ ਰੂਪ ਵਿੱਚ ਸਦੀਪਕ ਜੀਵਨ ਦੀ ਧਾਰਣਾ ਨੂੰ ਠੁਕਰਾ ਦਿੱਤਾ ਸੀ ਭੌਤਿਕ ਸੰਸਾਰ ਵੱਲ ਜ਼ਿਆਦਾ ਧਿਆਨ ਨਹੀਂ ਸੀ ਦੇ ਰਹੇ।

ਯਿਸੂ ਨੇ ਫ਼ਰਕ ਦਰਸਾਉਣ ਦੇ ਲਈ ਪਰ ਉਸ ਨਾਲ ਸੰਬੰਧਤ ਗੱਲ ਦੱਸਣ ਦੇ ਲਈ ਇਹੋ ਜਿਹੀ ਸਿਧਾਂਤ ਦੀ ਹੀ ਵਰਤੋਂ ਕੀਤੀ ਸੀ, ਅਰਥਾਤ, ਮੌਤ ਵਿੱਚੋਂ ਜੀਵਨ ਦੇ ਨਿੱਕਲਣ

ਦੀ। ਉਸ ਸਮੇਂ ਜਦੋਂ ਪ੍ਰਭੂ ਮਰਨ ਵਾਲਾ ਸੀ, ਯੂਨਾਨੀ ਬੋਲਣ ਵਾਲੇ ਯਹੂਦੀ ਪਸਾਹ ਦੇ ਤਿਉਹਾਰ ਤੇ ਬੰਦਗੀ ਕਰਨ ਦੇ ਲਈ ਜਾ ਰਹੇ ਸਨ। ਉਹ ਯਿਸੂ ਨੂੰ ਮਿਲਣਾ ਚਾਹੁੰਦੇ ਸਨ। ਉਸ ਦੇ ਰਹੱਸਮਈ ਤਰੀਕੇ ਵਿੱਚ ਜਿਸ ਦਾ ਵਰਣਨ ਯੂਹੰਨਾ ਦੀ ਇੰਜੀਲ ਦੇ ਬਿਰਤਾਂਤ ਵਿੱਚ ਕੀਤਾ ਗਿਆ ਸੀ, ਯਿਸੂ ਨੇ ਇਨ੍ਹਾਂ ਉਤਸੁਕ ਮਨੁੱਖਾਂ ਨੂੰ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਬਦਲਣ ਦੀ ਬੇਨਤੀ ਕੀਤੀ ਸੀ। ਉਸ ਨੇ ਕਿਹਾ, "ਕਣਕ ਦਾ ਦਾਣਾ ਜੇ ਜ਼ਮੀਨ ਵਿੱਚ ਪੈ ਕੇ ਨਾ ਮਰੇ ਤਾਂ ਉਹ ਇਕੱਲਾ ਹੀ ਰਹਿੰਦਾ ਹੈ ਪਰ ਜੇ ਮਰੇ ਤਾਂ ਬਹੁਤ ਸਾਰਾ ਫਲ ਦਿੰਦਾ ਹੈ" (ਯੂਹੰਨਾ 12:24)।

ਇੱਕ ਬੀਜ ਦਾ ਨਾਸ ਹੋਣਾ ਜਾਂ ਮਰਨਾ ਉੱਗਣ ਵਾਲੇ ਸੁੰਦਰ ਪੌਦੇ ਦੇ ਲਈ ਇੱਕ ਰੁਕਾਵਟ ਨਹੀਂ ਹੈ। ਉਸੇ ਤਰ੍ਹਾਂ, ਮੌਤ ਅਤੇ ਸਰੀਰਕ ਦੇਹ ਦਾ ਗਲਨਾ ਜਾਂ ਸੜਨਾ ਜ਼ਰੂਰੀ ਨਹੀਂ ਹੈ ਕਿ ਉਸ ਅਦਭੁਤ ਦੇਹ ਦੇ ਲਈ ਇੱਕ ਰੁਕਾਵਟ ਪੇਸ਼ ਕਰਦਾ ਹੈ ਜੋ ਸਾਨੂੰ ਮਰਨ ਤੋਂ ਬਾਅਦ ਮਿਲਣ ਵਾਲੀ ਹੈ। ਉਹ ਪਰਮੇਸ਼ੁਰ ਜਿਹੜਾ ਕੁਦਰਤ ਵਿੱਚ ਉਨ੍ਹਾਂ ਘਟਨਾਵਾਂ ਨੂੰ ਹੋਣ ਦੇਣ ਵਿੱਚ ਸਮਰੱਥ ਹੈ ਜਿਨ੍ਹਾਂ ਦੀ ਕੋਈ ਵਿਆਖਿਆ ਨਹੀਂ ਕੀਤੀ ਜਾ ਸਕਦੀ ਤਾਂ ਉਹ ਜੀ ਉੱਠੇ ਸਰੀਰ ਦੇ ਬਾਰੇ ਆਪਣੇ ਵਾਅਦੇ ਨੂੰ ਵੀ ਪੂਰਾ ਕਰਨ ਵਿੱਚ ਸਮਰੱਥ ਹੈ। ਸਰੀਰਕ ਜੀਵਨ ਵਿੱਚ ਹੁੰਦੇ ਹੋਏ, ਸ਼ਾਇਦ ਹੀ ਲੋਕ ਇਹ ਸਮਝਣ ਦੀ ਉਮੀਦ ਕਰ ਸਕਦੇ ਹਨ ਕਿ ਦੁਨਿਆਵੀ ਸਰੀਰ ਕਿਵੇਂ ਉਨ੍ਹਾਂ ਸਰੀਰਾਂ ਵਿੱਚ ਬਦਲ ਜਾਣਗੇ ਜੋ ਆਉਣ ਵਾਲੇ ਯੁੱਗ ਦੇ ਲਈ ਢੁਕਵੇਂ ਹਨ। ਕਿਤੇ ਨਾ ਕਿਤੇ ਜਾ ਕੇ, ਨਿਹਚਾ ਕਰਨ ਵਾਲੇ ਮਰਦਾਂ ਅਤੇ ਔਰਤਾਂ ਨੂੰ ਇਹ ਵਿਸ਼ਵਾਸ ਕਰਨਾ ਹੀ ਚਾਹੀਦਾ ਹੈ ਕਿ ਪਰਮੇਸ਼ੁਰ ਉਨ੍ਹਾਂ ਦੀਆਂ ਦੇਹੀਆਂ ਨੂੰ ਉਸ ਤਰੀਕੇ ਨਾਲ ਬਦਲ ਦੇਵੇਗਾ ਜਿਵੇਂ ਉਹ **ਨਿਰਾ ਇੱਕ ਦਾਣਾ ਭਾਵੇਂ ਕਣਕ ਦਾ** ਬਦਲ ਦਿੰਦਾ ਹੈ, ਬਿਨਾਂ ਉਨ੍ਹਾਂ ਵਸੀਲਿਆਂ ਨੂੰ ਜਾਣੇ ਜਿਨ੍ਹਾਂ ਨੂੰ ਉਹ ਵਰਤਦਾ ਹੈ। ਮਨੁੱਖੀ ਨਿਰੀਖਕ ਇੱਕ ਮਟਰ ਅਤੇ ਇੱਕ ਪੱਥਰ ਦਾ ਬਿਨਾਂ ਉਨ੍ਹਾਂ ਸ੍ਰੋਤਾਂ ਨੂੰ ਸਮਝੇ ਜੋ ਰਚਨਹਾਰ ਦੁਆਰਾ ਵਰਤੇ ਗਏ ਸਨ ਨਿਰੀਖਣ ਕਰ ਸਕਦੇ ਹਨ ਕਿ ਕਿਵੇਂ ਇੱਕ ਮਟਰ ਫੁੱਲਾਂ ਵਾਲੇ ਬੂਟੇ ਵਿੱਚ ਤਬਦੀਲ ਹੋ ਜਾਂਦਾ ਹੈ ਜਦ ਕਿ ਪੱਥਰ ਬੇਜਾਨ ਇੱਕ ਥਾਂ ਤੇ ਹੀ ਪਿਆ ਰਹਿੰਦਾ ਹੈ। ਪੌਲੁਸ ਨੇ ਇਹ ਦਲੀਲ ਦਿੱਤੀ ਸੀ ਕਿ ਮਨੁੱਖੀ ਸਰੀਰ ਵਿੱਚ ਇੱਕ ਮਟਰ ਦੀ ਯੋਗਤਾ ਹੈ, ਨਾ ਕਿ ਬੇਜਾਨ ਪੱਥਰ ਵਿੱਚ।

**ਆਇਤ 38.** ਜਦੋਂ ਇੱਕ ਬੀਜ ਫੁੱਟਦਾ ਹੈ ਅਤੇ ਇੱਕ ਨਵੇਂ **ਸਰੀਰ** ਨੂੰ ਜੀਵਨ ਦਿੰਦਾ ਹੈ, ਤਾਂ ਇਸ ਦੇ ਪਿੱਛੇ ਪਰਮੇਸ਼ੁਰ ਕੰਮ ਕਰ ਰਿਹਾ ਹੁੰਦਾ ਹੈ। ਇਹ ਪਰਮੇਸ਼ੁਰ ਹੀ ਹੈ ਜਿਹੜਾ ਬੀਜ ਨੂੰ ਜੀਵਨ ਦਿੰਦਾ ਹੈ ਜੋ ਬੀਜ ਦੇ ਮਰਨ ਕਾਰਣ ਇਸ ਦੇ ਵਿੱਚੋਂ ਫੁੱਟਦਾ ਹੈ। ਪਰਮੇਸ਼ੁਰ ਹਰੇਕ ਬੀਜ ਨੂੰ ਇਸ ਦਾ ਆਪਣਾ-ਆਪਣਾ ਰੂਪ ਦਿੰਦਾ ਹੈ, ਅਰਥਾਤ, ਉਹ ਇਹ ਨਿਰਧਾਰਤ ਕਰਦਾ ਹੈ ਕਿ ਬੀਜ ਵਿੱਚੋਂ ਕਿਸ ਕਿਸਮ ਦਾ ਪੌਦਾ ਬਣੇਗਾ। ਪੌਲੁਸ ਨੇ ਨਿਸ਼ਚੇਪੂਰਵਕ ਕਿਹਾ ਕਿ ਜਦੋਂ ਮਸੀਹੀ ਲੋਕ ਜੀ ਉੱਠੇ ਸਰੀਰ ਦੇ ਸੁਭਾਅ ਤੇ ਵਿਚਾਰ ਕਰਦੇ ਹਨ, ਉਨ੍ਹਾਂ ਨੂੰ ਪਰਮੇਸ਼ੁਰ ਦੀ ਅਦਭੁਤ ਸ਼ਕਤੀ ਤੇ ਵੀ ਵਿਚਾਰ ਕਰਨ ਦੀ ਲੋੜ ਹੈ। ਪਰਮੇਸ਼ੁਰ ਉਨ੍ਹਾਂ ਦੇ ਲਈ ਜਿਹੜੇ ਇਸ ਯੁੱਗ ਵਿੱਚ ਰਹਿੰਦੇ ਹਨ ਉਹ ਕਰ ਸਕਦਾ ਹੈ ਜੋ ਸਮਝ ਤੋਂ ਬਾਹਰ ਹੈ। ਬੀਜਾਂ ਅਤੇ ਦੇਹੀਆਂ ਵਿਚਕਾਰ ਨਿਰੰਤਰਤਾ ਜੋ ਉਹ ਪੈਦਾ ਕਰਦੇ ਹਨ ਉਸ ਨੂੰ ਨਜ਼ਰਅੰਦਾਜ ਨਹੀਂ ਕਰਨਾ ਚਾਹੀਦਾ। ਸੁਰਗੀ ਦੇਹੀਆਂ ਉਸ ਤਰੀਕੇ ਨਾਲ ਨਹੀਂ ਬਣਾਈਆਂ ਜਾਣਗੀਆਂ ਜਿਸ ਤਰੀਕੇ ਨਾਲ ਦੁਨਿਆਵੀ ਦੇਹੀਆਂ ਬਣਾਈਆਂ ਗਈਆਂ ਸਨ। ਹੋਂਦ ਨੂੰ ਬਰਕਰਾਰ ਰੱਖਿਆ ਜਾਵੇਗਾ।

ਰਸੂਲ ਦੇ ਤਰਕ ਲਈ ਜੋ ਮਹੱਤਵਪੂਰਣ ਹੈ ਉਹ ਹੈ ਇੱਕ ਬੀਜ ਅਤੇ ਉਸ ਬੀਜ ਤੋਂ ਫੁੱਟਿਆ ਇੱਕ ਪੌਦਾ, ਜਦ ਕਿ ਉਹ ਇੱਕ ਦੂਜੇ ਤੋਂ ਬਹੁਤ ਅਲੱਗ ਹਨ, ਦੋਵੇਂ ਭੌਤਿਕ ਤੱਤ ਹਨ। ਦੋਹਾਂ ਵਿੱਚੋਂ ਕੋਈ ਵੀ ਪੂਰੇ ਤੌਰ ਤੇ ਆਤਮਿਕ ਹਸਤੀ ਨਹੀਂ ਹੈ। ਇਹ ਵਿਚਾਰ ਵੇਅਨ ਗਰੂਡੇਮ ਦੁਆਰਾ ਪੇਸ਼ ਕੀਤਾ ਗਿਆ ਸੀ:

> ਸੰਖੇਪ ਵਿੱਚ, ਜੇਕਰ ਯਿਸੂ ਅਤੇ ਨਵੇਂ ਨੇਮ ਦੇ ਲੇਖਕ ਸਾਨੂੰ ਇਹ ਸਿੱਖਿਆ ਦੇਣਾ ਚਾਹੁੰਦੇ ਕਿ ਜੀ ਉੱਠਿਆ ਸਰੀਰ ਰਵਾਇਤੀ ਤੌਰ ਤੇ ਅਤੇ ਅਵੱਸ਼ਕ ਤੌਰ ਤੇ ਭੌਤਿਕ ਨਹੀਂ ਸੀ, ਉਹ ਇਸ ਤਰ੍ਹਾਂ ਕਰ ਸਕਦੇ ਸਨ, ਪਰ ਬਜਾਇ ਇਸ ਦੇ ਉਨ੍ਹਾਂ ਨੇ ਬਹੁਤ ਸਾਰੇ ਸਪੱਸ਼ਟ ਸੰਕੇਤ ਦਿੰਦੇ ਕਿ ਇਹ ਰਵਾਇਤੀ ਤੌਰ ਤੇ ਸਰੀਰਕ ਅਤੇ ਭੌਤਿਕ ਸੀ, ਹਾਲਾਂਕਿ ਇਹ ਉਹ ਸਰੀਰ ਸੀ ਜੋ ਸਿੱਧ ਅਤੇ ਸਦਾ ਦੇ ਲਈ ਕਮਜ਼ੋਰੀ, ਬਿਮਾਰੀ ਅਤੇ ਮੌਤ ਤੋਂ ਮੁਕਤ ਬਣਾਇਆ ਗਿਆ ਸੀ।[31]

**ਆਇਤ 39.** ਇੱਥੇ ਆ ਕੇ ਪੌਲੁਸ ਦੇ ਉਦਾਹਰਣ, ਜੇਕਰ ਉਸ ਦੇ ਤਰਕ ਨਹੀਂ ਤਾਂ, ਬਦਲ ਗਏ। ਉਹ ਪੇੜ-ਪੌਦਿਆਂ ਦੀ ਦੁਨੀਆ ਵਿੱਚੋਂ ਨਿੱਕਲ ਕੇ ਜਾਨਵਰਾਂ ਦੀ ਦੁਨੀਆ ਵਿੱਚ ਚਲਾ ਗਿਆ, ਰਸੂਲ ਨੇ ਜੋ ਗੱਲਾਂ ਕਹੀਆਂ ਸਨ ਉਨ੍ਹਾਂ ਨੂੰ ਪੂਰਾ ਕਰਨ ਦੇ ਲਈ ਉਸ ਨੇ ਵਾਧੂ ਦਲੀਲਾਂ ਦਿੱਤੀਆਂ। ਜਿਵੇਂ ਪਰਮੇਸ਼ੁਰ ਨੇ ਪੌਦਿਆਂ ਦੇ ਜੀਵਨ ਨੂੰ ਬਹੁਤ ਸਾਰੇ ਰੂਪ ਦਿੱਤੇ ਹਨ, ਹਰ ਬੀਜ ਤੋਂ ਵੱਖ-ਵੱਖ ਕਿਸਮ ਦਾ ਪੌਦਾ ਉੱਗਦਾ ਹੈ, ਉਸੇ ਤਰ੍ਹਾਂ **ਸੱਭੇ ਮਾਸ ਇੱਕੋ ਜਿਹਾ ਮਾਸ ਨਹੀਂ ਸਗੋਂ ਮਨੁੱਖਾਂ ਦਾ ਹੋਰ ਹੈ ਅਤੇ ਪਸੂਆਂ ਦਾ ਮਾਸ ਹੋਰ ਅਤੇ ਪੰਛੀਆਂ ਦਾ ਮਾਸ ਹੋਰ ਅਤੇ ਮੱਛੀਆਂ ਦਾ ਹੋਰ**। ਬੀਜਾਂ ਅਤੇ ਪੌਦਿਆਂ ਦੀ ਵੱਲ ਸੰਕੇਤ ਕਰਕੇ ਜੋ ਉਹ ਪੈਦਾ ਕਰਦੇ ਹਨ, ਪੌਲੁਸ ਨੇ ਪਰਗਟ ਕੀਤਾ ਕਿ ਪਰਮੇਸ਼ੁਰ ਸਰੀਰ ਨੂੰ ਇਸ ਤਰੀਕੇ ਨਾਲ ਬਦਲਣ ਵਿੱਚ ਸਮਰੱਥ ਹੈ ਕਿ ਇਹ ਭੌਤਿਕ ਹੀ ਰਹਿੰਦਾ ਹੈ ਪਰ ਇਸ ਦਾ ਰੂਪ ਅਤੇ ਕੰਮ ਵੱਖਰਾ ਹੈ। ਵੱਖ-ਵੱਖ ਕਿਸਮਾਂ ਦੇ ਮਾਸ ਦੀ ਵੱਲ ਸੰਕੇਤ ਕਰਕੇ, ਰਸੂਲ ਨੇ ਕੁਦਰਤ ਨੂੰ ਹੀ ਇਸ ਗੱਲ ਦਾ ਉਦਾਹਰਣ ਦੇਣ ਦੇ ਲਈ ਇਸਤੇਮਾਲ ਕਰਨਾ ਜਾਰੀ ਰੱਖਿਆ ਕਿ ਪਰਮੇਸ਼ੁਰ ਨੇ ਵੱਖ-ਵੱਖ ਪਰ ਇੱਕੋ ਜਿਹੇ ਤੱਤਾਂ ਨਾਲ ਬਣਾਇਆ ਹੈ ਤਾਂ ਕਿ ਹਰ ਜੀਵਨ ਇਸ ਦੇ ਰੂਪ ਦੀਆਂ ਜ਼ਰੂਰਤਾਂ ਵਿੱਚ ਫਿੱਟ ਬੈਠ ਸਕੇ। ਪਰਮੇਸ਼ੁਰ ਸੁਰਗੀ ਸਰੀਰਾਂ ਨੂੰ ਅਜਿਹੇ ਤੱਤਾਂ ਨਾਲ ਬਣਾਵੇਗਾ ਜੋ ਸੁਰਗੀ ਜੀਵਨ ਦੇ ਲਈ ਢੁਕਵੇਂ ਹੋਣ।

15:39 ਵਿੱਚ ਮੁੱਖ ਸ਼ਬਦ "ਮਾਸ ਹੈ"; 15:40, 41 ਵਿੱਚ ਮੁੱਖ ਸ਼ਬਦ "ਪਰਤਾਪ" ਹੈ। ਜਿਵੇਂ ਜਾਨਵਰਾਂ ਦੇ ਰਾਜ ਵਿੱਚ ਮਾਸ ਕਿਸਮ ਵਿੱਚ ਵੱਖ-ਵੱਖ ਤਰ੍ਹਾਂ ਦਾ ਹੁੰਦਾ ਹੈ, ਦੁਨਿਆਵੀ ਸਰੀਰ ਅਤੇ ਸੁਰਗੀ ਚੰਦ ਤਾਰੇ ਵੀ ਪਰਤਾਪ ਵਿੱਚ ਵੱਖ-ਵੱਖ ਤਰ੍ਹਾਂ ਦੇ ਹੁੰਦੇ ਹਨ। ਜਿਨ੍ਹਾਂ ਨੂੰ ਪੌਲੁਸ ਨੇ ਸੰਬੋਧਿਤ ਕੀਤਾ ਸੀ ਉਨ੍ਹਾਂ ਨੇ ਭੌਤਿਕ ਚੀਜ਼ਾਂ ਅਤੇ ਜੋ ਕੁਝ ਵੀ ਸਰੀਰ ਦੀ ਮੌਤ ਤੋਂ ਬਚ ਜਾਂਦਾ ਹੈ ਉਸ ਦੀ ਕਿਸੇ ਵੀ ਨਿਰੰਤਰਤਾ ਤੇ ਸ਼ੱਕ, ਜਾਂ ਘੱਟੋ-ਘੱਟ ਸਵਾਲ ਕੀਤਾ ਸੀ। ਉਨ੍ਹਾਂ ਨੇ ਆਪਣੇ ਆਪ ਨੂੰ ਉਹ ਆਤਮਾਵਾਂ ਵਜੋਂ ਸਮਝਿਆ ਜੋ ਸਰੀਰ ਵਿੱਚ ਦਫ਼ਨ ਕੀਤੀਆਂ ਗਈਆਂ ਅਤੇ ਇਸ ਦੀਆਂ ਸੀਮਾਵਾਂ ਦੇ ਅਧੀਨ ਹਨ, ਇਸ ਲਈ ਉਨ੍ਹਾਂ ਨੇ ਮੌਤ ਨੂੰ ਸਰੀਰ ਤੋਂ ਅਜ਼ਾਦੀ ਦੇ ਰੂਪ ਵਿੱਚ ਵੇਖਿਆ। ਪੌਲੁਸ ਨੇ ਅਜਿਹੀ ਸੋਚ ਨੂੰ ਠੁਕਰਾ ਦਿੱਤਾ ਸੀ। ਉਹ ਜਾਣਦਾ ਸੀ ਕਿ ਪਰਮੇਸ਼ੁਰ ਨੇ ਆਦ ਵਿੱਚ ਭੌਤਿਕ ਚੀਜ਼ਾਂ ਨੂੰ ਬਣਾਇਆ ਅਤੇ ਉਨ੍ਹਾਂ ਨੂੰ ਚੰਗਾ ਆਖਿਆ (ਉਤਪਤ 1:31)।

**ਆਇਤ 40.** ਪਰਮੇਸ਼ੁਰ ਦੇ ਪਰਤਾਪ ਨੇ ਆਪਣੇ ਆਪ ਨੂੰ **ਸੁਰਗੀ ਸਰੀਰ ਅਤੇ**

**ਜਮੀਨੀ ਸਰੀਰ** ਨਾਲ ਜੋੜਿਆ ਸੀ। ਇੱਕ ਰੁੱਖ ਜਾਂ ਇੱਕ ਪਹਾੜ ਦਾ ਪਰਤਾਪ ਚੰਦਰਮਾ ਜਾਂ ਤਾਰਿਆਂ ਤੇ ਪਰਤਾਪ ਵਰਗਾ ਨਹੀਂ ਹੁੰਦਾ, ਪਰ ਹਰ ਕੋਈ ਆਪਣੇ-ਆਪਣੇ ਤਰੀਕੇ ਨਾਲ ਰਚਨਹਾਰ ਦੇ ਸਦੀਪਕ ਗਿਆਨ ਅਤੇ ਸ਼ਕਤੀ ਨੂੰ ਪ੍ਰਦਰਸ਼ਿਤ ਕਰਦਾ ਹੈ। ਜਿਵੇਂ ਪਰਮੇਸ਼ੁਰ ਜਮੀਨੀ ਸਰੀਰਾਂ ਨੂੰ ਪਰਤਾਪ ਦੇਣ ਵਿੱਚ ਸਮਰੱਥ ਸੀ, ਉਹ ਸਰੀਰਾਂ ਨੂੰ ਉਸ ਦੇ ਆਪਣੇ ਰੂਪ ਦਾ ਪਰਤਾਪ ਵੀ ਦੇਣ ਵਿੱਚ ਸਮਰੱਥ ਹੈ ਜੋ ਸਦਾ ਦੇ ਲਈ ਸੁਰਗੀ ਖੇਤਰ ਵਿੱਚ ਰਹਿਣਗੇ।

**ਆਇਤ 41.** ਪੌਲੁਸ ਧਰਤੀ ਦੇ ਦ੍ਰਿਸ਼ਾਂ ਦੇ ਪਰਤਾਪ ਤੇ ਨਿਰਭਰ ਨਹੀਂ ਸੀ ਰਿਹਾ, ਹਾਲਾਂਕਿ ਉਹ ਉਨ੍ਹਾਂ ਤੇ ਨਿਰਭਰ ਰਹਿ ਸਕਦਾ ਸੀ। ਬਜਾਇ ਇਸ ਦੇ, ਉਸ ਨੇ ਆਪਣਾ ਧਿਆਨ ਅਕਾਸ਼ਾਂ ਦੇ ਪਰਤਾਪਾਂ ਵੱਲ ਮੋੜਿਆ। ਵਿਭਿੰਨਤਾ ਸਪੱਸ਼ਟ ਹੈ। ਉਸ ਨੇ ਕਿਹਾ, **ਸੂਰਜ ਦਾ ਪਰਤਾਪ ਹੋਰ ਹੈ ਅਤੇ ਚੰਦਰਮਾ ਦਾ ਪਰਤਾਪ ਹੋਰ ਹੈ**। ਪਰਮੇਸ਼ੁਰ ਇੱਕ ਕਿਸਮ ਦੇ ਸਰੀਰ ਜਾਂ ਇੱਕ ਕਿਸਮ ਦੇ ਪਰਤਾਪ ਤੱਕ ਸੀਮਤ ਨਹੀਂ ਹੈ। ਜਿਵੇਂ ਵਿਗਿਆਨ ਵਿੱਦਿਆ ਵੱਧ ਚੁੱਕੀ ਹੈ, ਸਰੀਰ ਅਤੇ ਲਹੂ ਵਾਲੀਆਂ ਦੇਹੀਆਂ ਦਾ ਪਰਤਾਪ ਹੋਰ ਜ਼ਿਆਦਾ ਸਪੱਸ਼ਟ ਹੋ ਗਿਆ ਹੈ। ਫਿਰ ਵੀ, ਸਰੀਰ ਉਮਰ ਦੇ ਨਾਲ ਵੱਧਦੇ ਅਤੇ ਨਾਸ ਹੋ ਜਾਂਦੇ ਹਨ। ਦੁਨਿਆਵੀ ਸਰੀਰ ਰੋਗ ਅਤੇ ਬਿਮਾਰੀ ਦੇ ਅਧੀਨ ਹੈ। ਪੌਲੁਸ ਨੇ ਦਲੀਲ ਦਿੱਤੀ ਸੀ ਕਿ ਪਰਮੇਸ਼ੁਰ ਉਨ੍ਹਾਂ ਸੀਮਾਵਾਂ ਤੋਂ ਬਿਨਾਂ ਜੋ ਸਰੀਰ ਵਿੱਚ ਪਰਤੱਖ ਹਨ ਸਰੀਰਾਂ ਨੂੰ ਬਣਾਉਣ ਵਿੱਚ ਸਮਰੱਥ ਹੈ। ਉਸ ਨੇ ਆਪਣੀ ਇਸ ਗੱਲ ਨੂੰ ਸੁਰਗੀ ਥਾਵਾਂ ਵਿੱਚ ਪਰਗਟ ਹੋਣ ਵਾਲੇ ਨਾ ਬਦਲਣ ਵਾਲੇ ਪਰਤਾਪ ਵੱਲ ਇਸ਼ਾਰਾ ਕਰਕੇ ਸਾਬਤ ਕੀਤਾ। ਉਸ ਨੇ ਨਾ ਬਦਲਣ ਵਾਲੇ ਤਾਰਿਆਂ ਦੇ ਵਿਰੁੱਧ ਮਾਸ ਵਾਲੀਆਂ ਕਮਜ਼ੋਰ ਦੇਹੀਆਂ ਦੀ ਤੁਲਨਾ ਕੀਤੀ। ਪਰਮੇਸ਼ੁਰ ਦੇ ਕੋਲ ਦੁਨਿਆਵੀ ਸਰੀਰਾਂ ਨੂੰ ਸੁਰਗੀ ਸਰੀਰਾਂ ਵਿੱਚ ਤਬਦੀਲ ਕਰਨ ਦੀ ਸ਼ਕਤੀ ਅਤੇ ਗਿਆਨ ਹੈ। ਸਰੀਰ ਦੀਆਂ ਸੀਮਾਵਾਂ ਇਹ ਦਲੀਲ ਪੇਸ਼ ਨਹੀਂ ਕਰਦੀਆਂ ਕਿ ਸੁਰਗੀ ਥਾਵਾਂ ਵਿੱਚ ਸਰੀਰਕ ਹੋਂਦ ਇੱਕ ਅਸੰਭਾਵਨਾ ਹੈ।

ਪੌਲੁਸ ਨੇ ਪਹਿਲਾਂ ਤੋਂ ਹੀ ਪਹਿਲੇ ਆਦਮ ਅਤੇ ਦੂਜੇ ਆਦਮ ਅਰਥਾਤ ਯਿਸੂ ਮਸੀਹ ਵਿਚਕਾਰ ਸਮਾਨਤਾਵਾਂ ਵੱਲ ਇਸ਼ਾਰਾ ਕੀਤਾ ਸੀ (15:22)। ਰੋਮੀਆਂ ਨੂੰ ਲਿਖੀ ਉਸ ਦੀ ਪੱਤ੍ਰੀ, ਜਿਹੜੀ ਕਿ ਕੁਝ ਸਾਲਾਂ ਬਾਅਦ ਲਿਖੀ ਗਈ ਸੀ, ਦੋਵਾਂ ਵਿਚਕਾਰ ਪੂਰੀ ਤਰ੍ਹਾਂ ਉਦਾਹਰਣ ਨੂੰ ਵਿਕਸਤ ਕਰਦੀ ਹੈ। ਰੋਮੀਆਂ 5:14-19 ਵਿੱਚ, ਪੌਲੁਸ ਨੇ ਛੁਟਕਾਰੇ ਦੇ ਦ੍ਰਿਸ਼ਟੀਕੋਣ ਵਿੱਚ ਆਦਮ ਦੇ ਪਾਪ ਨੂੰ ਦੁਹਰਾਇਆ ਜੋ ਮਸੀਹ ਦੀ ਮੌਤ ਅਤੇ ਜੀ ਉੱਠਣ ਦੇ ਨਤੀਜੇ ਵਜੋਂ ਮਿਲਿਆ ਸੀ। 1 ਕੁਰਿੰਥੀਆਂ ਵਿੱਚ ਉਸ ਨੇ ਵਿਖਾਇਆ ਸੀ ਕਿ ਜੀ ਉੱਠਿਆ ਮਸੀਹ ਛੁਟਕਾਰਾ ਪਾਏ ਹੋਏ ਲੋਕਾਂ ਦੇ ਛੁਟਕਾਰੇ ਦੇ ਲਈ ਇੱਕ ਨਮੂਨਾ ਹੈ। ਮਸੀਹ ਦਾ ਜੀ ਉੱਠਣ ਵਾਲਾ ਸਰੀਰ ਹਰੇਕ ਮਸੀਹੀ ਵਿਅਕਤੀ ਦੇ ਲਈ ਜੀ ਉੱਠਣ ਵਾਲੇ ਸਰੀਰ ਦੀ ਇੱਕ ਗਰੰਟੀ ਹੈ।

ਜਦ ਕਿ ਮਸੀਹ ਦਾ ਜੀ ਉੱਠਿਆ ਸਰੀਰ ਉਹੀ ਸੀ ਜਿਹੜਾ ਕਬਰ ਵਿੱਚ ਗਿਆ ਸੀ, ਇਹ ਸ਼ਾਨਦਾਰ ਢੰਗ ਨਾਲ ਬਦਲ ਗਿਆ ਸੀ। ਜੀ ਉੱਠਣ ਵਾਲੇ ਸਰੀਰ ਵਿੱਚ ਮਾਸ ਅਤੇ ਲਹੂ ਦੇ ਨਾਲ ਨਿਰੰਤਰਤਾਵਾਂ ਅਤੇ ਅਨਿਰੰਤਰਤਾਵਾਂ ਦੋਵੇਂ ਹੋਣਗੀਆਂ। ਉਹ ਸੱਚਾਈ ਓਨੀ ਦੂਰ ਤੱਕ ਹੈ ਜਿੱਥੋਂ ਤੱਕ ਨਿਹਚਾ ਦੀ ਅੱਖ ਵੇਖ ਸਕਦੀ ਹੈ।

## ਛੇਕੜਲਾ ਆਦਮ (15:42-49)

**[42]ਇਸੇ ਤਰਾਂ ਮੁਰਦਿਆਂ ਦੀ ਕਿਆਮਤ ਵੀ ਹੈ। ਉਹ ਨਾਸਵਾਨ ਬੀਜਿਆ ਜਾਂਦਾ ਹੈ ਪਰ ਅਵਿਨਾਸੀ ਜੀ ਉੱਠਦਾ ਹੈ। [43]ਉਹ ਬੇ ਪਤ ਬੀਜਿਆ ਜਾਂਦਾ ਹੈ ਪਰੰਤੂ ਪਰਤਾਪਵਾਨ ਜੀ ਉੱਠਦਾ ਹੈ। ਉਹ ਨਿਰਬਲ ਬੀਜਿਆ ਜਾਂਦਾ ਹੈ ਪਰ ਬਲਵੰਤ ਜੀ ਉੱਠਦਾ ਹੈ। [44]ਉਹ ਪ੍ਰਾਣਕ ਸਰੀਰ ਹੋਕੇ ਬੀਜਿਆ ਜਾਂਦਾ ਹੈ ਪਰ ਉਹ ਆਤਮਕ ਸਰੀਰ ਹੋਕੇ ਜੀ ਉੱਠਦਾ ਹੈ। ਜੇ ਪ੍ਰਾਣਕ ਸਰੀਰ ਹੈ ਤਾਂ ਆਤਮਕ ਸਰੀਰ ਵੀ ਹੈ। [45]ਇਉਂ ਲਿਖਿਆ ਹੋਇਆ ਬੀ ਹੈ ਜੋ "ਪਹਿਲਾ ਮਨੁੱਖ ਆਦਮ ਜੀਉਂਦੀ ਜਾਨ ਹੋਇਆ, ਛੇਕੜਲਾ ਆਦਮ ਜੀਵਨ ਦਾਤਾ ਆਤਮਾ ਹੋਇਆ।" [46]ਪਰ ਪਹਿਲਾ ਉਹ ਨਹੀਂ ਜਿਹੜਾ ਆਤਮਕ ਹੈ ਸਗੋਂ ਉਹ ਜਿਹੜਾ ਪ੍ਰਾਣਕ ਹੈ, ਫੇਰ ਇਹ ਦੇ ਮਗਰੋਂ ਉਹ ਜਿਹੜਾ ਆਤਮਕ ਹੈ। [47]ਪਹਿਲਾ ਮਨੁੱਖ ਮਿੱਟੀ ਦਾ ਬਣਿਆ। ਦੂਜਾ ਮਨੁੱਖ ਸੁਰਗੋਂ ਹੈ। [48]ਜਿਵੇਂ ਉਹ ਮਿੱਟੀ ਦਾ ਸੀ ਤਿਵੇਂ ਓਹ ਵੀ ਜਿਹੜੇ ਮਿੱਟੀ ਦੇ ਹਨ ਅਤੇ ਜਿਵੇਂ ਉਹ ਸੁਰਗ ਦਾ ਹੈ ਤਿਵੇਂ ਓਹ ਵੀ ਜਿਹੜੇ ਸੁਰਗ ਦੇ ਹਨ। [49]ਅਤੇ ਜਿਸ ਤਰਾਂ ਅਸਾਂ ਮਿੱਟੀ ਵਾਲੇ ਦਾ ਸਰੂਪ ਧਾਰਿਆ ਹੈ ਇਸੇ ਤਰਾਂ ਸੁਰਗ ਵਾਲੇ ਦਾ ਵੀ ਸਰੂਪ ਧਾਰਾਂਗੇ।**

**ਆਇਤ 42.** ਪੌਲੁਸ ਨੇ **ਮੁਰਦਿਆਂ ਦੀ ਕਿਆਮਤ** ਵਿੱਚ ਨਿਹਚਾ ਨੂੰ ਦਾਰਸ਼ਨਿਕ ਕਲਪਨਾ ਨਾਲ ਨਹੀਂ ਮਿਲਾਇਆ। ਇਹ ਸੱਚਾਈ ਕਿ ਪਰਮੇਸ਼ੁਰ ਦੇ ਕੋਲ ਸਰੀਰਕ ਦੇਹੀਆਂ ਨੂੰ ਆਤਮਿਕ ਦੇਹੀਆਂ ਵਿੱਚ ਤਬਦੀਲ ਕਰਨ ਦੀ ਸ਼ਕਤੀ, ਗਿਆਨ ਅਤੇ ਇੱਛਾ ਹੈ ਸਰੀਰ ਦੀਆਂ ਵੱਖ-ਵੱਖ ਕਿਸਮਾਂ ਤੋਂ ਸਪੱਸ਼ਟ ਹੈ ਅਤੇ ਕੁਦਰਤੀ ਦੇਹੀਆਂ ਵਿੱਚ ਪਰਤਾਪ ਪਰਤੱਖ ਹੈ। ਮਨੁੱਖਾਂ ਦਾ ਗਿਆਨ ਗਲਤੀ ਨਾਲ ਭੌਤਿਕ ਚੀਜ਼ਾਂ ਨੂੰ ਬੁਰੀਆਂ ਅਤੇ ਡਿੱਗੀਆਂ ਹੋਈਆਂ ਦੇ ਸਮਾਨ ਬਣਾਉਂਦਾ ਹੈ ਜੋ ਮਨੁੱਖੀ ਗਿਆਨ ਦੀ ਅਯੋਗਤਾ ਨੂੰ ਪਰਗਟ ਕਰਦਾ ਹੈ (2:5)।

ਉਹ ਸਰੀਰ ਜੋ ਪਰਮੇਸ਼ੁਰ ਦੁਆਰਾ ਧਰਤੀ ਤੇ ਜੀਵਨ ਦੇ ਲਈ ਬਣਾਇਆ ਗਿਆ ਸੀ, ਰਸੂਲ ਨੇ ਕਿਹਾ, **ਬੀਜਿਆ ਜਾਂਦਾ ਹੈ**। ਜਿਵੇਂ ਕਿ ਇਹ **ਨਾਸਵਾਨ** (φθορᾶ, *ਫਥੋਰਾ*) ਹੈ। ਜੋ ਜੀਵਨ ਲਈ **ਜੀ ਉੱਠਦਾ ਹੈ** ਸਦੀਪਕ ਕਾਲ ਵਿੱਚ **ਅਵਿਨਾਸੀ** (ἀφθαρσία, *ਅਫਥਾਰਸੀਆ*) ਬਣਨ ਦੇ ਲਈ ਰਚਿਆ ਗਿਆ ਹੋਵੇਗਾ। KJV ਅਤੇ NASB ਦੇ ਕੁਝ ਛਾਪਿਆਂ ਵਿੱਚ ਇੱਕ ਨੋਟ ਹੈ ਜੋ ਇਨ੍ਹਾਂ ਸ਼ਬਦਾਂ ਦਾ "ਭਰਿਸ਼ਟਾਚਾਰ ਵਿੱਚ" ਅਤੇ "ਭਰਿਸ਼ਟਾਚਾਰ ਵਿੱਚ" ਅਰਥ ਦੇਣ ਦੇ ਦੁਆਰਾ ਕੁਝ ਵੱਖਰਾ ਦੀ ਭਾਵ ਪੇਸ਼ ਕਰਦੇ ਹਨ। "ਭਰਿਸ਼ਟਾਚਾਰ" ਵਿੱਚ ਪਰਮੇਸ਼ੁਰ ਦੇ ਵਿਰੁੱਧ ਬਗਾਵਤ ਦੇ ਲਈ ਇੱਕ ਪ੍ਰਵਿਰਤੀ ਸ਼ਾਮਲ ਕਰ ਸਕਦਾ ਹੈ, ਜਾਂ ਇਹ ਸਿਰਫ ਇਹ ਸੁਝਾਅ ਦਿੰਦਾ ਹੈ ਕਿ ਦੁਨਿਆਵੀ ਸਰੀਰ ਸਰੀਰਕ ਨਾਸ ਦੇ ਅਧੀਨ ਹੈ। ਕਿਉਂਕਿ ਪਾਪ ਦੀ ਭਰਿਸ਼ਟ ਕਰਨ ਵਾਲੀ ਸ਼ਕਤੀ ਇੱਥੇ ਪੌਲੁਸ ਦੀ ਚਿੰਤਾ ਪ੍ਰਤੀਤ ਨਹੀਂ ਹੁੰਦੀ, NASB ਅਤੇ NIV ਵਿੱਚ ਜੋ ਅਨੁਵਾਦ ਹੈ ਉਹ ਬਿਹਤਰ ਹੈ। ਜੋ "ਬੀਜਿਆ ਜਾਂਦਾ ਹੈ" ਉਹ ਸਰੀਰ ਹਨ ਜੋ ਪਰਮੇਸ਼ੁਰ ਨੇ ਉਸ ਦੀ ਆਪਣੀ ਰਚਨਾ ਨੂੰ ਇਸ ਸੰਸਾਰ ਵਿੱਚ ਦੇਣ ਦੇ ਲਈ ਬਣਾਏ ਹਨ।

**ਆਇਤ 43.** ਪੌਲੁਸ ਨੇ ਜਮੀਨੀ ਸਰੀਰ ਅਤੇ ਉਸ ਸਰੀਰ ਵਿਚਕਾਰ ਤੁਲਨਾ ਕਰਨਾ ਜਾਰੀ ਰੱਖਿਆ ਜਿਹੜਾ ਜੀ ਉੱਠੇਗਾ। ਵਰਤਮਾਨ ਯੁੱਗ ਦੇ ਜਮੀਨੀ ਸਰੀਰ **ਬੇ ਪਤ** ਅਤੇ **ਨਿਰਬਲ ਬੀਜਿਆ ਜਾਂਦਾ ਹੈ**। ਕਿਆਮਤ ਵਿੱਚ, ਸਰੀਰ ਬਦਲ ਜਾਣਗੇ ਤਾਂ ਜੋ ਉਹ **ਪਰਤਾਪ** ਅਤੇ **ਬਲ** ਨੂੰ ਪਰਗਟ ਕਰਨ। ਪ੍ਰਾਣਕ ਦੇਹੀਆਂ ਘਮੰਡੀਆਂ ਨੂੰ ਨੀਵਿਆਂ ਕਰਨ

ਦਾ ਆਪਣਾ ਤਰੀਕਾ ਹੈ। ਇੱਕ ਘਮੰਡੀ ਸਰੀਰ ਦੀ ਕਮਜ਼ੋਰ ਸਰੀਰ ਨਾਲ ਉਮਰ ਘੱਟਦੀ ਜਾਂਦੀ ਹੈ; ਇੱਕ ਸਾਫ਼ ਮਨ ਡਰਪੋਕ ਅਤੇ ਪਰੇਸ਼ਾਨ ਬਣ ਸਕਦਾ ਹੈ।

*ਰਸੂਲ ਉਸੇ ਮਾਸ ਅਤੇ ਲਹੂ ਵਾਲੇ ਸਰੀਰ ਦੇ ਅਧੂਰੇ ਜੀ ਉੱਠਣ ਦੀ ਦਲੀਲ ਨਹੀਂ ਸੀ ਦੇ ਰਿਹਾ ਜਿਹੜਾ ਕਬਰ ਵਿੱਚ ਗਿਆ ਸੀ।* ਸੰਦੇਹਵਾਦੀ ਪੁੱਛਦੇ ਹਨ ਕਿ ਉਸ ਆਦਮੀ ਦਾ ਕੀ ਹੋਵੇਗਾ ਜਿਹੜਾ ਸਮੁੰਦਰ ਵਿੱਚ ਡੁੱਬ ਕੇ ਮਰ ਜਾਂਦਾ ਹੈ ਅਤੇ ਉਸ ਨੂੰ ਮੱਛੀਆਂ ਖਾ ਜਾਂਦੀਆਂ ਹਨ ਅਤੇ ਕਿਸੇ ਹੋਰ ਆਦਮੀ ਦੁਆਰਾ ਖਾਧਾ ਜਾਂਦਾ ਹੈ। ਉਹ ਵੀ ਯੂਨਾਨੀ ਫਿਲਾਸਫਰਾਂ ਦੇ ਵਾਂਗਰ ਗਲਤਫਹਿਮੀ ਵਿੱਚ ਸਨ ਜੋ ਸੋਚਦੇ ਸਨ ਕਿ ਉਨ੍ਹਾਂ ਦੀਆਂ ਆਤਮਾਵਾਂ ਸਰੀਰ ਦੇ ਜਾਲ ਵਿੱਚ ਫਸ ਜਾਂਦੀਆਂ ਹਨ। ਨਾ ਹੀ ਪ੍ਰਾਚੀਨ ਸੰਦੇਹਵਾਦੀਆਂ ਨੇ ਨਾ ਹੀ ਆਧੁਨਿਕ ਸੰਦੇਹਵਾਦੀਆਂ ਨੇ ਮੁਰਦਿਆਂ ਦੀ ਪਰਮੇਸ਼ੁਰ ਦੀ ਕਿਆਮਤ ਸੰਬੰਧੀ ਕਿਸੇ ਅਢੁਕਵੀਂ ਸਮੱਸਿਆ ਦੀ ਪੇਸ਼ਕਸ਼ ਕੀਤੀ ਹੈ। ਪਰਮੇਸ਼ੁਰ ਆਪਣੇ ਆਪ ਨੂੰ ਦੁਨਿਆਵੀ ਸ੍ਰੋਤਾਂ ਤੱਕ ਹੀ ਸੀਮਤ ਨਹੀਂ ਰੱਖਦਾ। ਮੁਰਦਿਆਂ ਦੇ ਜੀ ਉੱਠਣ ਦੇ ਲਈ ਉਸ ਕਿਸਮ ਦੇ ਪਰਮਾਣੂਆਂ ਅਤੇ ਅਣੂਆਂ ਦੀ ਲੋੜ ਨਹੀਂ ਹੁੰਦੀ ਜਿਨ੍ਹਾਂ ਦਾ ਅਧਿਐਨ ਵਿਗਿਆਨੀਆਂ ਦੁਆਰਾ ਕੀਤਾ ਜਾਂਦਾ ਹੈ।

**ਆਇਤ 44.** ਜ਼ਿਆਦਾਤਰ ਹਾਲਾਤਾਂ ਵਿੱਚ, ਅਰਥ ਦਾ ਘੱਟ ਤੋਂ ਘੱਟ ਉਲਝਣ ਨਾਲ ਇੱਕ ਭਾਸ਼ਾ ਤੋਂ ਦੂਜੀ ਭਾਸ਼ਾ ਵਿੱਚ ਅਨੁਵਾਦ ਕੀਤਾ ਜਾ ਸਕਦਾ ਹੈ; ਪਰ **ਪ੍ਰਾਣਕ ਸਰੀਰ** (σῶμα ψυχικόν, *ਸੋਮਾ ਸੁਚੀਕੋਨ*) ਸ਼ਬਦ ਮੁਸ਼ਕਲ ਹੈ। ਪੌਲੁਸ ਨੇ ਜੀਵਨ ਦੇ ਉਨ੍ਹਾਂ ਗੁਣਾਂ ਵੱਲ ਜੋ ਮਨੁੱਖੀ ਸੀਮਾਵਾਂ ਦੁਆਰਾ ਬੱਝੇ ਹੋਏ ਹਨ ਧਿਆਨ ਖਿੱਚਣ ਦੇ ਲਈ ਵਿਸ਼ੇਸ਼ਣ ψυχικός (*ਸੁਚੀਕੋਸ*) ਦੀ ਵਰਤੋਂ ਕੀਤੀ ਸੀ। ਇਹ ਗੁਣ "ਸਰੀਰਕ" ਅਤੇ "ਪ੍ਰਾਣਕ" ਨਾਲ ਢੱਕੇ ਹੋਏ ਹੁੰਦੇ ਹਨ, ਪਰ ਉਹ ਦੋਹਾਂ ਨਾਲੋਂ ਜ਼ਿਆਦਾ ਵਿਆਪਕ ਹਨ। ਰਿਚਰਡ ਈ. ਓਸਟਰ, ਜੂਨੀਅਰ ਨੇ ਦਲੀਲ ਦਿੱਤੀ,

> "ਪ੍ਰਾਣਕ" ਸ਼ਬਦ ਉਨ੍ਹਾਂ ਸਾਰੀਆਂ ਧਾਰਣਾਵਾਂ ਦਾ ਖੁਲਾਸਾ ਕਰਦਾ ਹੈ ਜੋ ਪਿਛਲੀਆਂ ਆਇਤਾਂ ਵਿੱਚ ਦਿੱਤੇ ਸ਼ਬਦਾਂ ਨਾਲ ਜੁੜੀਆਂ ਹੋਈਆਂ ਹਨ (15:42-43) ਜਿਵੇਂ ਕਿ ਨਾਸਵਾਨ, ਅਨਾਦਰ ਅਤੇ ਨਿਰਬਲਤਾ, ਜਦ ਕਿ "ਆਤਮਕ" ਉਨ੍ਹਾਂ ਵਿਚਾਰਾਂ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ ਅਵਿਨਾਸੀ, ਪਰਤਾਪ ਅਤੇ ਸਮਰੱਥਾ।[32]

ਜੀ ਉੱਠਿਆ ਸਰੀਰ ਉਸ ਨਿਰਬਲਤਾ ਦੁਆਰਾ ਸੀਮਤ ਨਹੀਂ ਹੋਵੇਗਾ ਜੋ ਦੁਨਿਆਵੀ ਸਰੀਰ ਵਿੱਚ ਸੁਭਾਵਕ ਹੈ; ਪਰ ਜਦੋਂ ਪੌਲੁਸ ਨੇ ਕਿਹਾ ਕਿ ਆਉਣ ਵਾਲੇ ਯੁੱਗ ਵਿੱਚ ਸਰੀਰ **ਆਤਮਿਕ** ਹੋਵੇਗਾ, ਉਹ ਸਿੱਖਿਆ ਨਹੀਂ ਸੀ ਦੇ ਰਿਹਾ ਕਿ ਇਹ ਅਭੌਤਿਕ ਹੋਵੇਗਾ। ਜਦ ਕਿ ਦੁਨਿਆਵੀ ਸਰੀਰ ਇਸ ਦੁਨਿਆਵੀ ਜੀਵਨ ਦੀਆਂ ਜ਼ਰੂਰਤਾਂ ਦੇ ਲਈ ਢੁਕਵਾਂ ਹੈ, ਆਤਮਿਕ ਸਰੀਰ ਆਤਮਿਕ ਜੀਵਨ ਦੀਆਂ ਜ਼ਰੂਰਤਾਂ ਦੇ ਲਈ ਢੁਕਵਾਂ ਹੋਵੇਗਾ। ਪਰਮੇਸ਼ੁਰ ਨੇ ਆਤਮਿਕ ਸਰੀਰ ਦੇ ਸੁਭਾਅ ਬਾਰੇ ਹੋਰ ਜ਼ਿਆਦਾ ਪਰਗਟ ਕਰਨਾ ਨਹੀਂ ਚੁਣਿਆ ਹੈ; ਪਰ ਰਸੂਲ ਨੇ ਜ਼ੋਰ ਦਿੱਤਾ ਸੀ ਕਿ ਨਿਸ਼ਚਤ ਤੌਰ ਤੇ ਜਿਵੇਂ ਦੁਨਿਆਵੀ ਸਰੀਰ ਹੈ, ਉਸੇ ਤਰ੍ਹਾਂ ਇੱਕ ਆਤਮਿਕ ਸਰੀਰ ਵੀ ਹੋਵੇਗਾ।

ਸਰੀਰ ਤੋਂ ਬਿਨਾਂ ਕਿਸੇ ਵਜੂਦ ਦੀ ਕਲਪਨਾ ਕਰਨਾ ਮੁਸ਼ਕਲ ਹੈ। ਦੇਹਮੁਕਤ ਆਤਮਾ ਦੀ ਸ਼ਾਇਦ ਪੁਲਾੜ ਦੇ ਮਾਪਦੰਡਾਂ ਅੰਦਰ ਕੋਈ ਸੀਮਾ ਨਹੀਂ ਹੋਵੇਗੀ। ਕੀ ਪੁਲਾੜ ਦੇ ਮਾਪਦੰਡਾਂ ਤੋਂ ਬਿਨਾਂ ਵਜੂਦ ਸਮਝਣ ਯੋਗ ਹੈ? ਅਗੱਸਟਿਨ ਨੇ ਪਲਾਟੋ ਦੇ ਫਿਲਾਸਫਰਾਂ ਉਸ

ਖੰਡਣ ਦੇ ਨਾਲ ਵਿਰੋਧ ਕੀਤਾ ਜਿਸ ਵਿੱਚ ਇਹ ਜ਼ੋਰ ਦੇਣਾ ਸ਼ਾਮਲ ਸੀ ਕਿ ਆਤਮਾਵਾਂ ਅਜ਼ਾਦ ਅਤੇ ਮੁਬਾਰਕ ਹੁੰਦੀਆਂ ਹਨ ਜਦੋਂ ਉਹ ਆਪਣੇ ਆਪ ਭੌਤਿਕ ਸਰੀਰਾਂ ਤੋਂ ਛੁਟਕਾਰਾ ਪਾ ਲੈਂਦੀਆਂ ਹਨ। ਅਗੱਸਟਿਨ ਨੇ ਲਿਖਿਆ, ". . . ਮੁਬਾਰਕਪਣ ਹਾਸਲ ਕਰਨ ਦੇ ਲਈ, ਸਾਨੂੰ ਨਾ ਸਿਰਫ ਹਰ ਕਿਸਮ ਦੇ ਸਰੀਰ ਨੂੰ ਛੱਡਣ ਦੀ ਲੋੜ ਹੈ, ਪਰ ਸਿਰਫ ਨਾਸਵਾਨ, ਦੁਖਦਾਇਕ, ਦਰਦਨਾਕ, ਮਰਨਹਾਰ ਸਰੀਰ ਨੂੰ ਅਜਿਹੇ ਸਰੀਰ ਨਹੀਂ ਜੋ ਪਹਿਲੇ ਆਦਮ ਦੇ ਲਈ ਪਰਮੇਸ਼ੁਰ ਦੀ ਭਲਿਆਈ ਵਜੋਂ ਬਣਾਏ ਗਏ ਸਨ, ਪਰ ਸਿਰਫ ਅਜਿਹੇ ਜਿਵੇਂ ਆਦਮੀ ਪਾਪ ਕਰਦਾ ਸੀ।"[33]

**ਆਇਤ 45.** ਆਦ ਵਿੱਚ, ਜਦੋਂ ਪਰਮੇਸ਼ੁਰ ਨੇ ਮਨੁੱਖ ਨੂੰ ਉਸ ਦੇ ਆਪਣੇ ਸਰੂਪ ਵਿੱਚ ਬਣਾਉਣ ਦਾ ਫ਼ੈਸਲਾ ਕੀਤਾ, ਉਸ ਨੇ ਮਨੁੱਖਜਾਤੀ ਨੂੰ ਇੱਕ ਸਰੀਰ ਦੇ ਨਾਲ ਬਣਾਇਆ ਜੋ ਇਸ ਧਰਤੀ ਦੇ ਲਈ ਢੁਕਵਾਂ ਸੀ। ਇਹ ਕਹਿਣ ਤੋਂ ਬਾਅਦ ਕਿ ਪਰਮੇਸ਼ੁਰ ਨੇ ਆਦਮੀ ਨੂੰ ਜ਼ਮੀਨ ਦੀ ਮਿੱਟੀ ਤੋਂ ਰਚਿਆ ਅਤੇ ਉਸ ਦੀਆਂ ਨਾਸਾਂ ਵਿੱਚ ਜੀਵਣ ਦਾ ਸਾਹ ਫੂਕਿਆ, ਵਚਨ ਕਹਿੰਦਾ ਹੈ, "ਆਦਮੀ ਜੀਉਂਦੀ ਜਾਨ ਹੋ ਗਿਆ" (ਉਤਪਤ 2:7)। ਪੌਲੁਸ ਨੇ ਉਤਪਤੀ ਦੇ ਤਰੀਕੇ ਨੂੰ ਲਿਆ ਅਤੇ ਇਸ ਦੀ ਵਿਆਖਿਆ ਇਸ ਤਰ੍ਹਾਂ ਕੀਤੀ, **"ਪਹਿਲਾ ਮਨੁੱਖ ਆਦਮ ਜੀਉਂਦੀ ਜਾਨ ਹੋਇਆ।"** ਆਦਮ ਇੱਕ ਇਕਾਈ, ਇੱਕ ਸਰੀਰ ਅਤੇ ਆਤਮਾ ਸੀ ਜਿਸ ਨੂੰ ਪੇਚੀਦਾ ਢੰਗ ਨਾਲ ਜੋੜ ਕੇ ਇੱਕ ਸਰੀਰ ਦਾ ਰੂਪ ਦਿੱਤਾ ਗਿਆ ਸੀ। ਇੱਕ ਸਰੀਰ ਆਤਮਾ ਦੀ ਮੌਜੂਦਗੀ ਤੋਂ ਬਿਨਾਂ ਇੱਕ ਅਜਿਹੇ ਰੁੱਖ ਵਰਗਾ ਹੋਵੇਗਾ ਜਿਸ ਤੇ ਲੱਕੜੀ ਜਾਂ ਫੁੱਲ ਜਾਂ ਪੱਤੇ ਨਹੀਂ ਹੁੰਦੇ ਹਨ। ਆਦਮ ਅਤੇ ਉਸ ਦੀ ਸੰਤਾਨ ਨੇ ਸਰੀਰ ਅਤੇ ਆਤਮਾ ਦੀਆਂ ਹਸਤੀਆਂ ਵਜੋਂ ਪਰਿਭਾਸ਼ਿਤ ਕੀਤਾ ਜਾਣਾ ਸੀ।

15:44 ਵਿੱਚ ਜਦੋਂ ਪੌਲੁਸ ਨੇ "ਪ੍ਰਾਣਕ ਸਰੀਰ" (σῶμα ψυχικόν, *ਸੋਮਾ ਸੁਚੀਕੋਨ*) ਅਤੇ "ਆਤਮਕ ਸਰੀਰ" (σῶμα πνευματικόν, *ਸੋਮਾ ਨਿਉਮਾਟੀਕੋਨ*) ਵਿਚਕਾਰ ਫ਼ਰਕ ਦਰਸਾਇਆ, ਉਸ ਨੇ ਅਜਿਹੇ ਇਕਵਚਨ ਵਿਸ਼ੇਸ਼ਣਾਂ ਦੀ ਵਰਤੋਂ ਕੀਤੀ ਜੋ ਨਾ ਤਾਂ ਇਸਤਰੀ ਲਿੰਗ ਸਨ ਨਾ ਹੀ ਪੁਰਸ਼ ਲਿੰਗ; ਪਰ 15:45 ਵਿੱਚ ਉਹ ਪਹਿਲੇ ਅਤੇ **ਛੇਕੜਲੇ ਆਦਮ** ਦੇ ਵਿਅਕਤਿਤਵਾਂ ਵੱਲ ਧਿਆਨ ਲੈ ਕੇ ਜਾਣਾ ਚਾਹੁੰਦਾ ਸੀ। ਪਹਿਲੇ ਅਤੇ ਦੂਜੇ ਆਦਮ ਦੁਆਰਾ ਕੀਤੀਆਂ ਗਈਆਂ ਚੋਣਾਂ ਦੇ ਨਤੀਜੇ ਮਨੁੱਖੀ ਪਰਿਵਾਰ ਦੇ ਲਈ ਬਿਲਕੁਲ ਵੱਖਰੇ ਸਨ। "ਪਹਿਲਾ ਮਨੁੱਖ ਜੀਉਂਦੀ ਜਾਨ ਹੋਇਆ" (ψυχὴν ζῶσαν, *ਸੁਚੇਨ ਜ਼ੋਸਾਨ*) ਕਿਉਂਕਿ ਪਰਮੇਸ਼ੁਰ ਦੀ ਇਹ ਇੱਛਾ ਸੀ। ਪਾਪ ਦੇ ਆਉਣ ਤੋਂ ਪਹਿਲਾਂ, ਆਦਮ ਦੇ ਜੀਉਂਦੀ ਜਾਨ ਬਣਨਾ ਕਿਸੇ ਨਿਰਬਲਤਾ ਜਾਂ ਅਨਾਦਰ ਦਾ ਸੁਝਾਅ ਨਹੀਂ ਦਿੰਦਾ (15:43)। ਪਾਪ ਦਾ ਅਰਥ ਆਦਮ ਦੇ ਲਈ ਦੁਨਿਆਵੀ, ਸਮੂਹਿਕ ਜਾਨ ਦੀ ਮੌਤ ਸੀ (15:21, 22)। "ਛੇਕੜਲੇ ਆਦਮ" ਨੇ **ਜੀਵਨ ਦਾਤਾ ਆਤਮਾ** (πνεῦμα ζῳοποιοῦν, *ਨਿਊਮਾ ਜ਼ੂਪੋਈਆਉਨ*) ਦੇ ਤੌਰ ਤੇ ਮਨੁੱਖੀ ਪਰਿਵਾਰ ਨੂੰ ਛੁਡਾਇਆ ਹੈ। NASB ਦੇ ਅਨੁਵਾਦਕਾਂ ਨੇ "ਜੀਵਨ ਦਾਤਾ ਆਤਮਾ" ਵਾਕ ਪੇਸ਼ ਕਰਦਿਆਂ, ਵੱਡੇ ਅੱਖਰਾਂ ਦੀ ਵਰਤੋਂ ਕਰਕੇ ਵਧੀਆ ਕੀਤਾ ਹੋਵੇਗਾ। ਪਹਿਲਾ ਆਦਮ ਜੀਉਂਦੀ ਜਾਨ ਦੇ ਲਈ ਜਿਸ ਨੂੰ ਪਰਮੇਸ਼ੁਰ ਨੇ ਬਣਾਇਆ ਸੀ ਮੌਤ ਲੈ ਕੇ ਆਇਆ। ਛੇਕੜਲੇ ਆਦਮ, "ਜੀਵਨ ਦਾਤਾ ਆਤਮਾ" ਨੇ ਸਦੀਪਕ ਕਾਲ ਦੇ ਜੀਵਨ ਦੇ ਲਈ ਆਤਮਿਕ ਸਰੀਰ ਨੂੰ ਖਰੀਦਿਆ ਹੈ।

**ਆਇਤ 46.** ਰਸੂਲ ਸਿਰਫ ਆਪਣੇ ਤਰਕ ਨੂੰ ਮਜ਼ਬੂਤ ਬਣਾਉਣ ਭਾਲ ਰਿਹਾ ਸੀ ਕਿ **ਆਤਮਕ** ਸਰੀਰ ਦਾ ਅਰਥ ਹੈ **ਪ੍ਰਾਣਕ** ਸਰੀਰ ਜਿਹੜਾ ਇਸ ਤੋਂ ਪਹਿਲਾਂ ਹੁੰਦਾ ਹੈ।

ਗਾਰਲੈਂਡ ਨੇ ਇਸ ਨੂੰ ਇਸ ਤਰ੍ਹਾਂ ਵੇਖਿਆ:

> ਇਸ ਬੰਦ ਵਿੱਚ ਪੌਲੁਸ ਦੀ ਦਲੀਲ ਦਾ ਕੁਰਿੰਥੁਸ ਦੇ ਲੋਕਾਂ ਦੀ ਸੁਆਰਥੀ ਆਤਮਿਕਤਾ ਨਾਲ ਕੋਈ ਸੰਬੰਧ ਨਹੀਂ ਹੈ ਪਰ ਉਨ੍ਹਾਂ ਦੀ ਇਸ ਘਬਰਾਹਟ ਨਾਲ ਜ਼ਰੂਰ ਹੈ ਕਿ ਕਿਵੇਂ ਇੱਕ ਦੁਨਿਆਵੀ ਸਰੀਰ ਨੂੰ ਇੱਕ ਸੁਰਗੀ ਸਰੀਰ ਦੇ ਰੂਪ ਵਿੱਚ ਉਠਾਲਿਆ ਜਾ ਸਕਦਾ ਹੈ।[34]

ਪੌਲੁਸ ਨੇ ਐਵੇਂ ਇਸ ਮਸਲੇ ਨੂੰ ਸੰਬੋਧਿਤ ਨਹੀਂ ਸੀ ਕੀਤਾ ਕਿ ਇੱਕ ਵਿਅਕਤੀ ਨੂੰ ਉਸ ਦੀ ਮੌਤ ਅਤੇ ਅੰਤ ਵਿੱਚ ਪ੍ਰਭੂ ਦੇ ਪਰਗਟ ਹੋਣ ਵਿਚਕਾਰ ਜੋ ਸਮਾਂ ਹੈ ਉਸ ਦੇ ਵਿੱਚ ਹੋਸ਼ ਹੁੰਦੀ ਹੈ ਜਾਂ ਨਹੀਂ। ਘੱਟੋ-ਘੱਟ, ਉਸ ਨੇ 1 ਕੁਰਿੰਥੀਆਂ 15 ਵਿੱਚ ਤਾਂ ਇਹ ਨਹੀਂ ਸੀ ਕੀਤਾ ਅਤੇ ਸ਼ਾਇਦ ਹੋਰ ਕਿਤੇ ਵੀ ਨਹੀਂ। ਓਸਟਰ ਨੇ ਮੌਤ ਤੋਂ ਬਾਅਦ ਜੀਵਨ ਬਾਰੇ ਕੁਰਿੰਥੁਸ ਦੇ ਲੋਕਾਂ ਦੇ ਮੱਤ ਨੂੰ ਜੀ ਉੱਠਣ ਤੋਂ ਬਾਅਦ ਜੋ ਜੀਵਨ ਹੈ ਉਸ ਦੇ ਬਾਰੇ ਪੌਲੁਸ ਨੇ ਮੱਤ ਤੋਂ ਅਲੱਗ ਕੀਤਾ।

> ਆਤਮਿਕ ਸਰੀਰ . . . ਇੱਕ ਵਿਸ਼ਵਾਸੀ ਦੀ ਵਿਅਕਤੀਗਤ ਮੌਤ ਤੋਂ ਬਾਅਦ ਉਸ ਦੀ ਹਾਲਤ ਜਾਂ ਅਵਸਥਾ ਦਾ ਹਵਾਲਾ ਨਹੀਂ ਦਿੰਦਾ, ਬਲਕਿ ਮਸੀਹ ਦੇ ਦੁਬਾਰਾ ਆਉਣ ਦੇ ਸਮੇਂ ਅਤੇ ਅੰਤ ਦਾ ਸਮੇਂ ਦੇ ਸਰੀਰ ਦਾ ਹਵਾਲਾ ਦਿੰਦਾ ਹੈ।[35]

**ਆਇਤ 47.** ਪੌਲੁਸ ਨੇ ਪਹਿਲੇ ਆਦਮ ਅਤੇ ਛੇਕੜਲੇ ਆਦਮ ਵਿਚਕਾਰ ਨਿਰੰਤਰਤਾ ਵਿਖਾਈ ਸੀ। ਉਹ ਸਰੀਰ ਜੋ ਪਾਪ ਦੇ ਦੁਆਰਾ ਮੈਲਾ ਹੋ ਗਿਆ ਸੀ ਅਤੇ ਇਸ ਲਈ ਨਿਰਬਲਤਾ ਅਤੇ ਅਨਾਦਰ ਦੇ ਅਧੀਨ ਸੀ ਮਸੀਹ ਦੁਆਰਾ ਪਰਤਾਪ ਅਤੇ ਸਮਰੱਥਾ ਵਾਲੇ ਸਰੀਰ ਵਿੱਚ ਤਬਦੀਲ ਕੀਤਾ ਜਾਵੇਗਾ। ਸੁਰਗ ਵਿੱਚ ਜੋ ਜੀਵਨ ਹੈ ਉਹ ਇਸ ਸੰਸਾਰ ਵਿੱਚ ਜੀਵਨ ਦੇ ਵਾਂਗ ਹੀ ਹੋਵੇਗਾ, ਦੋਹਾਂ ਵਿੱਚ ਸਰੀਰਕ ਹੋਂਦ ਸ਼ਾਮਲ ਹੈ।

ਉਨ੍ਹਾਂ ਲੋਕਾਂ ਦੀ ਗਲਤੀ ਜਿਨ੍ਹਾਂ ਨੇ ਜੀ ਉੱਠਣਾ ਦਾ ਇਨਕਾਰ ਕੀਤਾ ਸੀ ਇਹ ਸੀ ਕਿ ਉਨ੍ਹਾਂ ਨੇ ਸਰੀਰਕ ਹੋਂਦ ਨੂੰ ਇੱਕੋ ਜਿਹਾ ਸਮਝਿਆ ਸੀ। ਪੌਲੁਸ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਧਰਤੀ ਉੱਤੇ ਜੋ ਸਰੀਰਕ ਦੇਹ ਹੈ ਜੋ ਸਾਨੂੰ ਆਦਮ ਦੇ ਰੂਪ ਵਿੱਚ ਮਿਲੀ ਹੈ, ਉਸ ਆਤਮਿਕ ਸਰੀਰ ਨਾਲੋਂ ਤੱਤ ਅਤੇ ਸੁਭਾਅ ਵਿੱਚ ਵੱਖਰੀ ਹੈ ਜੋ ਜੀ ਉੱਠੇ ਮਸੀਹ ਵਿੱਚ ਦਰਸਾਈ ਗਈ ਹੈ। "ਆਦਮ" ਨਾਂ ਦਾ ਅਰਥ ਹੈ "ਮਿੱਟੀ ਵਿੱਚੋਂ ਬਣਾਇਆ ਗਿਆ।" ਪੌਲੁਸ ਨੇ **ਪਹਿਲੇ ਮਨੁੱਖ,** ਆਦਮ ਦੀ ਜੋ ਕਿ ਮਿੱਟੀ ਤੋਂ ਬਣਾਇਆ ਗਿਆ ਸੀ (ἐκ γῆς χοϊκός, *ਏਕਗੇਸ ਚੋਇਕੋਸ*, "ਮਿੱਟੀ, ਧਰਤੀ ਦਾ"), **ਦੂਜੇ ਮਨੁੱਖ**, ਯਿਸੂ, ਦੇ ਜੀ ਉੱਠੇ ਸਰੀਰ ਨਾਲ ਜੋ ਕਿ ਸੁਰਗੋਂ ਹੈ (ἐξ οὐρανοῦ, *ਐਕਸ ਔਰਾਨਾਊ*) ਤੁਲਨਾ ਕਰਕੇ ਆਪਣੀ ਗੱਲ ਨੂੰ ਸਾਬਤ ਕੀਤਾ ਸੀ। ਯਿਸੂ ਦੇ ਦੇਹਧਾਰਣ ਦੇ ਸਮੇਂ ਦੌਰਾਨ ਯਿਸੂ ਦੇ ਸਰੀਰ ਦਾ ਪੌਲੁਸ ਦੀ ਗੱਲ ਨਾਲ ਕੋਈ ਸੰਬੰਧ ਨਹੀਂ ਹੈ। ਰਿਡਰਬੌਸ ਨੇ ਇਹ ਸਹੀ ਹੀ ਕਿਹਾ ਹੈ:

> ਉਹ (*ਐਕਸ ਆਉਰਾਨਾਉ* ਸ਼ਬਦ) ਉਸ ਦੇ ਪਹਿਲਾਂ ਤੋਂ ਮੌਜੂਦ ਹੋਣ ਦੇ ਆਧਾਰ ਤੇ ਉਸ ਦੀ ਮਨੁੱਖਤਾਈ ਦੇ ਸੁਰਗੀ ਮੂਲ ਦੀ ਗੱਲ ਨਹੀਂ ਕਰਦੇ, ਪਰ ਉਸ ਦੇ ਜੀ ਉੱਠਣ ਦੇ ਆਧਾਰ ਤੇ ਉਸ ਦੀ ਮਨੁੱਖਤਾਈ ਦੇ ਆਤਮਿਕ, ਸੁਰਗੀ ਸੁਭਾਅ ਦੀ ਗੱਲ ਕਰਦੇ ਹਨ।[36]

ਭਾਵ ਇਹ ਹੈ ਕਿ ਦੂਜਾ ਮਨੁੱਖ, ਅਰਥਾਤ, ਜੀ ਉੱਠਿਆ ਯਿਸੂ, **ਸੁਰਗੋਂ** ਜਾਂ "ਸੁਰਗ ਤੋਂ"

ਹੈ (NIV)। ਉਹ ਮੁਰਦਿਆਂ ਵਿੱਚੋਂ ਆਪਣੇ ਜੀ ਉੱਠਣ ਦੇ ਕਾਰਣ "ਸੁਰਗੋਂ" ਹੈ। ਉਨ੍ਹਾਂ ਦੇ ਆਪਣੇ ਜੀ ਉੱਠਣ ਵਿੱਚ, ਵਿਸ਼ਵਾਸੀ ਉਸ ਦੇ "ਸੁਰਗੋਂ" ਹੋਣ ਵਿੱਚ ਸਾਂਝੀ ਹੋਣਗੇ, ਅਰਥਾਤ ਜੀ ਉੱਠਣ ਵਿੱਚ ਜੋ ਮਸੀਹ ਵਿੱਚ ਪਹਿਲਾਂ ਤੋਂ ਹੀ ਸ਼ੁਰੂ ਹੋ ਚੁੱਕਾ ਹੈ। ਫਿਲਹਾਲ, ਯਿਸੂ ਉਸ ਦੀ ਮਨੁੱਖਤਾਈ ਦੀ ਮੋਹਰ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਲਈ ਫਿਰਦਾ ਹੈ (ਵੇਖੋ ਫ਼ਿਲਿੱਪੀਆਂ 3:20, 21)। ਪੌਲੁਸ ਯਿਸੂ ਦੇ ਦੁਨਿਆਵੀ, ਜੀ ਉੱਠਣ ਤੋਂ ਪਹਿਲਾਂ ਵਾਲੇ ਸਰੀਰ ਬਾਰੇ ਕੁਝ ਨਹੀਂ ਸੀ ਕਹਿ ਰਿਹਾ। ਉਹ ਇਹ ਨਹੀਂ ਸੀ ਕਹਿ ਰਿਹਾ ਕਿ ਯਿਸੂ ਆਪਣੇ ਦੇਹਧਾਰੀ ਰੂਪ ਵਿੱਚ ਇੱਕ ਸੁਰਗੀ ਮਨੁੱਖ ਸੀ, ਜਿਵੇਂ ਕਿ ਕੁਝ ਰਹੱਸਵਾਦੀ ਡਾਕਟ੍ਰਿਨਾਂ ਨੇ ਪੁਸ਼ਟੀ ਕੀਤੀ ਸੀ। ਧਰਤੀ ਤੇ ਰਹਿੰਦੇ ਹੋਏ ਉਸ ਦੀ ਸਰੀਰਕ ਦੇਹ ਨੇ ਆਦਮ ਦੇ ਵੰਸ਼ਾਂ ਦੁਆਰਾ ਸਾਂਝੀ ਕੀਤੀ ਗਈ ਮਨੁੱਖਤਾ ਵਿੱਚ ਹਿੱਸਾ ਲਿਆ ਸੀ।

**ਆਇਤ 48.** ਪੌਲੁਸ ਨੇ ਮਨੁੱਖੀ ਹੋਂਦ ਦੇ ਸਿਰਫ ਦੋ ਰੂਪਾਂ ਦੀ ਕਲਪਨਾ ਕੀਤੀ ਸੀ। ਪਹਿਲਾ ਰੂਪ ਇਸ ਸੰਸਾਰ ਵਿੱਚ ਮਿੱਟੀ ਤੋਂ ਬਣਾਏ ਸਰੀਰ ਵਾਲਾ ਜੀਵਨ ਹੈ, **ਮਿੱਟੀ ਦਾ** (ὁ χοϊκός, *ਹੋ ਚੋਇਕੋਸ*)। ਦੂਜਾ ਰੂਪ ਸੁਰਗ ਵਿੱਚ ਉਸ ਤੋਂ ਬਣਾਇਆ ਗਿਆ ਜੀਵਨ ਹੈ ਜੋ **ਸੁਰਗ ਦਾ** (ὁ ἐπουράνιος, *ਹੋ ਇਪੋਰਾਨੀਓਸ*) ਹੈ। ਬੇਸ਼ੱਕ, ਰਸੂਲ ਜੋ ਭੁੱਲ ਗਿਆ ਸੀ ਉਹ ਹੈ ਸਰੀਰਕ ਮੌਤ ਅਤੇ ਅੰਤ ਵਿੱਚ ਪ੍ਰਭੂ ਦੇ ਆਉਣ ਦੇ ਵਿਚਕਾਰ ਦੇ ਸਮੇਂ ਦੌਰਾਨ ਹੋਂਦ ਕਥਿਤ ਰੂਪ ਵਿੱਚ "ਵਿਚਕਾਰਲੀ ਅਵਸਥਾ" ਦੀ ਹੋਂਦ ਹੈ। ਨਵੇਂ ਨੇਮ ਵਿੱਚ ਪੌਲੁਸ ਅਤੇ ਹੋਰਨਾਂ ਦੁਆਰਾ ਕਹੀਆਂ ਗਈਆਂ ਇਨ੍ਹਾਂ ਗੱਲਾਂ ਤੇ ਵਿਚਾਰ ਕੀਤਾ ਜਾ ਸਕਦਾ ਹੈ (ਵੇਖੋ 2 ਕੁਰਿੰਥੀਆਂ 5:1-10; ਫ਼ਿਲਿੱਪੀਆਂ 1:23; 3:20, 21; 1 ਥੱਸਲੁਨੀਕੀਆਂ 4:13-17); ਪਰ ਜਦੋਂ ਹਰੇਕ ਗੱਲ ਦੀ ਜਾਂਚ ਹੋ ਚੁੱਕੀ ਹੋਵੇਗੀ, ਵਿਚਕਾਰਲੀ ਹੋਂਦ ਦੇ ਨਾਲ ਫਿਰ ਵੀ ਕਈ ਸਵਾਲ ਜੁੜੇ ਰਹਿਣਗੇ। ਕੀ "ਨੰਗੇ" ਰਹਿਣਾ (2 ਕੁਰਿੰਥੀਆਂ 5:2, 3) ਮਸੀਹ ਵਿੱਚ ਮੁਰਦਿਆਂ ਦੀ ਕਿਸਮਤ ਹੈ ਜਦੋਂ ਤੱਕ ਪ੍ਰਭੂ ਦੁਬਾਰਾ ਨਹੀਂ ਆਉਂਦਾ? ਇਹ ਇਸ ਬੰਦ ਦੀ ਇੱਕ ਵਿਆਖਿਆ ਹੈ। ਸਵਾਲ ਬੇਅੰਤ ਹਨ ਅਤੇ ਕੋਈ ਵੀ ਜਵਾਬ ਕਾਲਪਨਿਕ ਹੈ। ਜੌਨ ਮੈਕਰੇਅ ਸਹੀ ਸੀ ਜਦੋਂ ਉਸ ਨੇ ਲਿਖਿਆ ਕਿ ਜਵਾਬ ". . . ਸਰੀਰ ਦੇ ਆਖ਼ਰੀ ਜੀ ਉੱਠਣ ਅਤੇ ਯਿਸੂ ਮਸੀਹ ਨਾਲ ਫੇਰ ਤੋਂ ਮਿਲਣ ਦੀ ਉਡੀਕ ਵਿੱਚ ਨਿਹਚਾ ਦੇ ਜੀਵਨ ਅਤੇ ਜੀਉਣ ਦੇ ਅਨੰਦ ਦੇ ਲਈ ਜ਼ਰੂਰੀ ਨਹੀਂ ਹਨ।"[37]

**ਆਇਤ 49. ਮਿੱਟੀ ਵਾਲੇ ਦਾ ਸਰੂਪ** ਜਿਹੜਾ **ਅਸੀਂ ਧਾਰਿਆ ਹੈ** ਵਰਤਮਾਨ ਯੁੱਗ ਦੀਆਂ ਸਰੀਰਕ ਦੇਹੀਆਂ ਵਿੱਚ ਹੈ। **ਸੁਰਗ ਵਾਲੇ ਦਾ ਸਰੂਪ** ਉਹ ਸਰੀਰ ਹੋਵੇਗਾ ਜੋ ਪ੍ਰਭੂ ਦੇ ਜੀ ਉੱਠੇ ਸਰੀਰ ਦੀ ਵਿਧੀ ਦੇ ਅਨੁਸਾਰ ਬਣਾਇਆ ਜਾਵੇਗਾ (ਫ਼ਿਲਿੱਪੀਆਂ 3:20, 21)। ਇਸ ਯੁੱਗ ਵਿੱਚ ਧਰਮੀ ਜੀਵਨ ਜੀਉਣ ਦੀ ਨਸੀਹਤ ਪੌਲੁਸ ਦੀ ਪੱਤ੍ਰੀ ਦੇ ਪਿਛੋਕੜ ਵਿੱਚ ਕਦੇ ਦੂਰ ਨਹੀਂ ਹੈ। ਭਵਿੱਖ ਸੂਚਕ φορέσομεν (*ਫੋਰੇਸੋਮੈਨ,* "ਅਸੀਂ ਧਾਰਾਂਗੇ") ਦੀ ਬਜਾਇ ਬਹੁਤ ਸਾਰੀਆਂ ਪ੍ਰਾਚੀਨ ਮੂਲ ਲਿਖਤਾਂ ਆਪਣੇ ਉਪਦੇਸ਼ ਵਿੱਚ ਉਪਦੇਸ਼ਾਤਮਕ ਸੰਭਾਵੀ φορέσωμεν (*ਫੋਰੇਸੋਮੈਨ,* "ਆਓ ਧਾਰੀਏ") ਦੀ ਵਰਤੋਂ ਕਰਦੀਆਂ ਹਨ। ਪਹਿਲੇ ਵਾਲਾ ਅਰਥ ਸੰਦਰਭ ਵਿੱਚ ਫਿੱਟ ਬੈਠਦਾ ਹੈ, ਪਰ ਮੂਲ ਲਿਖਤ ਦਾ ਪ੍ਰਮਾਣ ਬਾਅਦ ਵਾਲੇ ਅਰਥ ਦਾ ਪੱਖ ਲੈਂਦਾ ਹੈ। ਜੇਕਰ ਅਸੀਂ ਬਾਅਦ ਵਾਲੇ ਅਰਥ ਨੂੰ ਸਵੀਕਾਰ ਕਰਦੇ ਹਾਂ, ਪੌਲੁਸ ਆਪਣੇ ਪਾਠਕਾਂ ਨੂੰ ਉਸ ਜੀਵਨ ਦੇ ਢੰਗ ਨੂੰ ਅਪਨਾਉਣ ਦੇ ਲਈ ਬੁਲਾ ਰਿਹਾ ਸੀ ਜਿਸ ਦੇ ਲਈ ਸੁਰਗ ਦੇ ਮਸੀਹ ਨੇ ਆਪਣੇ ਲੋਕਾਂ ਨੂੰ ਸਦੀਪਕ ਕਾਲ ਦੀ ਤਿਆਰੀ ਵਿੱਚ ਜੀਉਣ ਦੇ ਲਈ ਬੁਲਾਇਆ ਹੈ।

## ਜੀ ਉੱਠਣ ਦਾ ਭੇਤ (15:50-57)

**[50]ਹੁਣ ਹੇ ਭਰਾਵੋ, ਮੈਂ ਇਹ ਆਖਦਾ ਹਾਂ ਜੋ ਮਾਸ ਅਤੇ ਲਹੂ ਪਰਮੇਸ਼ੁਰ ਦੇ ਰਾਜ ਦੇ
ਅਧਕਾਰੀ ਨਹੀਂ ਹੋ ਸੱਕਦੇ, ਨਾ ਵਿਨਾਸ ਅਵਿਨਾਸ ਦਾ ਅਧਿਕਾਰੀ ਹੁੰਦਾ ਹੈ। [51]ਵੇਖੋ, ਮੈਂ
ਤੁਹਾਨੂੰ ਇੱਕ ਭੇਤ ਦੱਸਦਾ ਹਾਂ ਜੋ ਅਸੀਂ ਸੱਭੇ ਨਹੀਂ ਸੌਂਵਾਂਗੇ। [52]ਪਰ ਸੱਭੇ ਛਿੰਨ ਭਰ ਵਿੱਚ
ਅੱਖ ਦੀ ਝਮਕ ਵਿੱਚ ਛੇਕੜਲੀ ਤੁਰ੍ਹੀ ਫੂਕਦਿਆਂ ਸਾਰ ਹੋਰ ਦੇ ਹੋਰ ਹੋ ਜਾਵਾਂਗੇ। ਤੁਰ੍ਹੀ
ਫੂਕੀ ਜਾਵੇਗੀ ਅਤੇ ਮੁਰਦੇ ਅਵਿਨਾਸੀ ਹੋ ਕੇ ਜੀ ਉੱਠਣਗੇ ਅਤੇ ਅਸੀਂ ਹੋਰ ਦੇ ਹੋਰ ਹੋ
ਜਾਵਾਂਗੇ। [53]ਕਿਉਂ ਜੋ ਜਰੂਰ ਹੈ ਕਿ ਨਾਸਵਾਨ ਅਵਿਨਾਸ ਨੂੰ ਉਦਾਲੇ ਪਾਵੇ ਅਤੇ
ਮਰਨਹਾਰ ਅਮਰਤਾ ਨੂੰ ਉਦਾਲੇ ਪਾਵੇ। [54]ਪਰ ਜਾਂ ਇਹ ਨਾਸਵਾਨ ਅਵਿਨਾਸ ਨੂੰ ਅਤੇ
ਇਹ ਮਰਨਹਾਰ ਅਮਰਤਾ ਨੂੰ ਉਦਾਲੇ ਪਾ ਚੁੱਕੇਗਾ ਤਾਂ ਉਹ ਗੱਲ ਜਿਹੜੀ ਲਿਖੀ ਹੋਈ
ਹੈ ਪੂਰੀ ਹੋ ਜਾਵੇਗੀ, -**

**ਮੌਤ ਫਤਹ ਦੀ ਬੁਰਕੀ ਹੋ ਗਈ।**
**[55]ਹੇ ਮੌਤ, ਤੇਰੀ ਫਤਹ ਕਿੱਥੇ ਹੈ?**
**ਹੇ ਮੌਤ, ਤੇਰਾ ਡੰਗ ਕਿੱਥੇ ਹੈ?**

**[56]ਮੌਤ ਦਾ ਡੰਗ ਪਾਪ ਹੈ ਅਤੇ ਪਾਪ ਦਾ ਬਲ ਸ਼ਰਾ ਹੈ। [57]ਪਰ ਧੰਨਵਾਦ ਹੈ
ਪਰਮੇਸ਼ੁਰ ਦਾ ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਫਤਹ ਬਖਸ਼ਦਾ ਹੈ!**

ਮਰੇ ਹੋਇਆਂ ਦੀ "ਵਿਚਕਾਰਲੀ ਸਥਿਤੀ" ਬਾਰੇ ਇੰਨਾ ਘੱਟ ਦੱਸਣ ਦੇ ਜਿੰਨਾ ਉਸ ਨੇ ਦੱਸਿਆ ਪੌਲੁਸ ਦੇ ਕੋਲ ਸ਼ਾਇਦ ਦੋ ਮਹੱਤਵਪੂਰਣ ਕਾਰਨ ਹੋ ਸਕਦੇ ਹਨ। ਪਹਿਲਾ, ਰਸੂਲ ਪ੍ਰਭੂ ਦੇ ਪ੍ਰਕਾਸ਼ਣ ਤੇ ਨਿਰਭਰ ਸੀ। ਇਸ ਵਿਸ਼ੇ ਤੇ, ਸਪੱਸ਼ਟ ਤੌਰ ਤੇ ਉਸ ਨੂੰ ਥੋੜਾ ਪ੍ਰਾਪਤ ਹੋਇਆ ਸੀ। ਦੂਸਰਾ, ਪੌਲੁਸ ਨੂੰ ਉਮੀਦ ਸੀ ਕਿ ਪ੍ਰਭੂ ਦੀ ਆਮਦ ਛੇਤੀ ਹੀ ਹੋਵੇਗੀ। ਉਸ ਨੇ ਅਨੁਮਾਨ ਲਗਾਇਆ ਕਿ ਉਸ ਦੇ ਸਮਕਾਲੀ ਮਸੀਹੀਆਂ ਦੀ ਮੌਤ ਅਤੇ ਯੁੱਗ ਦੇ ਅੰਤ ਦੇ ਵਿਚਕਾਰ ਬਹੁਤ ਲੰਬੀ ਮਿਆਦ ਨਹੀਂ ਹੋਵੇਗੀ।

1 ਥੱਸਲੁਨੀਕੀਆਂ ਦੀ ਪੱਤ੍ਰੀ 1 ਕੁਰਿੰਥੀਆਂ ਦੀ ਪੱਤ੍ਰੀ ਤੋਂ ਲਗਭਗ ਚਾਰ ਸਾਲ ਬਾਅਦ ਲਿਖੀ ਗਈ। ਥੱਸਲੁਨੀਕੇ ਦੇ ਲੋਕਾਂ ਨੂੰ ਲਿਖਣ ਦੇ ਸਮੇਂ, ਸ਼ਾਇਦ ਪੌਲੁਸ ਉਮੀਦ ਸੀ ਕਿ ਪ੍ਰਭੂ ਦੇ ਵਾਪਸ ਆਉਣ ਦੇ ਵੇਲੇ ਉਹ ਜੀਉਂਦਿਆਂ ਲੋਕਾਂ ਦੇ ਵਿਚ ਹੋਵੇਗਾ। ਉਸ ਨੇ ਲਿਖਿਆ, ". . . ਅਸੀਂ ਜਿਹੜੇ ਜੀਉਂਦੇ ਅਤੇ ਪ੍ਰਭੂ ਦੇ ਆਉਣ ਤੀਕ ਬਾਕੀ ਰਹਿੰਦੇ ਹਾਂ ਸੋ ਓਹਨਾਂ ਤੋਂ ਜਿਹੜੇ ਸੌਂ ਗਏ ਹਨ ਕਦੀ ਅਗੇਤ੍ਰੇ ਨਾ ਹੋਵਾਂਗੇ" (1 ਥੱਸਲੁਨੀਕੀਆਂ 4:15)। 1 ਕੁਰਿੰਥੀਆਂ ਵਿਚ, ਹੋਰ ਵਧੇਰੇ ਪਰਕਾਸ਼ਣ ਤੋਂ ਬਾਅਦ, ਸ਼ਾਇਦ ਉਸ ਨੇ ਇਹ ਮੰਨ ਲਿਆ ਹੋ ਸਕਦਾ ਹੈ ਕਿ ਉਹ ਉਸ ਸਮੇਂ ਜ਼ਿੰਦਾ ਨਹੀਂ ਹੋਵੇਗਾ। ਉਸ ਨੇ ਲਿਖਿਆ, "ਅਸੀਂ ਸੱਭੇ ਨਹੀਂ ਸੌਂਵਾਂਗੇ, . . . ਪਰ ਹੋਰ ਦੇ ਹੋਰ ਹੋ ਜਾਵਾਂਗੇ" (15:51)।

ਨਵੇਂ ਨੇਮ ਦੇ ਮਸੀਹੀ ਮਸੀਹ ਦੀ ਆਮਦ ਦੀ ਰਾਹ ਤੱਕ ਰਹੇ ਸਨ। ਯਾਕੂਬ ਨੇ ਲਿਖਿਆ, "ਤੁਸੀਂ ਵੀ ਧੀਰਜ ਕਰੋ"। ਆਪਣਿਆਂ ਮਨਾਂ ਨੂੰ ਤਕੜਿਆਂ ਰੱਖੋ ਕਿਉਂ ਜੋ ਪ੍ਰਭੁ ਦਾ ਆਉਣਾ ਨੇੜੇ ਹੀ ['ਕੋਲ ਹੀ'; NKJV] ਹੈ (ਯਾਕੂਬ 5:8)। ਆਪਣੀ ਪਹਿਲੀ ਪੱਤ੍ਰੀ ਵਿਚ, ਪਤਰਸ ਨੇ ਕਿਹਾ, "ਪਰ ਸਭਨਾਂ ਵਸਤਾਂ ਦਾ ਅੰਤ ਨੇੜੇ ਹੈ" (1 ਪਤਰਸ 4:7)। ਇਸ ਦਾ ਅਰਥ ਸਿਰਫ ਇਹ ਨਹੀਂ ਹੈ ਕਿ ਪ੍ਰਭੂ ਵਾਪਸ ਆਵੇਗਾ; ਅਤੇ ਵਿਸ਼ਵਾਸੀਆਂ ਨੂੰ, ਹਰ ਦਿਨ ਉਸ ਘਟਨਾ ਦੀ ਉਮੀਦ ਵਿਚ ਰਹਿਣਾ ਚਾਹੀਦਾ ਹੈ। ਉਹ ਸਿਰਫ ਆ ਹੀ ਨਹੀਂ ਰਿਹਾ ਹੈ,

ਪਰ, ਇੱਕ ਜਾਣੇ-ਪਛਾਣੇ ਭਜਨ ਦੇ ਸ਼ਬਦਾਂ ਦੇ ਅਨੁਸਾਰ, "ਯਿਸੂ ਜਲਦੀ ਆ ਰਿਹਾ ਹੈ।"[38] ਕਲੀਸੀਆ ਦੀ ਡਾਕਟ੍ਰਿਨ ਹੈ ਕਿ ਉਹ ਜਲਦੀ ਆ ਰਿਹਾ ਹੈ ਅਤੇ ਫਿਰ ਅਸੀਂ ਸਾਰੇ ਬਦਲ ਜਾਵਾਂਗੇ।

**ਆਇਤ 50.** ਪੌਲੁਸ ਆਪਣੀਆਂ ਦਲੀਲਾਂ ਦਾ ਖੁਲਾਸਾ ਕਰਨ ਦੇ ਲਈ ਤਿਆਰ ਸੀ। ਹਾਲਾਂਕਿ ਉਸ ਨੇ ਇਸ ਗੱਲ ਨੂੰ ਸਪੱਸ਼ਟ ਕਰ ਦਿੱਤਾ ਸੀ ਕਿ ਇੱਕ ਜੀ ਉੱਠਣ ਵਾਲਾ ਸਰੀਰ ਹੋਵੇਗਾ, ਉਸ ਨੇ ਇਹ ਵੀ ਕਿਹਾ ਕਿ ਜੀ ਉੱਠਣ ਵਾਲੇ ਸਰੀਰ ਨੂੰ ਇਸ ਮਾਸ-ਅਤੇ-ਲਹੂ ਦੇ ਸਰੀਰ ਦੇ ਸਮਾਨ ਨਹੀਂ ਸਮਝਿਆ ਜਾਣਾ ਚਾਹੀਦਾ ਜੋ ਹੁਣ ਮਨੁੱਖੀ ਹੋਂਦ ਨੂੰ ਸੀਮਿਤ ਕਰਦਾ ਹੈ। ਇਹ ਮਾਸ ਨਾਸਵਾਨ ਹੈ; ਜੀ ਉੱਠਣ ਵਾਲਾ ਸਰੀਰ ਅਵਿਨਾਸੀ ਹੋਵੇਗਾ। ਇੱਕ **ਵਿਨਾਸ** ਹੋਣ ਵਾਲਾ ਸਰੀਰ **ਅਵਿਨਾਸ** ਦਾ, ਅਰਥਾਤ, **ਪਰਮੇਸ਼ੁਰ ਦੇ ਰਾਜ ਦਾ ਅਧਕਾਰੀ** ਨਹੀਂ ਹੋ ਸਕਦਾ ਹੈ। ਪੌਲੁਸ ਦੇ ਲਈ ਇੱਕ ਭੌਤਿਕ ਸਰੀਰ ਵਿਚ ਨਕਾਰਾਤਮਕ ਪ੍ਰਭਾਵ ਨਹੀਂ ਸਨ ਜੋ ਆਮ ਤੌਰ ਤੇ ਯੂਨਾਨੀ ਵਿਚਾਰਕਾਂ ਦੇ ਅਨੁਸਾਰ ਸਨ।

ਸ਼ਬਦ "ਸਰੀਰ" ਦੀ ਤੁਲਨਾ ਜਦੋਂ **ਮਾਸ** ਦੇ ਨਾਲ ਕੀਤੀ ਜਾਂਦੀ ਹੈ, ਤਾਂ ਇਹ ਮਨੁੱਖ ਦੇ ਦੋ ਵੱਖ ਵੱਖ ਰੂਪਾਂ ਨੂੰ ਪ੍ਰਸਤੁਤ ਕਰਦਾ ਹੈ। ਪ੍ਰਸੰਗਾਂ ਵਿਚ ਜਿੱਥੇ ਸਿਰਫ ਇਹ ਸੰਸਾਰ ਵਿਚਾਰ ਅਧੀਨ ਹੈ, ਰਸੂਲ ਕਈ ਵਾਰ ਵੱਖੋ-ਵੱਖ ਸ਼ਬਦਾਂ ਨੂੰ ਇਸਤੇਮਾਲ ਕਰਦਾ ਹੈ (ਉਦਾਹਰਣ ਦੇ ਤੌਰ ਤੇ, ਰੋਮੀਆਂ 2:28 ਵਿਚ, ਜਿੱਥੇ "ਮਾਸ" "ਸਰੀਰ" ਦੇ ਸਮਾਨ ਹੈ)। ਹੋਰਨਾਂ ਬੰਦਾਂ ਵਿਚ, ਉਹ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਮਨੁੱਖ ਨੂੰ ਸੂਚਿਤ ਕਰਦਾ ਹੈ। ਪੌਲੁਸ ਉਸ ਸਮੇਂ ਸ਼ਬਦ "ਮਾਸ" ਦਾ ਇਸਤੇਮਾਲ ਕਰਦਾ ਹੈ ਜਦੋਂ ਉਹ ਮਨੁੱਖ ਨੂੰ ਉਸ ਦੀ ਕਮਜ਼ੋਰੀ ਅਤੇ ਅਸਥਾਈਪਨ ਵਿਚ ਪ੍ਰਸਤੁਤ ਕਰਨਾ ਚਾਹੁੰਦਾ ਸੀ। ਜਦਕਿ ਰਸੂਲ ਇੱਕ ਸਰੀਰ ਤੋਂ ਬਿਨਾਂ ਜੀ ਉੱਠਣ ਦੇ ਵਿਸ਼ੇ ਵਿਚ ਸੋਚ ਨਹੀਂ ਸਕਦਾ ਸੀ, ਪਰ ਉਸ ਨੇ ਕਦੀ ਵੀ ਮਾਸ ਦੇ ਜੀ ਉੱਠਣ ਦਾ ਉਲੇਖ ਨਹੀਂ ਕੀਤਾ ਸੀ।

ਜੇਮਸ ਡੀ. ਜੀ. ਡਨ ਨੇ ਇਸ ਨੂੰ ਇਸ ਤਰੀਕੇ ਦੇ ਨਾਲ ਕਿਹਾ ਹੈ:

> ਸਾਡਾ ਸਰੀਰਕ ਹੋਣਾ ਸਾਡੀ ਕਮਜ਼ੋਰੀ ਅਤੇ ਅਸਥਿਰਤਾ ਦੀ ਪੁਸ਼ਟੀ ਕਰਦਾ ਹੈ ਕਿ ਅਸੀਂ ਸਿਰਫ ਮਨੁੱਖ ਮਾਤਰ ਹਾਂ, ਸਾਡਾ ਮੌਤ ਤੋਂ ਨਾ ਬਚ ਸਕਣਾ, ਸਾਡਾ ਭੁੱਖ ਅਤੇ ਸੰਤੁਸ਼ਟੀ ਤੇ ਨਿਰਭਰ ਹੋਣਾ, ਇਨ੍ਹਾਂ ਭੁੱਖਾਂ ਅਤੇ ਇੱਛਾਵਾਂ ਦੀ ਹੇਰਾਫੇਰੀ ਲਈ ਸਾਡੀ ਕਮਜ਼ੋਰੀ।[39]

ਮਨੁੱਖੀ ਹੋਂਦ ਦੇ ਵਿਸ਼ੇ ਵਿਚ ਵਿਚਾਰ ਕਰਨ ਦੇ ਲਈ "ਮਾਸ" ਸ਼ਬਦ ਨਾਲੋਂ "ਸਰੀਰ" ਸ਼ਬਦ ਵਧੇਰੇ ਸਕਾਰਾਤਮਕ ਹੈ। ਪੌਲੁਸ ਅਤੇ ਪੁਰਾਣੇ ਨੇਮ ਦਾ ਪਰਕਾਸ਼ ਸਮਝਣ ਵਿਚ ਇੱਕ ਸਮਾਨ ਸਨ ਕਿ ਇੱਕ ਸਰੀਰ ਹੋਣ ਦਾ ਇੱਕ ਜਨਮ ਸਿੱਧ ਪੱਖ ਹੈ ਇੱਕ ਜ਼ਿੰਦਾ ਆਤਮਾ ਦਾ ਹੋਣਾ।

ਯਹੋਯਾਕੀਮ ਯਿਰਮਿਯਾਹ ਨੇ 15ਵੇਂ ਅਧਿਆਇ ਦੀਆਂ ਅੰਤਿਮ ਆਇਤਾਂ ਦੇ ਸਾਰ ਨੂੰ ਇਸ ਤੁਲਨਾ ਦੇ ਰੂਪ ਵਿਚ ਵੇਖਿਆ ਸੀ ਕਿ ਮਸੀਹ ਦੀ ਆਮਦ ਦਾ ਉਨ੍ਹਾਂ ਲੋਕਾਂ ਦੇ ਲਈ ਜੋ ਉਸ ਸਮੇਂ ਜੀਉਂਦੇ ਹੋਣਗੇ ਅਤੇ ਅਤੇ ਜੋ ਮਰ ਚੁੱਕੇ ਹੋਣਗੇ ਕੀ ਅਰਥ ਹੋਵੇਗਾ।[40] ਯਿਰਮਿਯਾਹ ਦੇ ਅਨੁਸਾਰ, "ਮਾਸ ਅਤੇ ਲਹੂ" ਤੋਂ ਰਸੂਲ ਦਾ ਅਰਥ ਉਨ੍ਹਾਂ ਲੋਕਾਂ ਦਾ ਉਲੇਖ ਕਰਨਾ ਸੀ ਜੋ ਲੋਕ ਜੀਉਂਦੇ ਹਨ, ਅਤੇ ਉਸ ਨੇ "ਵਿਨਾਸ" (φθορά, *ਫਥੋਰਾ*, "ਨਾਸਵਾਨ"; KJV) ਦਾ ਇਸਤੇਮਾਲ ਉਨ੍ਹਾਂ ਲੋਕਾਂ ਦੇ ਲਈ ਕੀਤਾ ਹੈ ਜੋ ਮਰ ਚੁੱਕੇ ਹਨ। 15:53 ਵਿਚ "ਨਾਸਵਾਨ", ਫਿਰ ਤੋਂ ਉਹ ਲੋਕ ਹਨ ਜੋ ਪ੍ਰਭੂ ਦੀ ਆਮਦ ਤੋਂ ਪਹਿਲਾਂ ਮਰ ਜਾਂਦੇ ਹਨ, ਅਤੇ "ਅਵਿਨਾਸੀ"

ਉਹ ਹਨ ਜੋ ਜੀਉਂਦੇ ਰਹਿੰਦੇ ਹਨ। ਪੌਲੁਸ ਨੇ ਇਸ ਗੱਲ ਦੀ ਵਿਆਖਿਆ ਕੀਤੀ ਕਿ ਕਿਵੇਂ ਪ੍ਰਭੂ ਦੀ ਆਮਦ ਮਰਿਆਂ ਹੋਇਆਂ ਅਤੇ ਜੀਉਂਦੇ ਲੋਕਾਂ ਨੂੰ ਜੀ ਉੱਠਣ ਵਿਚ ਭਾਗੀ ਹੋਣ ਦੀ ਇਜਾਜ਼ਤ ਦੇਵੇਗੀ। ਯਿਰਮਿਯਾਹ ਦਾ ਪ੍ਰਸਤਾਵ ਰਸੂਲ ਦੇ ਤਰਕ ਦੀ ਇੱਕ ਸਪੱਸ਼ਟ ਵਿਆਖਿਆ ਹੈ, ਪਰ ਇਸ ਅਧਿਆਇ ਵਿਚਲਾ ਕੁਝ ਵੀ ਇਸ ਗੱਲ ਨੂੰ ਨਹੀਂ ਦੱਸਦਾ ਕਿ ਕੁਰਿੰਥੁਸ ਦੇ ਲੋਕ ਪ੍ਰਭੂ ਦੀ ਆਮਦ ਤੋਂ ਪਹਿਲਾਂ ਮਰ ਚੁੱਕੇ ਲੋਕਾਂ ਦੀ ਚਿੰਤਾ ਕਰਕੇ ਪਰੇਸ਼ਾਨ ਸਨ। ਇਹ ਸੰਭਵ ਨਹੀਂ ਹੈ ਕਿ ਅਸੀਂ ਥੱਸਲੁਨੀਕੇ ਦੇ ਮਸੀਹੀਆਂ ਦੇ ਪ੍ਰਸ਼ਨਾਂ ਨੂੰ ਕੁਰਿੰਥੁਸ ਵਿਚ ਲੈ ਕੇ ਜਾਈਏ (ਵੇਖੋ 1 ਥੱਸਲੁਨੀਕੀਆਂ 4:13)।[41]

**ਆਇਤ 51.** ਜੀ ਉੱਠੇ ਸਰੀਰ ਦਾ ਸਵਰੂਪ ਅਤੇ ਉਹ ਪ੍ਰਕਿਰਿਆ ਜਿਸ ਦੇ ਦੁਆਰਾ ਪਰਮੇਸ਼ੁਰ ਦੇ ਲੋਕ ਨਾਸਵਾਨ ਤੋਂ ਅਵਿਨਾਸੀ ਵਿਚ ਬਦਲ ਜਾਣਗੇ ਉਹ ਨਾਸਵਾਨ ਸਮਝ ਤੋਂ ਪਰੇ ਹੈ; ਇਹ ਇੱਕ **ਭੇਤ** ਹੈ। ਰਸੂਲ ਨੇ ਪ੍ਰਭੂ ਦੇ ਕੋਲੋਂ ਕੁਝ ਹੱਦ ਤਕ ਪ੍ਰਕਾਸ਼ ਪ੍ਰਾਪਤ ਕੀਤਾ ਸੀ ਜਿਸ ਨੇ ਕੁਝ ਹੱਦ ਤਕ ਉਸ ਭੇਤ ਤੋਂ ਪਰਦੇ ਨੂੰ ਉਠਾਇਆ ਸੀ। ਕੁਝ ਵਿਸ਼ਵਾਸੀ ਪ੍ਰਭੂ ਦੀ ਆਮਦ ਦੇ ਸਮੇਂ ਜ਼ਿੰਦਾ ਹੋਣਗੇ। ਸਾਰੇ ਦੇ ਸਾਰੇ ਲੋਕ ਮਰ ਨਹੀਂ ਜਾਣਗੇ; ਪਰ ਜਦੋਂ ਪ੍ਰਭੂ ਆਵੇਗਾ ਉਸ ਸਮੇਂ ਭਾਵੇਂ ਜ਼ਿੰਦਾ ਹੋਣ ਭਾਵੇਂ ਮੁਰਦਾ, ਸਾਰੇ ਦੇ ਸਾਰੇ ਲੋਕ ਬਦਲ ਜਾਣਗੇ। ਲਹੂ ਅਤੇ ਮਾਸ ਦਾ ਨਾਸਵਾਨ ਸਰੀਰ ਜੀ ਉੱਠੇ ਹੋਏ ਸਰੀਰ ਵਿਚ ਬਦਲ ਜਾਵੇਗਾ। ਯੂਨਾਨੀ ਵਿਚਾਰਕ ਗਲਤ ਸਨ ਜਿਨ੍ਹਾਂ ਨੇ ਇਸ ਸਿਧਾਂਤ ਦੇ ਅਧਾਰ ਤੇ ਕਿ ਸਮੱਗਰੀ ਅਸਲ ਵਿਚ ਭ੍ਰਿਸ਼ਟ ਹੈ ਇੱਕ ਸਰੀਰਕ ਜੀ ਉੱਠਣ ਨੂੰ ਖਾਰਿਜ ਕਰ ਦਿੱਤਾ ਸੀ। ਆਦਿ ਤੋਂ, ਪਰਮੇਸ਼ੁਰ ਨੇ ਭੌਤਿਕ ਬ੍ਰਹਿਮੰਡ ਦੇ ਚੰਗੇ ਹੋਣ ਦਾ ਐਲਾਨ ਕੀਤਾ। **ਹੋਰ ਦੇ ਹੋਰ ਹੋ ਜਾਵਾਂਗੇ** ਦਾ ਅਰਥ ਮਸੀਹੀਆਂ ਦੇ ਲਈ ਆਉਣ ਵਾਲੇ ਯੁੱਗ ਦੇ ਵਿਚ ਸਰੀਰ ਤੋਂ ਰਹਿਤ ਹੋਣਾ ਨਹੀਂ ਹੈ।

**ਆਇਤ 52.** ਜਦੋਂ ਅੰਤ ਆਵੇਗਾ, ਤਾਂ ਸਮਾਂ ਭੱਜ ਜਾਵੇਗਾ। ਪ੍ਰਭੂ ਦੀ ਪਹਿਲੀ ਆਮਦ ਭਵਿੱਖ ਦੀ ਭਵਿੱਖਬਾਣੀ ਅਤੇ ਪੂਰਵ-ਅਨੁਮਾਨ ਦੀ ਇੱਕ ਲੰਬੀ ਪ੍ਰਕਿਰਿਆ ਦੇ ਅੰਤ ਵਿਚ ਹੋਈ ਸੀ। ਦੂਸਰੀ ਆਮਦ (ਇਬਰਾਨੀਆਂ 9:28) ਇੱਕ ਵੱਖਰੀ ਕਿਸਮ ਦੀ ਹੋਵੇਗੀ। ਉਹ ਅਚਾਨਕ ਆਵੇਗਾ, ਜਿਵੇਂ ਰਾਤ ਨੂੰ ਚੋਰ ਆਉਂਦਾ ਹੈ (ਮੱਤੀ 24:43; ਲੂਕਾ 12:39; 1 ਥੱਸਲੁਨੀਕੀਆਂ 5:2; 2 ਪਤਰਸ 3:10)। ਭਰੋਸੇ, ਤੋਬਾ, ਅਤੇ ਆਸ ਦਾ ਸਮਾਂ ਸਮਾਪਤ ਹੋ ਜਾਵੇਗਾ। ਸਮੇਂ ਦੇ **ਛਿੰਨ ਭਰ ਵਿੱਚ** (ἐν ἀτόμῳ, ਐਨ ਅਟੋਮੋ), ਅੱਖ ਦੀ ਇੱਕ ਝਮਕ ਵਿਚ, ਪਰਮੇਸ਼ੁਰ ਦੀ ਸਮਰੱਥ ਦੇ ਨਾਲ ਬਦਲ ਜਾਣ ਦੀਆਂ ਘਟਨਾਵਾਂ ਵਾਪਰਣਗੀਆਂ। ਅੰਗ੍ਰੇਜ਼ੀ ਬੋਲਣ ਵਾਲਿਆਂ ਨੇ ਇੱਥੇ ਇਸਤੇਮਾਲ ਕੀਤੇ ਗਏ ਯੂਨਾਨੀ ਸ਼ਬਦ ਨੂੰ ਉਧਾਰ ਲੈ ਕੇ, ਇਸ ਨੂੰ ਮਾਮਲੇ ਦੇ ਵਿਚ ਲਾਗੂ ਕੀਤਾ, ਅਤੇ ਪਦਾਰਥਕ ਹੋਂਦ ਦੇ ਖੰਡਾਂ ਨੂੰ "ਪਰਮਾਣੂਆਂ" ਦਾ ਕਰਾਰ ਦਿੱਤਾ।

ਰਸੂਲ ਨੇ ਆਪਣੇ ਪਾਠਕਾਂ ਨੂੰ ਘਟਨਾਵਾਂ ਦੀ ਸਹਿਜਤਾ ਦੇ ਨਾਲ ਹੀ ਪ੍ਰਭਾਵਿਤ ਨਹੀਂ ਕੀਤਾ। ਉਸ ਨੇ ਅੰਤ ਕਾਲ ਦਾ ਸੰਕੇਤ ਕਰਨ ਦੇ ਲਈ ਤੁਰ੍ਹੀ ਦੇ ਫੂਕੇ ਜਾਣ ਦੇ ਰੂਪਕ ਦਾ ਇਸਤੇਮਾਲ ਕੀਤਾ ਸੀ (ਵੇਖੋ ਮੱਤੀ 24:31; 1 ਥੱਸਲੁਨੀਕੀਆਂ 4:16)। ਉਸ ਨੇ ਕਿਹਾ, ਜਦੋਂ ਤੁਰ੍ਹੀ ਫੂਕੀ ਜਾਵੇਗੀ, **ਮੁਰਦੇ ਅਵਿਨਾਸੀ ਹੋ ਕੇ ਜੀ ਉੱਠਣਗੇ**, ਤਾਂ ਜੀਉਂਦੇ ਲੋਕ ਬਦਲ ਜਾਣਗੇ, ਅਤੇ ਸਾਰੇ **ਹੋਰ ਦੇ ਹੋਰ ਹੋ ਜਾਵਾਂਗੇ।** ਜੀ ਉੱਠਿਆ ਹੋਇਆ ਸਰੀਰ ਮਾਸ ਦੀਆਂ ਕਮੀਆਂ ਨੂੰ ਪਿੱਛੇ ਛੱਡ ਦੇਵੇਗਾ। ਨਤੀਜਾ ਇੱਕ ਸਵਰਗੀ, ਅਵਿਨਾਸੀ ਸਰੀਰ ਹੋਵੇਗਾ।

ਪੌਲੁਸ ਝੂਠੀਆਂ ਸਿੱਖਿਆਵਾਂ ਦੀ ਨਿੰਦਾ ਕਰਨ ਤੋਂ ਨਹੀਂ ਝਿਜਕਿਆ – ਉਦਾਹਰਣ ਦੇ ਤੌਰ ਤੇ, ਉਠਾਏ ਜਾਣਾ, ਜਾਂ ਧਰਤੀ ਉੱਤੇ ਮਸੀਹ ਦਾ ਹਜ਼ਾਰ ਸਾਲ ਦਾ ਰਾਜ। ਉਸ ਨੇ ਸੋਨੇ

ਦੀਆਂ ਸੜਕਾਂ ਅਤੇ ਇੱਕ ਚਕੋਰ ਨਗਰੀ ਦੇ ਵੇਰਵਿਆਂ ਨੂੰ ਯੂਹੰਨਾ ਦੇ ਅਲੌਕਿਕ ਦਰਸ਼ਣਾਂ ਦੇ ਉੱਤੇ ਛੱਡ ਦਿੱਤਾ (ਪਰਕਾਸ਼ ਦੀ ਪੋਥੀ 21:16-21)। ਇਸ ਵਿਸ਼ਵਾਸ ਦੇ ਯੁੱਗ ਵਿਚ, ਪਰਮੇਸ਼ੁਰ ਦੇ ਲੋਕਾਂ ਨੂੰ ਸਧਾਰਣ ਤੌਰ ਤੇ ਉਸ ਤੇ ਭਰੋਸਾ ਰੱਖਣ ਦੀ ਲੋੜ ਹੈ "ਉਹ ਦੀ ਜਿਹੜਾ ਅਜਿਹਾ ਸਮਰਥ ਹੈ ਕਿ ਜੋ ਕੁਝ ਅਸੀਂ ਮੰਗਦੇ ਯਾ ਸੋਚਦੇ ਹਾਂ ਉਸ ਨਾਲੋਂ ਅੱਤ ਵਧੀਕ ਕਰ ਸੱਕਦਾ ਹੈ ਉਸ ਸਮਰੱਥਾ ਦੇ ਅਨੁਸਾਰ ਜੋ ਸਾਡੇ ਵਿੱਚ ਪੋਹੰਦੀ ਹੈ" (ਅਫ਼ਸੀਆਂ 3:20)। ਰਸੂਲ ਦਾ ਅਰਥ ਵਿਸ਼ਵਾਸੀਆਂ ਦੇ ਲਈ ਇਹ ਸਥਾਪਤ ਕਰਨਾ ਸੀ ਕਿ ਮਸੀਹ ਵਿਚ ਜਿਸ ਅਨੰਤ ਜੀਵਨ ਦਾ ਵਾਇਦਾ ਪਰਮੇਸ਼ੁਰ ਨੇ ਕੀਤਾ ਹੈ ਉਸ ਵਿਚ ਸਰੀਰਕ ਹੋਂਦ ਵੀ ਸ਼ਾਮਲ ਹੈ। ਇਸ ਪ੍ਰਸੰਗ ਵਿਚ, ਪੌਲੁਸ ਦੇ ਕੋਲ ਮਸੀਹ ਤੋਂ ਬਾਹਰ ਦੇ ਲੋਕਾਂ ਦੇ ਵਿਸ਼ੇ ਵਿਚ ਕਹਿਣ ਦੇ ਲਈ ਕੁਝ ਵੀ ਨਹੀਂ ਸੀ। ਉਸ ਨੂੰ ਸਿਰਫ ਬਚਾਏ ਹੋਏ ਲੋਕਾਂ ਦੀ ਹੀ ਚਿੰਤਾ ਸੀ।

**ਆਇਤ 53.** ਬਾਅਦ ਵਿਚ ਪੌਲੁਸ ਰਸੂਲ ਨੇ ਉਸ ਨੂੰ ਸਕਾਰਾਤਮਕ ਰੂਪ ਵਿਚ ਕਿਹਾ ਜਿਸ ਨੂੰ ਉਸ ਨੇ 15:50 ਦੇ ਵਿਚ ਨਕਾਰਾਤਮਕ ਰੂਪ ਵਿਚ ਪਰਗਟ ਕੀਤਾ ਸੀ। ਜਦਕਿ ਸਰੀਰ ਦਾ ਰੂਪ ਬਦਲ ਜਾਵੇਗਾ, ਪੌਲੁਸ ਨੇ ਜ਼ੋਰ ਦਿੱਤਾ ਕਿ ਜਦੋਂ ਮਸੀਹੀ ਲੋਕ ਪ੍ਰਭੂ ਦੀ ਆਮਦ ਦੀ ਉਡੀਕ ਕਰ ਰਹੇ ਹਨ ਤਾਂ ਉਹ ਕੀ ਹੋਵੇਗਾ ਅਤੇ ਜਦੋਂ ਤੁਰ੍ਹੀ ਫੂਕੀ ਜਾਵੇਗੀ ਤਾਂ ਉਹ ਕੀ ਹੋਣਗੇ ਉਸ ਦੇ ਵਿਚਕਾਰ ਇੱਕ ਨਿਰੰਤਰਤਾ ਹੋਵੇਗੀ। **ਕਿਉਂ ਜੋ ਜਰੂਰ ਹੈ ਕਿ ਨਾਸਵਾਨ ਅਵਿਨਾਸ ਨੂੰ ਉਦਾਲੇ ਪਾਵੇ ਅਤੇ ਇਹ ਮਰਨਹਾਰ ਅਮਰਤਾ ਨੂੰ ਉਦਾਲੇ ਪਾਵੇ।** ਪੌਲੁਸ ਦੇ ਅਨੁਸਾਰ, ਇਸ ਯੁੱਗ ਵਿਚ ਮੌਜੂਦ ਅਤੇ ਆਉਣ ਵਾਲੇ ਯੁੱਗ ਵਿੱਚ ਇੱਕ ਵਿਅਕਤੀ ਵਿਚ, ਸਰੀਰ ਅਤੇ ਆਤਮਾ ਦੀ ਏਕਤਾ ਸ਼ਾਮਲ ਹੈ।

**ਆਇਤ 54.** ਗ਼ੈਰ ਯਹੂਦੀਆਂ ਦੇ ਲਈ ਰਸੂਲ ਨੇ ਆਤਮਾਵਾਂ ਦੇ ਨਾਲ ਕਿਸੇ ਵੀ ਸਰੀਰ ਰਹਿਤ ਹੋਂਦ ਦਾ ਜਾਂ "ਆਤਮਾ ਦੇ ਸੰਸਾਰ" ਵਿਚ ਲੀਨ ਹੋਣ ਦਾ ਚਿੱਤਰਣ ਨਹੀਂ ਕੀਤਾ। ਇਸ ਘੋਸ਼ਣਾ ਦੇ ਅਧਾਰ ਤੇ **ਇਹ ਮਰਨਹਾਰ ਅਮਰਤਾ ਨੂੰ** [ਜ਼ਰੂਰ] **ਉਦਾਲੇ ਪਾ ਚੁੱਕੇਗਾ** ਸਰੀਰਕ ਹੋਂਦ ਦਾ ਕੋਈ ਪ੍ਰਸ਼ਨ ਨਹੀਂ ਹੈ। ਕਿਸੇ ਹੋਰ ਸਥਾਨ ਤੇ ਰਸੂਲ ਨੇ ਮਸੀਹ ਨੂੰ ਉਦਾਲੇ ਪਹਿਨ ਲੈਣ ਦੇ ਰੂਪਕ ਨੂੰ ਵਰਤ ਕੇ ਮਸੀਹੀ ਬਣਨ ਦੇ ਵਿਸ਼ੇ ਵਿਚ ਲਿਖਿਆ ਸੀ। ਇਹ ਇੱਕ ਕੱਪੜਾ ਪਹਿਨ ਲੈਣ ਦੇ ਸਮਾਨ ਹੈ। ਜਦੋਂ ਜੀ ਉੱਠਣਾ ਵਿਸ਼ਾ ਹੁੰਦਾ ਹੈ, ਤਾਂ "ਉਦਾਲੇ ਪਾ ਚੁੱਕੇਗਾ" ਅਨੰਤ ਹੋਂਦ ਦੀ ਤਿਆਰੀ ਲਈ ਬਦਲਾਅ ਦਾ ਸੰਕੇਤ ਦਿੰਦਾ ਹੈ। ਪ੍ਰਭੂ ਦੀ ਆਮਦ ਦੇ ਵੇਲੇ *ਕਿਵੇਂ* ਉਹ ਲੋਕ ਜੋ ਜੀਉਂਦੇ ਹਨ ਇੱਕ ਸਰੀਰ ਦੇ ਲਈ ਦੂਸਰੇ ਨੂੰ ਲਾਹ ਸੁੱਟਣਗੇ ਅਤੇ ਕਿਵੇਂ ਮੁਰਦਿਆਂ ਨੂੰ ਜੀ ਉੱਠਿਆ ਹੋਇਆ ਸਰੀਰ ਪਹਿਨਾਇਆ ਜਾਵੇਗਾ ਇਹ ਵਿਸ਼ੇ ਪੌਲੁਸ ਦੇ ਤੁਰੰਤ ਦਿਲਚਸਪੀ ਦੇ ਖੇਤਰ ਤੋਂ ਬਾਹਰ ਸਨ।

ਜਦੋਂ ਤੁਰ੍ਹੀ ਫੂਕੀ ਜਾਂਦੀ ਹੈ ਅਤੇ "ਮਰਨਹਾਰ" "ਅਮਰਤਾ" ਵਿਚ ਬਦਲ ਜਾਂਦਾ ਹੈ, ਤਾਂ ਇਹ ਸਮੇਂ ਦੀ ਸ਼ੁਰੂਆਤ ਤੋਂ ਪਰਮੇਸ਼ੁਰ ਦੇ ਪਰਕਾਸ਼ ਦੀ ਪੂਰਤੀ ਹੋਵੇਗਾ। ਯਸਾਯਾਹ 25:8 ਦਾ ਰਸੂਲ ਦਾ ਹਵਾਲਾ ਸੰਖੇਪ ਹੈ ਪਰ ਠੀਕ ਬਿੰਦੂ ਤੇ ਹੈ: **"ਮੌਤ ਫਤਹ ਦੀ ਬੁਰਕੀ ਹੋ ਗਈ।"** ਇਹ ਸੰਭਵ ਨਹੀਂ ਹੈ ਕਿ ਪੌਲੁਸ ਇਹ ਚਾਹੁੰਦਾ ਹੋਵੇ ਕਿ ਉਸ ਦੇ ਪਾਠਕ ਯਸਾਯਾਹ ਦੇ ਸ਼ਬਦਾਂ ਨੂੰ, ਆਖਰੀ ਤੁਰ੍ਹੀ ਫੂਕੇ ਜਾਣ ਦੇ ਸਮੇਂ ਪ੍ਰਭੂ ਦੀ *ਪੁਰਾਉਜ਼ੀਆ* (ਆਮਦ) ਦਾ ਵਿਸ਼ੇਸ਼ ਹਵਾਲਾ ਸਮਝਣ। ਨਬੀ ਦੇ ਸੰਦਰਭ ਵਿਚ ਇਨ੍ਹਾਂ ਸ਼ਬਦਾਂ ਦਾ ਆਪਣਾ ਅਰਥ ਸੀ, ਪਰ ਪੌਲੁਸ ਨੇ ਉਨ੍ਹਾਂ ਘਟਨਾਵਾਂ ਦੇ ਲਈ ਉਨ੍ਹਾਂ ਨੂੰ ਉਚਿਤ ਸਮਝਿਆ ਜਿਨ੍ਹਾਂ ਦਾ ਉਹ ਵਰਣਨ ਕਰ ਰਿਹਾ ਸੀ। (15:27 ਦੇ ਵਿਸ਼ੇ ਤੇ ਟਿੱਪਣੀਆਂ ਵੇਖੋ।)

**ਆਇਤ 55.** ਜਿਸ ਆਸਾਨੀ ਦੇ ਨਾਲ ਪੌਲੁਸ ਅਤੇ ਨਵੇਂ ਨੇਮ ਦੇ ਲੇਖਕਾਂ ਨੇ ਪੁਰਾਣੇ ਨੇਮ ਦਾ ਹਵਾਲਾ ਦਿੱਤਾ ਅਤੇ ਇਸ ਨੂੰ ਮਸੀਹ ਦੇ ਦੁਆਰਾ ਪਰਮੇਸ਼ੁਰ ਦੀ ਇੱਛਾ ਦੇ ਅਨੁਸਾਰ ਕੰਮ ਕਰਨ ਦੇ ਲਈ ਲਾਗੂ ਕੀਤਾ ਉਸ ਤੋਂ ਬਾਈਬਲ ਦੇ ਮੂਲ ਪਾਠ ਦੇ ਵਿਆਖਿਆ ਕਰਨ ਵਾਲੇ ਅਕਸਰ ਨਿਰਾਸ਼ ਜਾਂ ਆਸਾਨੀ ਦੇ ਨਾਲ ਅਸੁਰੱਖਿਅਤ ਹੋ ਜਾਂਦੇ ਹਨ। ਹੋਸ਼ੇਆ ਦੀ ਪੁਸਤਕ ਤੋਂ ਰਸੂਲ ਦਾ ਹਵਾਲਾ ਕੋਈ ਅਪਵਾਦ ਨਹੀਂ ਹੈ। 1 ਕੁਰਿੰਥੀਆਂ 15:55 ਦੇ ਹਵਾਲੇ ਵਿਚ ਸ਼ਬਦ-ਜੋੜ ਨਹੀਂ ਹੈ। NASB ਨੇ ਹੋਸ਼ੇਆ 13:14 ਵਿਚ ਸੰਬੰਧਤ ਲਾਈਨਾਂ ਦਾ ਅਨੁਵਾਦ ਕੀਤਾ ਹੈ, "ਹੇ ਮੌਤ, ਤੇਰੀਆਂ ਬਵਾਂ ਕਿੱਥੇ ਹਨ? ਹੇ ਪਤਾਲ, ਤੇਰੀ ਤਬਾਹੀ ਕਿੱਥੇ ਹੈ?" ਅਫ਼ਰਾਈਮ ਦੇ ਨਾਲ ਪਰਮੇਸ਼ੁਰ ਦਾ ਰਿਸ਼ਤਾ ਹੋਸ਼ੇਆ ਦਾ ਵਿਸ਼ਾ ਹੈ, ਪਰ ਪੌਲੁਸ ਉਨ੍ਹਾਂ ਲੋਕਾਂ ਦੀ ਜਿੱਤ ਨੂੰ ਜ਼ਾਹਿਰ ਕਰਨ ਵਾਸਤੇ ਜੋ ਪ੍ਰਭੂ ਯਿਸੂ ਮਸੀਹ ਦੇ ਦੁਆਰਾ ਮੌਤ ਨੂੰ ਜਿੱਤਦੇ ਹਨ ਨਬੀ ਦੀ ਭਾਸ਼ਾ ਨੂੰ ਵਰਤਣ ਦੇ ਲਈ ਕਾਫ਼ੀ ਦਲੇਰੀ ਕਰਦਾ ਹੈ।

ਰਸੂਲ ਨੇ ਮੌਤ ਅਤੇ ਕਬਰ ਨੂੰ ਮਨੁੱਖੀ ਰੂਪ ਵਿਚ ਪਰਗਟ ਕੀਤਾ ਤਾਂਕਿ ਉਹ ਉਨ੍ਹਾਂ ਨੂੰ ਤਾਨਾ ਮਾਰ ਸਕੇ ਅਤੇ ਉਨ੍ਹਾਂ ਦਾ ਮਖ਼ੌਲ ਉਡਾ ਸਕੇ। ਉਹ ਮੌਤ ਨੂੰ ਕਹਿ ਰਿਹਾ ਸੀ ਕਿ "ਤੂੰ ਕਿੱਥੇ ਰਹਿ ਗਈ ਹੈਂ, ਹੁਣ ਪਰਮੇਸ਼ੁਰ ਦਾ ਪੁੱਤਰ ਮਨੁੱਖ ਜਾਤੀ ਦੇ ਲਈ ਪਰਮੇਸ਼ੁਰ ਦੀ ਕਿਰਪਾ ਨੂੰ ਲਿਆਇਆ ਹੈ?" ਯੁੱਗਾਂ ਤੋਂ, ਮੌਤ ਜੀਵਨ ਦਾ ਅਟਲ ਨਤੀਜਾ ਰਹੀ ਹੈ। ਪੌਲੁਸ ਨੇ ਇਹ ਕਹਿਣ ਦੇ ਲਈ ਹੋਸ਼ੇਆ ਦੇ ਸ਼ਬਦਾਂ ਨੂੰ ਅਨੁਕੂਲਿਤ ਕੀਤਾ, "ਹੇ ਮੌਤ, ਤੇਰੇ ਕੋਲ ਕੋਈ ਜਿੱਤ ਜਾਂ ਕੋਈ ਡੰਗ ਨਹੀਂ ਹੈ। ਮਸੀਹ ਦੇ ਵਿਚ, ਜੀਵਨ ਸਾਡਾ ਹੈ।"

ਸਮੁੱਚੇ ਤੌਰ ਤੇ, ਪੌਲੁਸ 1 ਕੁਰਿੰਥੀਆਂ ਵਿਚਲੀਆਂ ਸਮੱਸਿਆਵਾਂ ਦੇ ਨਾਲ ਨਿਪਟ ਰਿਹਾ ਸੀ। ਉਹ ਅੰਦਰੂਨੀ ਵੈਰ-ਵਿਰੋਧ, ਨੈਤਿਕ ਅਸਥਿਰਤਾ, ਅਤੇ ਸਿਧਾਂਤਕ ਗੜਬੜੀ ਦੀ ਸਥਿਤੀ ਨਾਲ ਗ੍ਰਸਤ ਇੱਕ ਕਲੀਸੀਆ ਦੀ ਮਦਦ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਜ਼ਿਆਦਾਤਰ ਭਾਗ ਦੇ ਲਈ, ਉਸ ਨੇ ਆਪਣੇ ਮਹਾਨ ਸਿਧਾਂਤਾਂ ਦੇ ਰੂਪਾਂ ਵਿਚ ਅੱਗੇ ਵਧਣ ਤੋਂ ਪਰਹੇਜ਼ ਕੀਤਾ ਜੋ ਉਸ ਦੀਆਂ ਲਿਖਤਾਂ ਦੇ ਗੁਣ ਹਨ; ਪਰ ਸਿਧਾਂਤ ਉੱਥੇ ਹਨ, ਜੋ ਸਤਹ ਤੋਂ ਦੂਰ ਨਹੀਂ ਹਨ। ਰਸੂਲ ਨੇ ਵਿਵਹਾਰਿਕ, ਨੈਤਿਕ, ਵਿਵਸਥਿਤ, ਅਤੇ ਬਾਈਬਲ ਧਰਮ ਸ਼ਾਸਤਰ ਵਿਚਲੇ ਕਾਫ਼ੀ ਫ਼ਰਕ ਨੂੰ ਛੱਡ ਦਿੱਤਾ ਤਾਂ ਕਿ ਆਉਣ ਵਾਲੇ ਮਸੀਹੀ ਲੋਕ ਉਸ ਉੱਤੇ ਕੰਮ ਕਰ ਸਕਣ। ਨੈਤਿਕਤਾ ਅਤੇ ਡਾਕਟ੍ਰਿਨ ਦੋ ਰਾਹ ਨਹੀਂ ਹਨ ਜੋ ਸਮੇਂ ਦੀ ਮੰਗ ਦੇ ਅਨੁਸਾਰ ਵੱਖਰੇ ਹੁੰਦੇ ਜਾਂ ਜੁੜਦੇ ਹਨ; ਪਰ ਉਹ ਅਟੁੱਟ ਹਨ।

**ਆਇਤ 56.** ਰੋਮੀਆਂ 4-7 ਵਿਚ, ਪੌਲੁਸ ਨੇ ਯਿਸੂ ਮਸੀਹ ਵਿਚ ਪਰਮੇਸ਼ੁਰ ਦੀ ਕਿਰਪਾ ਨਾਲ ਭਰੇ ਹੋਏ ਦਾਨ ਦੇ ਲਈ ਕਾਨੂੰਨ ਦੇ ਸੰਕੇਤਾਂ ਅਤੇ "ਵਿਸ਼ਵਾਸ ਦੀ ਆਗਿਆਕਾਰੀ" ਨੂੰ ਉੱਨਤ ਕੀਤਾ (ਵੇਖੋ ਰੋਮੀਆਂ 1:5; 16:26)। ਇਹ ਸਹੀ ਹੈ ਕਿ ਉਸ ਨੇ ਚਾਰ-ਪੰਜ ਸਾਲ ਬਾਅਦ, ਕੁਰਿੰਥੁਸ ਵਿਚ ਸਰਦੀਆਂ ਕੱਟਣ ਦੇ ਸਮੇਂ, ਰੋਮ ਦੀ ਕਲੀਸੀਆ ਨੂੰ ਲਿਖਿਆ ਸੀ (ਵੇਖੋ ਰਸੂਲਾਂ ਦੇ ਕਰਤੱਬ 20:2, 3)। ਹੋਸ਼ੇਆ 13:14 ਦੇ ਹਵਾਲੇ ਦਾ ਉਲੇਖ ਕਰਨਾ ਪੌਲੁਸ ਦੀ ਇੱਕ ਵਿਸ਼ੇਸ਼ਤਾ ਹੈ ਕਿ **ਮੌਤ ਦਾ ਡੰਗ ਪਾਪ ਹੈ ਅਤੇ ਪਾਪ ਦਾ ਬਲ ਸ਼ਰਾ ਹੈ**। ਪੂਰੀ ਸੰਭਾਵਨਾ ਹੈ ਕਿ, ਕੁਰਿੰਥੁਸ ਦੇ ਮਸੀਹੀਆਂ ਨੇ ਉਸ ਸਮੇਂ ਦੇ ਦੌਰਾਨ ਜਦੋਂ ਪੌਲੁਸ ਉਨ੍ਹਾਂ ਦੇ ਨਾਲ ਰਿਹਾ ਸੀ ਬਾਰ ਬਾਰ ਸ਼ਰਾ ਅਤੇ ਪਾਪ ਦੇ ਵਿਸ਼ੇ ਵਿਚ ਉਸ ਦੀਆਂ ਘੋਸ਼ਣਾਵਾਂ ਨੂੰ ਸੁਣਿਆ ਸੀ (ਰਸੂਲਾਂ ਦੇ ਕਰਤੱਬ 18:11)। ਸਲੀਬ ਉੱਤੇ ਆਪਣੇ ਬਲੀਦਾਨ ਦੇ ਦੁਆਰਾ, ਯਿਸੂ ਨੇ ਪਾਪ ਦੇ ਜ਼ਹਿਰੀਲੇ ਦੰਦਾਂ ਨੂੰ ਪੁੱਟ ਦਿੱਤਾ ਅਤੇ ਉਸ ਦੇ ਡੰਗ ਨੂੰ ਕੱਢ ਦਿੱਤਾ; ਉਸ ਨੇ ਪਰਮੇਸ਼ੁਰ ਦੇ ਕਿਰਪਾ ਨਾਲ ਭਰੇ ਹੋਏ ਦਾਨ ਦੇ ਨਾਲ ਸ਼ਰਾ ਨੂੰ ਹਟਾ

ਦਿੱਤਾ ਸੀ।

**ਆਇਤ 57.** ਪਰਮੇਸ਼ੁਰ ਦੀ ਸੰਪੂਰਣ ਪਹਿਲ ਦੇ ਦੁਆਰਾ, ਪਾਪ ਅਤੇ ਮੌਤ ਅਤੇ ਸ਼ਰਾ ਨੂੰ ਹੁਣ ਉਨ੍ਹਾਂ ਤਰੀਕਿਆਂ ਦੇ ਰਾਹੀਂ ਵੇਖਿਆ ਜਾ ਸਕਦਾ ਹੈ ਜਾ ਪ੍ਰਭੂ ਦੇ ਆਉਣ ਤੋਂ ਪਹਿਲਾਂ ਅਗਿਆਤ ਸਨ। ਪਰਮੇਸ਼ੁਰ ਨੇ ਮਸੀਹੀਆਂ ਨੂੰ **ਫਤਹ** ਬਖਸ਼ੀ ਹੈ। ਇਹ ਇੱਕ ਫਤਹ ਹੈ ਜੋ ਵਿਸ਼ਵਾਸ ਦੇ ਦੁਆਰਾ, **ਯਿਸੂ ਮਸੀਹ ਦੇ ਰਾਹੀਂ** ਆਉਂਦੀ ਹੈ (ਵੇਖੋ 1 ਯੂਹੰਨਾ 5:4)। ਆਪਣੇ ਜੀਵਨ ਦੇ ਅੰਤਿਮ ਸਮੇਂ ਵਿਚ, ਔਗਸਟਿਨ ਨੇ ਉਨ੍ਹਾਂ ਪਰਤਾਵਿਆਂ ਦੇ ਵਿਸ਼ੇ ਵਿਚ ਲਿਖਿਆ ਜਿਨ੍ਹਾਂ ਦਾ ਵਿਸ਼ਵਾਸੀਆਂ ਨੇ ਸਾਹਮਣਾ ਕੀਤਾ। ਅੰਤ ਵਿਚ, ਉਸ ਨੇ 1 ਕੁਰਿੰਥੀਆਂ ਦੇ ਇਸ ਬੰਦ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਸਾਡੇ ਪਾਪਾਂ ਵਿਚ ਕੁਝ ਹੈ "ਅਸੀਂ ਆਪਣੀ ਤਾਕਤ ਦੇ ਦੁਆਰਾ ਜਿੱਤ ਨੂੰ ਸੁਰੱਖਿਅਤ ਕਰਨ ਦੀ ਆਸ ਰੱਖਦੇ ਹਾਂ, ਜਾਂ ਇਸ ਨੂੰ ਉਸ ਸਮੇਂ ਜ਼ਿੰਮੇਵਾਰ ਸਮਝਦੇ ਹਾਂ ਜਦੋਂ ਸਾਡੀ ਆਪਣੀ ਤਾਕਤ ਨੂੰ ਸੁਰੱਖਿਅਤ ਰੱਖਿਆ ਜਾਂਦਾ ਹੈ, ਅਤੇ ਉਸ ਦੀ ਕਿਰਪਾ ਦੇ ਲਈ ਨਹੀਂ . . ."[42] ਧਰਮ ਸ਼ਾਸਤਰੀ ਦਾ ਮੁੱਦਾ ਜਾਇਜ਼ ਹੈ, ਜਦੋਂ ਤਕ ਵਿਸ਼ਵਾਸੀ ਵਿਸ਼ਵਾਸ ਦੀ ਆਗਿਆਕਾਰੀ ਵਿਚ ਮਨੁੱਖੀ ਜ਼ਿੰਮੇਵਾਰੀ ਨੂੰ ਨਹੀਂ ਭੁੱਲਦਾ।

ਮਸੀਹੀ ਆਸ ਸੁਰੱਖਿਅਤ ਹੈ ਕਿਉਂਕਿ ਮਸੀਹ ਨੇ ਇੱਕ ਸਰੀਰਕ ਜੀ ਉੱਠਣ ਦਾ ਅਨੁਭਵ ਕੀਤਾ ਹੈ ਅਤੇ, ਸਿੱਟੇ ਵਜੋਂ, ਇੱਕ ਸਧਾਰਣ ਜੀ ਉੱਠਣਾ ਹੋਵੇਗਾ। ਯਿਸੂ ਦੀ ਖਾਲੀ ਕਬਰ ਤੋਂ ਬਿਨਾਂ, ਸਲੀਬ ਦੀ ਜਿੱਤ ਖੋਖਲੀ ਹੋਵੇਗੀ। ਕੁਰਿੰਥੀਆਂ ਦੇ ਲੋਕਾਂ ਦੇ ਲਈ ਇਹ ਸੋਚ ਤੋਂ ਬਾਹਰ ਸੀ ਕਿ ਆਪਣੀ ਪਿੱਠ ਨੂੰ ਮਸੀਹੀ ਵਿਸ਼ਵਾਸ ਦੀ ਬੁਨਿਆਦੀ ਧਾਰਣਾ ਤੋਂ ਫੇਰ ਲੈਣ ਕਿ ਸਾਰੇ ਵਿਸ਼ਵਾਸੀ ਅਨੰਤ ਕਾਲ ਦੇ ਲਈ ਉਸ ਦੇ ਨਾਲ ਰਹਿਣਗੇ ਜੋ ਮੁਰਦਿਆਂ ਵਿਚੋਂ ਜੀ ਉੱਠਿਆਂ ਵਿਚੋਂ ਪਹਿਲਾ ਫਲ ਸੀ। ਇਹ ਸੰਸਾਰ, ਆਪਣੀ ਸਾਰੀ ਅਨਿਸ਼ਚਤਾ, ਦੋਸ਼, ਅਤੇ ਦਰਦ ਦੇ ਨਾਲ, ਅਨੰਤ ਜੀਵਨ ਦੀ ਆਸ ਦੇ ਕਾਰਨ ਸੰਤੋਸ਼ਜਨਕ ਹੈ।

## ਇੱਕ ਸਿੱਟਾ (15:58)

**58ਸੋ ਹੇ ਭਰਾਵੋ, ਤੁਸੀਂ ਇਸਥਿਰ ਅਤੇ ਅਡੋਲ ਹੋਵੋ ਅਤੇ ਪ੍ਰਭੁ ਦੇ ਕੰਮ ਵਿਚ ਸਦਾ ਵਧਦੇ ਜਾਓ ਕਿਉਂ ਜੋ ਤੁਸੀਂ ਜਾਣਦੇ ਹੋ ਜੋ ਪ੍ਰਭੁ ਵਿੱਚ ਤੁਹਾਡੀ ਮਿਹਨਤ ਥੋਥੀ ਨਹੀਂ ਹੈ।**

**ਆਇਤ 58.** ਪੌਲੁਸ ਨੇ ਜੀਵਨ ਦੇ ਲਈ ਆਪਣੇ ਭਾਵਾਂ ਨੂੰ ਬਦਲ ਕੇ ਸਰੀਰ ਦੇ ਜੀ ਉੱਠਣ ਦੇ ਵਿਸ਼ੇ ਵਿਚ ਆਪਣੀ ਸਿੱਖਿਆ ਨੂੰ ਸਮਾਪਤ ਕੀਤਾ। ਕਿਉਂਕਿ ਜੀ ਉੱਠਣ ਦਾ ਭਰੋਸਾ ਹੈ, ਪੌਲੁਸ ਨੇ ਆਪਣੇ ਪਾਠਕਾਂ ਤੋਂ ਮਸੀਹ ਦੇ ਪ੍ਰਤੀ ਨਵੇਂ ਸਿਰੇ ਤੋਂ ਵਿਸ਼ਵਾਸ ਕਰਨ ਦੇ ਲਈ ਬੇਨਤੀ ਕੀਤੀ। ਨਵੇਂ ਨੇਮ ਦਾ ਨਰਕ ਅਤੇ ਸਵਰਗ ਦਾ ਸਿਧਾਂਤ, ਅਰਥਾਤ, ਪ੍ਰਭੂ ਦੀ ਵਾਪਸੀ ਦਾ ਵਿਚਾਰ, ਇਸ ਦੇ ਨੈਤਿਕ ਅਤੇ ਇਕਬਾਲੀਆ ਕਾਰਜ ਵਿਚ, ਵਿਸ਼ਵਾਸਯੋਗ ਮਸੀਹੀ ਜੀਵਨ ਜੀਉਣ ਦੇ ਲਈ ਉਤਸਾਹਿਤ ਕਰਦਾ ਹੈ। ਜਦਕਿ ਸਾਡੇ ਯਾਤਰੀ ਸਥਿਤੀ ਦੇ ਪਰਕਾਸ਼ ਦੀ ਰੌਸ਼ਨੀ ਵਿਚ, ਆਗਿਆਕਾਰੀ ਵਿਸ਼ਵਾਸੀਆਂ ਨੂੰ ਵਿਸ਼ਵਾਸ ਦੇ ਦੁਆਰਾ ਕਿਰਪਾ ਦੇ ਰਾਹੀਂ ਬਚਾਇਆ ਜਾਂਦਾ ਹੈ, ਇਸ ਲਈ ਅਸੀਂ **ਪ੍ਰਭੁ ਦੇ ਕੰਮ ਵਿੱਚ ਸਦਾ ਵਧਦੇ** ਜਾਈਏ। ਸਾਨੂੰ ਵੱਧਦੇ ਜਾਣਾ ਚਾਹੀਦਾ ਹੈ ਕਿਉਂਕਿ ਅਸੀਂ ਜਾਣਦੇ ਹਾਂ ਕਿ **ਪ੍ਰਭੁ ਵਿੱਚ** ਸਾਡੀ **ਮਿਹਨਤ ਥੋਥੀ ਨਹੀਂ ਹੈ।** ਸਾਨੂੰ ਇਹ ਜਾਣਦੇ ਹੋਏ ਮਿਹਨਤ ਕਰਨੀ ਚਾਹੀਦੀ ਹੈ ਕਿ ਅਸੀਂ ਸਾਰੇ ਆਤਮਿਕ ਸਰੀਰ ਦਾ ਦਾਅਵਾ ਕਰਦੇ ਹੋਏ ਉੱਠਾਂਗੇ ਅਤੇ ਅਨੰਤ ਕਾਲ ਦੇ ਲਈ ਪ੍ਰਭੂ ਦੇ ਨਾਲ ਰਾਜ ਕਰਾਂਗੇ।

ਪੌਲੁਸ ਨੇ ਵਿਸ਼ਵਾਸੀਆਂ ਦੇ ਸਾਹਮਣੇ ਅਪੀਲ ਕੀਤੀ ਕਿ ਉਹ ਉੱਚ ਨੈਤਿਕ ਸਥਿਤੀ ਵਿਚ ਰਹਿਣ ਅਤੇ ਮਸੀਹ ਵਿਚ ਸਿੱਧ ਢੰਗ ਦੇ ਨਾਲ ਕੰਮ ਕਰਨ। ਵਿਸ਼ਵਾਸ ਦੇ ਰਾਹੀਂ ਕਿਰਪਾ ਦੇ ਦੁਆਰਾ ਮੁਕਤੀ ਕਿਸੇ ਚੰਗੇ ਕੰਮਾਂ ਜਾਂ ਬਹੁਤ ਮਿਹਨਤ ਨਤੀਜਾ ਨਹੀਂ ਹੈ। ਕਿਉਂਕਿ ਪਰਮੇਸ਼ੁਰ ਦਯਾਵਾਨ ਹੈ, ਰਾਜ ਦੇ ਵਿਚ ਵਿਸ਼ਵਾਸਯੋਗਤਾ ਦੇ ਨਾਲ ਮਿਹਨਤ ਕਰਨਾ ਬਹੁਤ ਹੀ ਜ਼ਰੂਰੀ ਹੈ, ਤਾਂ ਕਿ ਹੋਰ ਲੋਕ ਵੀ ਉਸ ਦੀ ਕਿਰਪਾ ਦੇ ਹੇਠ ਲਿਆਏ ਜਾ ਸਕਣ।

# ਪ੍ਰਾਸੰਗਿਕਤਾ

**ਕਿਹੋ ਜਿਹਾ ਸਰੀਰ?**

ਸਦੀਆਂ ਤੋਂ, ਨਾਸਤਿਕ ਲੋਕਾਂ ਨੇ ਮਸੀਹੀਆਂ ਦੇ ਸਰੀਰਕ ਤੌਰ ਤੇ ਜੀ ਉੱਠਣ ਦੇ ਵਿਸ਼ੇ ਵਿਚ ਦ੍ਰਿੜ੍ਹ ਵਿਸ਼ਵਾਸ ਦੇ ਲਈ ਉਨ੍ਹਾਂ ਦਾ ਮਖ਼ੌਲ ਉਡਾਇਆ ਹੈ। ਧਰਮ ਨਿੰਦਕ ਲੋਕਾਂ ਨੇ ਇਸ ਪ੍ਰਕਾਰ ਦੀਆਂ ਰੂਪ ਰੇਖਾਵਾਂ ਨੂੰ ਸਥਾਪਤ ਕੀਤਾ ਸੀ:

> ਇੱਕ ਆਦਮੀ ਇੱਕ ਸੇਬ ਖਾਂਦਾ ਹੈ। ਉਸ ਦਾ ਸਰੀਰ ਫਲ ਨੂੰ ਹਜ਼ਮ ਕਰ ਲੈਂਦਾ ਹੈ, ਅਤੇ ਉਸ ਦੇ ਅਣੂ ਅਤੇ ਪਰਮਾਣੂਆਂ ਨੂੰ ਉਸ ਦੀ ਸਾਰੀ ਪ੍ਰਣਾਲੀ ਵਿਚ ਖਿੰਡ ਜਾਂਦੇ ਹਨ। ਕੁਝ ਸਮੇਂ ਪਿੱਛੋਂ ਉਹ ਮਰ ਜਾਂਦਾ ਹੈ ਅਤੇ ਦਫ਼ਨਾਇਆ ਜਾਂਦਾ ਹੈ। ਹੌਲੀ ਹੌਲੀ, ਦਫ਼ਨਾਏ ਜਾਣ ਵਾਲੇ ਦੇ ਸਥਾਨ ਨੂੰ ਭੁਲਾ ਦਿੱਤਾ ਜਾਂਦਾ ਹੈ ਅਤੇ ਕੋਈ ਇੱਕ ਸੇਬ ਦੇ ਰੁੱਖ ਨੂੰ ਉਸ ਦੇ ਸਰੀਰ ਤੇ ਸਿੱਧੇ ਤੌਰ ਤੇ ਬੀਜ ਦਿੰਦਾ ਹੈ। ਜੜ੍ਹਾਂ ਜ਼ਮੀਨ ਵਿਚ ਪਹੁੰਚ ਜਾਂਦੀਆਂ ਹਨ, ਅਤੇ ਦਰੱਖਤ ਨੂੰ ਜੈਵਿਕ ਪਦਾਰਥ ਦੇ ਦੁਆਰਾ ਉਸ ਨੂੰ ਉਪਜਾਊ ਬਣਾਇਆ ਜਾਂਦਾ ਹੈ। ਮਰੇ ਹੋਏ ਆਦਮੀ ਦੇ ਸਰੀਰ ਦੇ ਅਣੂ ਅਤੇ ਪਰਮਾਣੂ ਨਵੇਂ ਸੇਬਾਂ ਦੇ ਵਿਚ ਸੋਖ ਲਏ ਜਾਂਦੇ ਹਨ ਜੋ ਦੂਸਰੇ ਲੋਕਾਂ ਦੇ ਦੁਆਰਾ ਖਾਧੇ ਜਾਂਦੇ ਹਨ। ਸਮਾਂ ਬੀਤਣ ਤੇ ਉਹੀ ਤੱਤ ਦੋ ਵੱਖੋ ਵੱਖ ਸਰੀਰਾਂ ਦਾ ਹਿੱਸਾ ਬਣ ਜਾਂਦੇ ਹਨ।

ਕਹਾਣੀ ਵਿਚ ਬੇਅੰਤ ਭਿੰਨਤਾਵਾਂ ਹਨ, ਪਰ ਅੰਤਿਮ ਪ੍ਰਸ਼ਨ ਸਮਾਨ ਹੈ: ਜੀ ਉੱਠਣ ਵਿਚ, ਜਿਨ੍ਹਾਂ ਦੇ ਸਰੀਰ ਪਰਮਾਣੂਆਂ ਅਤੇ ਅਣੂਆਂ ਦਾ ਦਾਅਵਾ ਕਰਣਗੇ ਕਿ ਉਹ ਇੱਕ ਤੋਂ ਜ਼ਿਆਦਾ ਸਰੀਰਾਂ ਦਾ ਹਿੱਸਾ ਹਨ?

ਆਧੁਨਿਕ ਨਿੰਦਾ ਕਰਨ ਵਾਲੇ ਨਿਰੰਤਰ ਉਨ੍ਹਾਂ ਇਤਰਾਜ਼ਾਂ ਨੂੰ ਉਠਾਉਂਦੇ ਹਨ ਜਿਨ੍ਹਾਂ ਨੂੰ ਯੂਨਾਨੀਆਂ ਨੇ ਪੌਲੁਸ ਦੇ ਸਾਹਮਣੇ ਉਠਾਇਆ ਸੀ। "ਮੁਰਦੇ ਕਿੱਕੁਰ ਜੀ ਉੱਠਦੇ ਅਤੇ ਕਿਹੋ ਜਿਹੀ ਦੇਹੀ ਨਾਲ ਆਉਂਦੇ ਹਨ?" (15:35)। ਪੌਲੁਸ ਦਾ ਉੱਤਰ ਪ੍ਰਾਚੀਨ ਸੰਸਾਰ ਅਤੇ ਆਧੁਨਿਕ ਸੰਸਾਰ ਦੋਵਾਂ ਦੇ ਲਈ ਯੋਗ ਸੀ। ਉਸ ਨੇ ਕਿਹਾ, ਕਿ ਇਹ ਪ੍ਰਸ਼ਨ, ਬੇਤੁਕੇ ਸਨ। ਜਦੋਂ ਸਦੂਕੀਆਂ ਨੇ ਯਿਸੂ ਨੂੰ ਚੁਨੌਤੀ ਦਿੱਤੀ ਕਿ ਉਹ ਸਪੱਸ਼ਟ ਕਰੇ ਕਿ ਜੀ ਉੱਠਣ ਦੇ ਵੇਲੇ ਕੀ ਹੋਵੇਗਾ, ਤਾਂ ਪ੍ਰਭੂ ਦਾ ਉੱਤਰ ਇਸੇ ਤਰ੍ਹਾਂ ਸੀ: "ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਤੁਸੀਂ ਕਿਤਾਬਾਂ ਅਰ ਪਰਮੇਸ਼ੁਰ ਦੀ ਸਮਰੱਥਾ ਨੂੰ ਨਾ ਜਾਣ ਕੇ ਭੁੱਲ ਵਿੱਚ ਪਏ ਹੋ" (ਮੱਤੀ 22:29)।

ਪੌਲੁਸ ਨੇ ਇਸ ਗੱਲ ਨੂੰ ਸਪੱਸ਼ਟ ਕੀਤਾ ਕਿ ਪਰਮੇਸ਼ੁਰ ਨੇ ਵੱਖ ਵੱਖ ਕਿਸਮ ਦੇ ਸਰੀਰ ਬਣਾਏ: ਉਸ ਨੇ ਉਨ੍ਹਾਂ ਨੂੰ ਵੱਖ-ਵੱਖ ਕਿਸਮ ਦੀ ਮਹਿਮਾ ਦੇ ਵਿਚ ਬਣਾਇਆ (1 ਕੁਰਿੰਥੀਆਂ

15:35-41)। ਰਸੂਲ ਨੇ ਜੀ ਉੱਠਣ ਵਾਲੇ ਸਰੀਰ ਦੇ ਸਵਰੂਪ ਦੇ ਵਿਸ਼ੇ ਵਿਚ ਵੇਰਵੇ ਦਿੱਤੇ ਸਨ, ਪਰ ਉਸ ਨੇ ਸਪੱਸ਼ਟ ਤੌਰ ਤੇ ਕਿਹਾ: "ਮਾਸ ਅਤੇ ਲਹੂ ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਨਹੀਂ ਹੋ ਸੱਕਦੇ" (15:50)। ਇਹ ਕਹਿਣਾ ਸੁਰੱਖਿਅਤ ਹੈ ਕਿ ਆਉਣ ਵਾਲੇ ਸਾਲਾਂ ਵਿਚ ਵਿਸ਼ਵਾਸੀਆਂ ਦੇ ਸਰੀਰ ਜੀਵਨ ਦੀਆਂ ਅਨੰਤ ਤਾਕਤਾਂ ਦੇ ਨਾਲ ਇੰਨੇ ਇਕਸੁਰ ਹੋਣਗੇ ਕਿ ਏਕਤਾ ਏਕਸੁਰ ਅਤੇ ਸੰਪੂਰਣ ਹੋਵੇਗੀ। ਪਰਮੇਸ਼ੁਰ ਅਣੂਆਂ ਅਤੇ ਪਰਮਾਣੂਆਂ ਦੇ ਉੱਤੇ ਨਿਰਭਰ ਨਹੀਂ ਹੈ ਜੋ ਧਰਤੀ ਉੱਤਲੇ ਜੀਵਨ ਦੇ ਲਈ ਉਸਾਰੀ ਦੇ ਖੰਡ ਹਨ। *ਪਰਮੇਸ਼ੁਰ ਦੇ ਲੋਕਾਂ ਦੀ ਵਿਰਾਸਤ ਇੱਕ ਕਿਸਮ ਦਾ ਜੀਵਨ ਹੋਵੇਗਾ ਜਿਸ ਨੂੰ ਪਰਮੇਸ਼ੁਰ ਨੇ ਸਵਰਗੀ ਹੋਂਦ ਦੇ ਲਈ ਬਣਾਇਆ ਹੈ।* ਜਦਕਿ ਚੇਤਨਾ ਵਿਚ ਅਤੇ ਸ਼ਾਇਦ ਸਵਰੂਪ ਵਿਚ ਵੀ ਇਸ ਦੁਨੀਆਂ ਵਿਚ ਜੀਵਨ ਦੇ ਨਾਲ ਨਿਰੰਤਰਤਾ ਹੋਵੇਗੀ, ਇੱਕ ਗੱਲ ਨਿਸ਼ਚਤ ਹੈ ਕਿ ਸਵਰਗੀ ਸਰੀਰ ਵਰਤਮਾਨ ਯੁੱਗ ਦੇ ਸਮਾਨ ਮਾਸ ਅਤੇ ਲਹੂ ਦਾ ਨਹੀਂ ਹੋਵੇਗਾ।

### ਮੌਤ ਤੋਂ ਬਾਅਦ ਜੀਵਨ

ਪੁਰਾਰਤੱਵ ਵਿਗਿਆਨੀ ਦਫ਼ਨਾਉਣ ਦੀਆਂ ਰੀਤਾਂ ਦੀ ਜਾਂਚ ਕਰਕੇ ਪ੍ਰਾਚੀਨ ਲੋਕਾਂ ਦੇ ਵਿਸ਼ੇ ਵਿਚ ਬਹੁਤ ਕੁਝ ਸਿੱਖਦੇ ਹਨ। ਕੁਝ ਸਮਾਂ ਪਹਿਲਾਂ *ਪੁਰਾਰਤੱਵ* ਨੇ (ਸਤੰਬਰ/ਅਕਤੂਬਰ 1997) ਸਿਨਥੀਅਨਾਂ ਦੇ ਲਈ ਇੱਕ ਲੇਖ ਸਮਰਪਿਤ ਕੀਤਾ, ਜੋ ਪੁਰਾਤਨ ਲੋਕ ਹਨ ਜੋ ਕਾਲੇ ਸਾਗਰ ਦੇ ਉੱਤਰ ਵਿਚ ਤੀਸਰੀ ਸਦੀ ਤੋਂ ਈ. ਵੀ. ਪੂ. ਵਿਚ ਰਹਿੰਦੇ ਸਨ।[43] ਉਨ੍ਹਾਂ ਦੇ ਇੱਕ ਮਹੱਤਵਪੂਰਣ ਸਰਦਾਰ ਦੀ ਕਬਰ ਦੀ ਖੁਦਾਈ ਕੀਤੀ ਗਈ। ਉਸ ਨੂੰ ਗਹਿਣਿਆਂ, ਹਥਿਆਰਾਂ, ਭੋਜਨ ਅਤੇ ਹੋਰਨਾਂ ਚੀਜ਼ਾਂ ਦੇ ਨਾਲ ਜੋ ਆਉਣ ਵਾਲੇ ਜੀਵਨ ਵਿਚ ਜ਼ਰੂਰੀ ਸਨ ਇੱਕ ਕਬਰ ਵਿਚ ਰੱਖਿਆ ਗਿਆ ਸੀ। ਉਸ ਮਹਾਨ ਵਿਅਕਤੀ ਦੇ ਮੁੱਖ ਸਲਾਹਕਾਰ ਦਾ ਗਲਾ ਘੁੱਟ ਕੇ ਮਾਰ ਦਿੱਤਾ ਗਿਆ ਅਤੇ ਉਸ ਨੂੰ ਉਸ ਦੇ ਨਾਲ ਦਫ਼ਨਾਇਆ ਗਿਆ ਸੀ। ਇੱਥੋਂ ਤਕ ਕਿ ਉਸ ਦੇ ਘੋੜੇ ਨੂੰ ਵੀ ਉਸੇ ਹੀ ਕਬਰ ਵਿਚ ਰੱਖਿਆ ਗਿਆ ਸੀ। ਉਸ ਦੀ ਕਬਰ ਦੇ ਕੋਲ ਇੱਕ ਹੋਰ ਮਹੱਤਵਪੂਰਣ ਇਸਤਰੀ- ਸ਼ਾਇਦ ਉਸ ਦੀ ਪਤਨੀ ਦੀ ਕਬਰ ਸੀ। ਉਸ ਦੇ, ਕੋਲ ਵੀ, ਜੀਵਨ ਦੇ ਲਈ ਸਮੱਗਰੀ ਸੀ। ਉਸ ਦੀ ਗੁਲਾਮ ਲੜਕੀ ਦਾ, ਜੋ ਇੱਕ ਕਿਸ਼ੋਰੀ ਸੀ ਗਲਾ ਘੁੱਟ ਕੇ ਉਸ ਦੇ ਨਾਲ ਕਬਰ ਦੇ ਵਿਚ ਰੱਖਿਆ ਗਿਆ।

ਸਿਰਫ ਸਿਨਥਿਅਨ ਲੋਕ ਹੀ ਉਹ ਲੋਕ ਨਹੀਂ ਸਨ ਜੋ ਮੌਤ ਤੋਂ ਬਾਅਦ ਜੀਵਨ ਦੇ ਵਿਚ ਵਿਸ਼ਵਾਸ ਕਰਦੇ ਸਨ। ਮਿਸਰ ਦੇ ਪਿਰਾਮਿਡ ਅਤੇ ਰਾਜਿਆਂ ਦੀ ਘਾਟੀ ਪੁਰਾਤਨ ਲੋਕਾਂ ਦੇ ਦੁਆਰਾ ਮੌਤ ਤੋਂ ਬਾਅਦ ਦੇ ਜੀਵਨ ਦੀ ਉਮੀਦ ਵਿਚ ਕੀਤੀਆਂ ਗਈਆਂ ਕੋਸ਼ਿਸ਼ਾਂ ਦੇ ਸਬੂਤ ਹਨ। ਸਿਨਥਿਅਨ ਅਤੇ ਮਿਸਰੀਆਂ ਦੇ ਵਾਂਗ, ਮਸੀਹੀ ਲੋਕ ਵੀ ਇਸ ਜੀਵਨ ਤੋਂ ਪਾਰ ਦੀ ਜ਼ਿੰਦਗੀ ਦੀ ਉਮੀਦ ਰੱਖਦੇ ਹਨ। ਮਸੀਹੀਆਂ ਦੀ ਆਸ ਵੱਖਰੀ ਕਿਉਂ ਹੈ? ਕੀ ਇਹ ਹੋਰਨਾਂ ਲੋਕਾਂ ਦੀ ਤੁਲਨਾ ਵਿਚ ਬੇਹਤਰ ਹੈ? ਬਾਈਬਲ ਵਿਚ ਅਜਿਹਾ ਹੋਰ ਕੋਈ ਸਥਾਨ ਨਹੀਂ ਹੈ ਜਿੱਥੇ ਇੱਕ ਲੇਖਕ ਨੇ ਜੀ ਉੱਠਣ ਦੇ ਵਿਸ਼ੇ ਵਿਚ ਇੰਨੇ ਵੇਰਵੇ ਦੇ ਨਾਲ ਲਿਖਿਆ ਹੋਵੇ ਜਿੰਨਾ ਪੌਲੁਸ ਨੇ 1 ਕੁਰਿੰਥੀਆਂ 15 ਅਧਿਆਇ ਵਿਚ ਲਿਖਿਆ ਸੀ।

ਪੌਲੁਸ ਦੇ ਅਨੁਸਾਰ, ਯਿਸੂ ਮਸੀਹ ਦੇ ਸਲੀਬ ਤੇ ਚੜ੍ਹਾਏ ਜਾਣ ਅਤੇ ਜੀ ਉੱਠਣ ਦੇ ਪ੍ਰਸੰਗ ਨੂੰ ਛੱਡ ਕੇ ਮਰਨ ਤੋਂ ਬਾਅਦ ਜੀਵਨ ਦੀ ਚਰਚਾ ਨਹੀਂ ਹੋ ਸਕਦੀ ਹੈ। ਉਸ ਨੇ

ਲਿਖਿਆ, "ਪਰ ਹੁਣ ਮਸੀਹ ਤਾਂ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ" (15:20)। ਇੰਜੀਲ ਦੇ ਉਸ ਸੰਦੇਸ਼ ਦੇ ਅਨੁਸਾਰ ਜਿਸ ਦੀ ਘੋਸ਼ਣਾ ਉਸ ਨੇ ਕੀਤੀ ਹੈ, ਲਿਖਤਾਂ ਅਤੇ ਇਤਿਹਾਸ ਪ੍ਰਭੂ ਦੀ ਮੌਤ, ਦਫ਼ਨਾਏ ਜਾਣ, ਅਤੇ ਜੀ ਉੱਠਣ ਦੇ ਆਲੇ-ਦੁਆਲੇ ਘੁੰਮਦੇ ਹਨ (15:3, 4)। ਜਦਕਿ ਤਿੰਨੇ ਪੁਸ਼ਟੀਆਂ ਇੰਜੀਲ ਦੇ ਲਈ ਬੁਨਿਆਦੀ ਹਨ, ਪਰ ਕੁਰਿੰਥੁਸ ਵਿਚ ਸਿਰਫ ਜੀ ਉੱਠਣਾ ਹੀ ਵਿਵਾਦ ਵਿਚ ਸੀ। ਇਸ ਕਾਰਨ, ਪੌਲੁਸ ਨੇ ਉਨ੍ਹਾਂ ਗਵਾਹਾਂ ਨੂੰ ਪੇਸ਼ ਕੀਤਾ ਜਿਨ੍ਹਾਂ ਤੇ ਯਿਸੂ ਨੇ ਆਪਣੇ ਆਪ ਨੂੰ ਪਰਗਟ ਕੀਤਾ ਸੀ, ਜਿਨ੍ਹਾਂ ਵਿਚੋਂ ਕੁਝ ਉਸ ਸਮੇਂ ਵੀ ਜੀਉਂਦੇ ਸਨ ਜਦੋਂ ਪੌਲੁਸ ਨੇ ਲਿਖਿਆ ਸੀ (15:5-8)। ਇਸ ਲਈ ਕੇਂਦਰੀ ਤੱਥ ਖਾਲੀ ਕਬਰ ਅਤੇ ਗਵਾਹਾਂ ਦੇ ਉੱਤੇ ਯਿਸੂ ਦਾ ਪਰਗਟ ਹੋਣਾ ਉਹ ਵਿਸ਼ੇ ਹਨ ਜੋ ਕਦੀ ਵੀ ਨਵੇਂ ਨੇਮ ਤੋਂ ਵੱਖਰੇ ਨਹੀਂ ਹੁੰਦੇ ਹਨ। ਇਹ ਬੁਨਿਆਦੀ ਤੱਥ ਹੈ ਜਿਸ ਵਿਚ ਯਿਸੂ ਦੇ ਪਰਮੇਸ਼ੁਰ ਹੋਣ ਦੇ ਸਾਰੇ ਦਾਅਵੇ ਵੱਧਦੇ ਹਨ:

> "ਉਸੇ ਯਿਸੂ ਨੂੰ ਪਰਮੇਸ਼ੁਰ ਨੇ ਜੀਉਂਦਾ ਉਠਾਇਆ ਜਿਹ ਦੇ ਅਸੀਂ ਸੱਭੋ ਗਵਾਹ ਹਾਂ" (ਰਸੂਲਾਂ ਦੇ ਕਰਤੱਬ 2:32)।

> "ਪਰ [ਤੁਸੀਂ] ਜੀਉਣ ਦੇ ਕਰਤਾ ਨੂੰ ਮਾਰ ਸੁੱਟਿਆ ਜਿਹ ਨੂੰ ਪਰਮੇਸ਼ੁਰ ਨੇ ਮੁਰਦਿਆਂ ਵਿੱਚੋਂ ਜਿਵਾਲਿਆ ਅਤੇ ਅਸੀਂ ਏਸ ਗੱਲ ਦੇ ਗਵਾਹ ਹਾਂ" (ਰਸੂਲਾਂ ਦੇ ਕਰਤੱਬ 3:15)।

> "ਪਰੰਤੂ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ। ਅਤੇ ਉਹ ਬਹੁਤ ਦਿਨਾਂ ਤੀਕ ਉਨ੍ਹਾਂ ਲੋਕਾਂ ਨੂੰ ਵਿਖਾਈ ਦਿੰਦਾ ਰਿਹਾ ਜਿਹੜੇ ਗਲੀਲ ਤੋਂ ਯਰੂਸ਼ਲਮ ਨੂੰ ਉਹ ਦੇ ਨਾਲ ਆਏ ਸਨ ਅਤੇ ਹੁਣ ਲੋਕਾਂ ਦੇ ਅੱਗੇ ਉਹ ਦੇ ਉੱਤੇ ਸਾਖੀ ਦੇਣ ਵਾਲੇ ਹਨ" (ਰਸੂਲਾਂ ਦੇ ਕਰਤੱਬ 13:30, 31)।

ਪੌਲੁਸ ਦੀਆਂ ਪੱਤ੍ਰੀਆਂ ਵਿਚ, ਵੱਖਰੀ ਗੱਲ ਦੇ ਉੱਤੇ ਜ਼ੋਰ ਨਹੀਂ ਹੈ: ਸਿਰਫ 1 ਕੁਰਿੰਥੀਆਂ 15 ਅਧਿਆਇ ਹੀ ਇਕਮਾਤਰ ਪਾਠ ਨਹੀਂ ਹੈ ਜਿਸ ਵਿਚ ਯਿਸੂ ਦੀ ਅਤੇ ਉਸ ਦੇ ਮੁਰਦਿਆਂ ਵਿਚੋਂ ਉਠਾਏ ਜਾਣ ਦੀ ਘੋਸ਼ਣਾ ਕੀਤੀ ਹੈ। ਰੋਮੀਆਂ 1:4 ਵਿਚ ਉਸ ਨੇ ਲਿਖਿਆ ਹੈ, “[ਯਿਸੂ] ਅਤੇ ਪਵਿੱਤਰਤਾਈ ਦੇ ਆਤਮਾ ਦੇ ਸਰਬੰਧ ਕਰਕੇ ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਸਮਰੱਥਾ ਨਾਲ ਪਰਮੇਸ਼ੁਰ ਦਾ ਪੁੱਤ੍ਰ ਸਾਡਾ ਪ੍ਰਭੁ ਯਿਸੂ ਮਸੀਹ ਮਿਥਿਆ ਗਿਆ।” ਇੰਜੀਲ ਦੇ ਲੇਖਾਂ ਵਿਚ, ਲੂਕਾ ਅਤੇ ਯੂਹੰਨਾ ਨੇ ਜੀ ਉੱਠਣ ਦੇ ਵਿਸ਼ੇ ਵਿਚ ਸਭ ਤੋਂ ਵੱਧ ਕੇ ਕਿਹਾ ਸੀ। ਲੂਕਾ ਨੇ ਦੱਸਿਆ ਕਿ ਕਿਵੇਂ ਹਫਤੇ ਦੇ ਪਹਿਲੇ ਦਿਨ ਇਸਤਰੀਆਂ ਸਵੇਰੇ ਤੜਕੇ ਕਬਰ ਤੇ ਗਈਆਂ ਅਤੇ ਵੇਖਿਆ ਕਿ ਕਬਰ ਖਾਲੀ ਹੈ। ਉੱਥੇ ਦੋ ਸਵਰਗਦੂਤ ਸਨ, ਇੱਕ ਨੇ ਇਸਤਰੀਆਂ ਨੂੰ ਪੁੱਛਿਆ ਕਿ ਉਹ ਜੀਉਂਦੇ ਨੂੰ ਮੁਰਦਿਆਂ ਵਿਚ ਲੱਭ ਰਹੀਆਂ ਸਨ (ਲੂਕਾ 24:1-5)। ਇੰਜੀਲ ਦੇ ਪ੍ਰਚਾਰਕ ਨੇ ਉਨ੍ਹਾਂ ਦੋ ਵਿਅਕਤੀਆਂ ਦੇ ਬਾਰੇ ਦੱਸਿਆ ਜੋ ਉਸ ਦਿਨ ਇੰਮਾਊਸ ਦੇ ਰਾਹ ਵਿਚ ਜਾ ਰਹੇ ਸਨ। ਯਿਸੂ ਉਨ੍ਹਾਂ ਦੇ ਨਾਲ ਮਿਲ ਗਿਆ, ਅਤੇ ਉਨ੍ਹਾਂ ਦੇ ਨਾਲ ਗੱਲਾਂ ਕੀਤੀਆਂ, ਅਤੇ ਫਿਰ ਉਨ੍ਹਾਂ ਦੇ ਕੋਲੋਂ ਅਲੋਪ ਹੋ ਗਿਆ (ਲੂਕਾ 24:13-31)। ਯੂਹੰਨਾ ਨੇ ਉਸ ਘਟਨਾ ਦਾ ਵਰਣਨ ਕੀਤਾ ਜਦੋਂ ਪ੍ਰਭੂ ਨੇ ਆਪਣੇ ਕੁਝ ਚੇਲਿਆਂ ਨੂੰ ਗਲੀਲ ਦੀ ਝੀਲ ਦੇ ਕੰਢੇ ਤੇ ਦਰਸ਼ਣ ਦਿੱਤੇ ਸਨ (ਯੂਹੰਨਾ 21:1-14; NIV)।

ਭੂਤ ਕਾਲ ਦੀ ਕਿਸੇ ਵੀ ਘਟਨਾ ਦੇ ਵਿਸ਼ੇ ਵਿਚ ਜਾਣਨ ਦਾ ਇਕਮਾਤਰ ਤਰੀਕਾ ਉਹ

ਗਵਾਹ ਹਨ ਜੋ ਉਸ ਸਮੇਂ ਦੇ ਦੌਰਾਨ ਰਹਿੰਦੇ ਸਨ ਅਤੇ ਭਵਿੱਖ ਦੀਆਂ ਪੀੜ੍ਹੀਆਂ ਦੇ ਲਈ ਉਸ ਦਾ ਵਰਣਨ ਕਰਦੇ ਸਨ। ਰਿਪੋਰਟਾਂ ਦੀ ਵਿਸ਼ਵਾਸਯੋਗਤਾ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਗਵਾਹ ਕਿਸ ਕਿਸਮ ਦੇ ਲੋਕ ਸਨ, ਤੱਥਾਂ ਦੇ ਉੱਤੇ ਉਨ੍ਹਾਂ ਦੀ ਪਹੁੰਚ ਕਿਹੋ ਜਿਹੀ ਸੀ, ਅਫ਼ਵਾਹ ਦੀ ਤੁਲਨਾ ਵਿਚ ਅਸਲ ਵਿਚ ਉਨ੍ਹਾਂ ਨੇ ਕੀ ਵੇਖਿਆ ਸੀ, ਅਤੇ ਜੋ ਉਨ੍ਹਾਂ ਨੇ ਵੇਖਿਆ ਅਤੇ ਜੋ ਉਨ੍ਹਾਂ ਨੇ ਕਿਹਾ ਉਸ ਦੇ ਲਈ ਉਨ੍ਹਾਂ ਦਾ ਇਰਾਦਾ ਕੀ ਹੋ ਸਕਦਾ ਸੀ। ਕਿਸੇ ਵੀ ਮਾਪਦੰਡ ਤੋਂ, ਮੁਰਦਿਆਂ ਵਿਚੋਂ ਜੀ ਉੱਠਿਆ ਯਿਸੂ ਇਤਿਹਾਸ ਦੀਆਂ ਸਭ ਤੋਂ ਸੁਰੱਖਿਅਤ ਰੂਪ ਨਾਲ ਪ੍ਰਮਾਣਿਤ ਘਟਨਾਵਾਂ ਵਿਚੋਂ ਇੱਕ ਹੈ।

---

ਟਿੱਪਣੀਆਂ

[1]ਹੋਮਰ *ਦ ਓਡੀਸੀ* 11. ਤਕਰੀਬਨ ਸਾਰੀ ਪੁਸਤਕ 11 ਵਿਚ ਮੁਰਦਿਆਂ ਦੀ ਦੁਨੀਆਂ ਦੇ ਨਾਲ ਆਮਣਾ-ਸਾਹਮਣਾ ਹੋਣ ਦਾ ਵਰਣਨ ਕੀਤਾ ਗਿਆ ਹੈ। [2]ਬੇਨ ਵਿਦਰਿੰਗਟਨ III, *ਕਨਫਲਿਕਟ ਐਂਡ ਕਮਿਊਨਿਟੀ ਇਨ ਕੁਰਿੰਥ: ਏ ਸੋਸ਼ੀਓ-ਰੇਟੋਰੀਕਲ ਕਮੈਂਟਰੀ ਔਨ 1 ਐਂਡ 2 ਕੁਰਿੰਥੀਅਨਜ਼* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1995), 299. [3]ਗੇਰਹਾਰਡ ਵੋਨ ਰਾਡ ਨੇ ਦਲੀਲ ਦਿੱਤੀ ਕਿ ਬਿਵਸਥਾ ਸਾਰ 26:5-9 ਇਸਰਾਈਲ ਦਾ ਮੁੱਢਲਾ ਸਿਧਾਂਤ ਹੈ। ਉਸ ਨੇ ਇਸ ਨੂੰ ਇਸਰਾਈਲ ਦਾ "ਕਰੀਡੋ" (ਧਰਮ ਵਿਸ਼ਵਾਸ) ਕਿਹਾ (ਗੇਰਹਾਰਡ ਵੋਨ ਰਾਡ, *ਓਲਡ ਟੈਸਟਾਮੈਂਟ ਥਿਓਲੋਜੀ,* ਜਿਲਦ 1, *ਦ ਥਿਓਲੋਜੀ ਆਫ਼ ਇਜ਼ਰਾਈਲਜ਼ ਹਿਸਟੋਰੀਕਲ ਟ੍ਰਡੀਸ਼ਨਜ਼* ਅਨੁਵਾਦ ਐਮ. ਜੀ. ਸਟਾੱਕਰ [ਲੂਈਸਵਿਲੈ: ਵੇਸਟਮਿੰਸਟਰ ਜੌਨ ਨੋਕਸ ਪ੍ਰੈੱਸ, 2001], 121-22)। [4]ਅਜਿਹਾ ਦ੍ਰਿਸ਼ਟੀਕੋਣ ਵਿਲੀ ਮਾਰਕਸਨ ਵਿਚ ਵੇਖਿਆ ਜਾਂਦਾ ਹੈ, "ਅਧਿਐਨ ਦੋ: ਭੂਗੋਲਿਕ ਰੂਪਰੇਖਾ," *ਮਾਰਕ ਦ ਇਵੈਂਜਲਿਸਟ:ਸਟਡੀਜ਼ ਆਨ ਦ ਰੀਡੈਕਸ਼ਨ ਹਿਸਟਰੀ ਆਫ਼ ਦ ਗੌਸਪਲ,* ਅਨੁਵਾਦ. ਜੇਮਸ ਬੈਇਸ, ਡੌਨਲਡ ਜੁਅਲ, ਵਿਲੀਅਮ ਪਾੱਹਲਮੈਨ, ਅਤੇ ਰੋਏ ਏ. ਹੈਰਿਸਵਿਲੇ (ਨੈਸ਼ਵਿਲ: ਅਬਿੰਗਦੋਨ ਪ੍ਰੈੱਸ, 1969), 66-95. [5]ਜੋਹਾਨਿਸ ਸ਼ਹਾਈਡਰ, "ἔκτρωμα," *ਥਿਓਲੋਜੀਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ,* ਸੋਧ, ਗੇਰਹਾਰਡ ਕਿਟਲ, ਅਨੁਵਾਦ ਅਤੇ ਸੋਧ ਜੈਫ਼ਰੀ ਵਿਲੀਅਮ ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1964), 2:465. [6]ਐੱਫ਼.ਐੱਫ਼ ਬਰੂਸ, *ਪੌਲ: ਅਪੋਸਲ ਆਫ਼ ਦ ਹਾਰਟ ਸੈੱਟ ਫ੍ਰੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1977), 463. [7]"ਦ ਗੌਸਪਲ ਆਫ਼ ਫ਼ਿਲਿੱਪ (II, 3)", "ਅਨੁਵਾਦ ਵੈਸਲੀ ਡਬਲਿਯੂ. ਇਸਨਬਰਗ *ਦ ਨਾਗ ਹਮਾਡੀ ਲਾਇਬ੍ਰੇਰੀ ਵਿਚ,* ਜੇਮਸ ਰੋਬਿੰਨਸਨ, ਨਿਰਦੇਸ਼ਿਕਾ (ਨਿਊਯਾਰਕ: ਹਾਰਪਰ ਐਂਡ ਰੋ, 1977), 144. [8]ਗਨੋਸਟਿਜ਼ਮ (ਅਧਿਆਤਮ-ਗਿਆਨਵਾਦ) ਇੱਕ ਸ਼ੁਰੂਆਤੀ ਵਿਰੋਧੀ ਮਤ ਹੈ ਜਿਸ ਨੇ ਪਹਿਲੀ ਸਦੀ ਦੇ ਪਹਿਲੇ ਅੱਧ ਦੀਆਂ ਕੁਝ ਕਲੀਸੀਆਵਾਂ ਨੂੰ ਪਰੇਸ਼ਾਨ ਕੀਤਾ ਸੀ। ਕੁਝ ਅਧਿਆਤਮ-ਗਿਆਨਵਾਨਾਂ ਨੇ ਯਿਸੂ ਦੀ ਅਸਲੀ ਮਨੁੱਖਤਾ ਨੂੰ ਨਕਾਰ ਦਿੱਤਾ, ਜਦਕਿ ਹੋਰਨਾਂ ਨੇ ਉਸ ਦੀ ਈਸ਼ੁਰਤਾਈ ਦਾ ਇਨਕਾਰ ਕੀਤਾ। ਵਿਸ਼ਵਾਸਾਂ ਦੇ ਇਸ ਮਿਸ਼ਰਣ ਨੇ ਹਰ ਚੀਜ਼ ਨੂੰ ਤਪੱਸਿਆ (ਸਰੀਰ ਨੂੰ ਵਾਂਝਿਆ ਰੱਖਣਾ) ਤੋਂ ਸੁੱਖਵਾਦ (ਸਰੀਰ ਨੂੰ ਲਿਪਤ ਰੱਖਣਾ) ਤਕ ਪਹੁੰਚਾਇਆ। ਨੌਸਟਿਕ (ਗਿਆਨ ਸੰਬੰਧੀ) ਪੰਥਾਂ ਵਿਚ ਇੱਕੋ ਹੀ ਵਿਚਾਰ ਸੀ: ਮੂਲ ਰੂਪ ਦੇ ਨਾਲ ਸਾਰੇ ਛੁਪੇ ਹੋਏ ਗਿਆਨ (*ਨੌਸਿਸ*) ਦੇ ਦੁਆਰਾ ਮੁਕਤੀ ਦਾ ਵਾਇਦਾ ਕਰਦੇ ਹਨ ਉਹ ਦਾਅਵਾ ਕਰਦੇ ਹਨ ਕਿ ਉਹ ਸਿਰਫ ਉਨ੍ਹਾਂ ਤੇ ਹੀ ਪਰਗਟ ਹੋਇਆ ਸੀ। [9]ਜੇ. ਗਰੇਸ਼ਮ ਮੈਕਹਨ, *ਦ ਓਰਿਜਨ ਆਫ਼ ਪੌਲਜ਼ ਰਿਲੀਜ਼ਨ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1947), 275-76. [10]ਵਿਲੀਅਮ ਐੱਫ਼.ਓਰ ਅਤੇ ਜੇਮਸ ਆਰਥਰ ਵਾਲਥਰ, *1 ਕੁਰਿੰਥੀਅਨਜ਼,* ਦ ਐਂਕਰ ਬਾਈਬਲ (ਗਾਰਡਨ ਸਿਟੀ, ਨਿਊਯਾਰਕ: ਡਬਲਡੇਅ ਐਂਡ ਕੰਪਨੀ, 1976), 325.

[11]ਜੋਰਜ ਐਲਡਨ ਲਾਡ, *ਏ ਥਿਓਲੋਜੀ ਆਫ਼ ਦ ਨਿਊ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ,1974), 316. [12]ਬ੍ਰੇਵਾਰਡ ਐੱਸ. ਚਾਇਡਸ, *ਬਿਬਲੀਕਲ ਥਿਓਲੋਜੀ ਆਫ਼ ਓਲਡ ਐਂਡ ਨਿਊ ਟੈਸਟਾਮੈਂਟ: ਥਿਓਲੋਜੀਕਲ ਰਿਫੈਲਕਸ਼ਨ ਔਨ ਦ ਕ੍ਰਿਸ਼ਚੀਅਨ ਬਾਈਬਲ* (ਮਿਨੀਅਪੋਲਿਸ: ਫੌਰਟੈਸ ਪ੍ਰੈੱਸ, 1992), 580. [13]ਏਵਰਟ ਫਰਗਸਨ, *ਬੈਕਗਰਾਊਂਡਸ ਆਫ਼ ਅਰਲੀ ਕ੍ਰਿਸ਼ਚੀਐਨਟੀ* (ਗ੍ਰੈਂਡ

ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1987),195. [14]ਰੋਨਾਲਡ ਐੱਚ. ਨੈਸ਼, *ਕ੍ਰਿਸ਼ਚੀਐਨਟੀ ਐਂਡ ਦ ਹੇਲੇਨਿਸਟਿਕ ਵਰਲਡ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1984), 70. [15]ਐਲੇਗਜ਼ੈਂਡਰ ਬਾਲਮੈਨ ਬਰੂਸ, *ਅਪੋਲੋਜੇਟਿਕਸ,* ਇੰਟਰਨੈਸ਼ਨਲ ਥਿਓਲੋਜੀਕਲ ਲਾਇਬ੍ਰੇਰੀ (ਨਿਊਯਾਰਕ: ਚਾਰਲਸ ਸਕਰਿਬਨਰਜ਼ ਸੰਨਜ਼, 1892), 246. [16]ਉਸੇ ਸਥਾਨ ਤੇ। [17]ਲਾਡ, 326. [18]ਉਸੇ ਸਥਾਨ ਤੇ। [19]ਅਗਸਟੀਨ *ਸਿਟੀ ਆਫ਼ ਗਾੱਡ* 13.14. [20]ਉਸੇ ਸਥਾਨ ਤੇ।

[21]ਅਗਸਟੀਨ (ਈ. ਪੂ. 354-430) ਟੈਗੈਸਟ ਵਿਚ ਪੈਦਾ ਹੋਇਆ ਸੀ, ਪ੍ਰਾਚੀਨ ਕਾਰਥੇਜ ਦੇ ਕੋਲ (ਆਧੁਨਿਕ ਟੂਨਿਸ)। [22]ਡੇਵਿਡ ਈ. ਗਾਰਲੈਂਡ, *1 ਕੁਰਿੰਥੀਅਨਜ਼,* ਬੇਕਰ ਐਕਸੈਜਟਲ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਅਕੈਡਮਿਕ, 2003), 711. [23]ਹਰਮਨ ਰਿਡਰਬੋਸ, *ਪੌਲ: ਐੱਨ ਆਊਟਲਾਇਟ ਆਫ਼ ਹਿਜ਼ ਥਿਓਲੋਜੀ,* ਅਨੁਵਾਦ ਜੌਨ ਰਿਚਰਡ ਡੇਵਿਡ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ,1975), 25. [24]ਰਿਚਰਡ ਡੀਮਾਰਿਸ ਨੇ ਕੁਰਿੰਥੁਸ ਵਿਚ ਧਾਰਮਿਕ ਵਿਚਾਰਾਂ ਦੀ ਜਾਂਚ ਕੀਤੀ ਸੀ ਜੋ ਸ਼ਾਇਦ ਮਸੀਹੀਆਂ ਨੂੰ ਮਰੇ ਹੋਇਆਂ ਦੇ ਲਈ ਬਪਤਿਸਮਾ ਲੈਣ ਦੇ ਲਈ ਪ੍ਰੇਰਿਤ ਕਰ ਰਹੇ ਹੋਣ। (ਰਿਚਰਡ ਡੀ ਮਾਰਿਸ, "ਕੁਰਿੰਥੀਅਨਜ਼, ਰੀਲੀਜ਼ਨ ਐਂਡ ਬੈਪਟਿਸਜ਼ ਫੌਰ ਦ ਡੇੱਡ [1 ਕੁਰਿੰਥੀਆਂ 15:29]: ਪੁਰਾਰਤੱਵ ਅਤੇ ਮਾਨਵ ਵਿਗਿਆਨ ਤੋਂ ਅੰਤਰਦ੍ਰਿਸ਼ਟੀਆਂ," *ਜਰਨਲ ਆਫ਼ ਬਿਬਲੀਕਲ ਲਿਟਰੇਚਰ* 114 [ਸਰਦੀ 1995]: 661-82.) [25]ਗਾਰਲੈਂਡ, 719. [26]ਇਬਰਾਹੀਮ ਮਲਹਰਬੇ ਵਿਚ ਇਸ ਲਾਖਣਿਕ ਪਰਗਟਾਵੇ ਦੀ ਪ੍ਰਾਚੀਨ ਵਰਤੋਂ ਦੀਆਂ ਉਦਾਹਰਣਾਂ ਦਿੱਤੀਆਂ ਗਈਆਂ ਹਨ, "ਦ ਬੀਸਟਸ ਐਟ ਇਫਸੁਸ," *ਜਨਰਲ ਆਫ਼ ਬਿਬਲੀਕਲ ਲਿਟ੍ਰੇਚਰ* 87 (ਮਾਰਚ 1968): 71-80. [27]ਅਨੰਦਵਾਦੀ ਆਤਮ ਅਨੰਦ ਅਤੇ ਸੁਖਦਾਇਕ ਜੀਵਨ ਦੀ ਭਾਲ ਵਿਚ ਰਹਿੰਦਾ ਹੈ। [28]ਵਾਲਟਰ ਬਾਯਰ, *ਏ ਗ੍ਰੀਕ ਲੈਕਸੀਕਾੱਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸ਼ਚੀਅਨ ਲਿਟਰੇਚਰ,* ਤੀਸਰਾ ਸੰਸਕਰਣ, ਸੋਧ ਅਤੇ ਸੰਪਾ. ਫਰੈਡਰਿਕ ਵਿਲੀਅਮ ਦਨਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 1090. [29]ਉਸੇ ਸਥਾਨ ਤੇ। [30]ਗਾਰਲੈਂਡ, 678.

[31]ਵੇਨ ਗਰੁਡੇਮ, *ਸਿਸਟੇਮੈਟਿਕ ਥਿਓਲੋਜੀ: ਐਨ ਇੰਟਰੋਡਕਸ਼ਨ ਟੂ ਬਿਬਲੀਕਲ ਡਾਕਟ੍ਰਿਨ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1994), 613. [32]ਰਿਚਰਡ ਈ. ਓਸਟਰ, ਜੂਨੀਅਰ, *1 ਕੁਰਿੰਥੀਅਨਜ਼,* ਦ ਕਾੱਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਸੌਰੀ: ਕਾੱਲਜ ਪ੍ਰੈੱਸ ਪਬਲਿਸ਼ਿੰਗ ਕੰਪਨੀ, 1995), 398. [33]ਅਗਸਟਿਨ *ਸਿਟੀ ਆਫ਼ ਗਾੱਡ* 13.17. [34]ਗਾਰਲੈਂਡ, 735. [35]ਓਸਟਸ, 402. [36]ਰੀਡਰਬੋਸ, 76, ਨੰ. 110. [37]ਜੌਨ ਮੈਕਰੇ, *ਪੌਲ: ਹਿਜ਼ ਲਾਇਫ ਐਂਡ ਟੀਚਿੰਗ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਅਕੈਡਮਿਕ, 2003), 419. [38]ਆਰ. ਈ. ਵਿੰਸੈਂਟ, "ਯਿਸੂ ਜਲਦੀ ਆ ਰਿਹਾ ਹੈ," *ਸੌਂਗਸ ਆਫ਼ ਫੈਥ ਐਂਡ ਪ੍ਰੈਜ਼,* ਰਚਨਾ ਅਤੇ ਸੋਧ। ਅਲਟਨ ਐੱਚ. ਹਾਵਰਡ (ਵੇਸਟ ਮੁਨਰੋ, ਲੁਸਿਆਨਾ: ਹਾਵਰਡ ਪਬਲਿਸ਼ਿੰਗ ਕੰਪਨੀ, 1994)। [39]ਜੇਮਸ ਡੀ.ਜੀ.ਡਨ, *ਦ ਥਿਓਲੋਜੀ ਆਫ਼ ਪੌਲ ਦ ਅਪੋਸਲ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1998), 78. [40]ਯੋਆਕਿਮ ਯਿਰਮਿਯਾਹ, "ਫਲੈੱਸ਼ ਐਂਡ ਬਲੱਡ ਕੈਨੋਟ ਇਹੈਰਿਟ ਦ ਕਿੰਗਡਮ ਆਫ਼ ਗਾੱਡ," *ਨਿਊ ਟੈਸਟਾਮੈਂਟ ਸਟੱਡੀਜ਼ 2* (1955-56): 151-59.

[41]ਗਾਰਲੈਂਡ ਨੇ ਜ਼ੋਰ ਦੇ ਕੇ ਕਿਹਾ ਕਿ ਯਿਰਮਿਯਾਹ ਨੇ "ਪੌਲੁਸ ਦੇ ਵਿਚਾਰ ਦੀ ਲੜੀ ਦੀ ਗਲਤ ਵਿਆਖਿਆ ਕੀਤੀ [ਸੀ]।" ਉਸ ਨੇ ਕਿਹਾ ਕਿ ਪੌਲੁਸ ਬਸ ਇਸ ਬਾਰੇ ਵਿਚਾਰ ਨੂੰ "ਸਮਾਨਾਰਥੀ ਸਮਾਂਤਰਤਾ" ਦੀ ਵਰਤੋਂ ਦੇ ਨਾਲ "ਸਰੀਰਕ ਮਨੁੱਖੀ ਹੋਂਦ ਦੀ ਸਥਿਤੀ" ਨੂੰ ਦੁਹਰਾ ਰਿਹਾ ਸੀ (ਗਾਰਲੈਂਡ, 741)। [42]ਔਗਸਟਿਨ *ਸਿਟੀ ਆਫ਼ ਗਾੱਡ* 22.23. [43]ਜੌਨ ਚੌਕੋਰੌਵਸਕੀ ਅਤੇ ਸਰਗੇਈ ਸਕੋਗੀ, *ਪੁਰਾਰਤੱਵ* 50 (ਸਤੰਬਰ/ਅਕਤੂਬਰ 1997): 32-39.